ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 117 Tuesday, June 18, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਲਾਲ ਰੰਗ ਵਿੱਚ ਰੰਗਿਆ ਟੋਰਾਂਟੋ

## ਪ੍ਰਸ਼ੰਸਕਾਂ ਦੇ ਠਾਠਾਂ ਮਾਰਦੇ ਦਰਿਆ ਨੂੰ ਵੇਖਕੇ ਖਿਡਾਰੀ ਹੋਏ ਹੈਰਾਨ

ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਐਨਬੀਏ ਫਾਈਨਲਜ਼ ਦਾ ਐਮਵੀਪੀ ਕਾਵਹੀ ਲਿਓਨਾਰਡ ਭਾਵੇਂ ਸ਼ਾਂਤਚਿੱਤ, ਕੂਲ ਤੇ ਸੁਲਝਿਆ ਹੋਇਆ ਇਨਸਾਨ ਹੈ ਪਰ ਟੋਰਾਂਟੋ ਵਿੱਚ ਰੈਪਟਰਜ਼ ਦੇ ਫਰਸਟ ਲੀਗ ਚੈਂਪੀਅਨਸ਼ਿੱਪ ਦੇ ਮਨਾਏ ਜਾ ਰਹੇ ਜਸ਼ਨਾਂ ਨੂੰ ਵੇਖ ਕੇ ਇੱਕ ਵਾਰੀ ਤਾਂ ਉਹ ਵੀ ਖੁਸ਼ੀ ਵਿੱਚ ਖੀਵਾ ਹੋ ਉੱਠਿਆ।

ਸੋਮਵਾਰ ਨੂੰ ਰੈਪਟਰਜ਼ ਦੀ ਜਿੱਤ ਦੇ ਸਬੰਧ ਵਿੱਚ ਪ੍ਰਸ਼ੰਸਕਾਂ ਦੇ ਠਾਠਾਂ ਮਾਰਦੇ ਦਰਿਆ ਨੂੰ ਵੇਖ ਕੇ ਲਿਓਨਾਰਡ ਨੇ ਆਖਿਆ ਕਿ ਅਜਿਹਾ ਤਾਂ ਉਸ ਨੇ ਪਹਿਲਾਂ ਕਦੇ ਨਹੀਂ ਸੀ ਚਿਤਵਿਆ। ਨਾ ਹੀ ਉਸ ਨੇ ਆਪਣੇ ਅੱਖੀਂ ਪਹਿਲਾਂ ਕਦੇ ਅਜਿਹਾ ਨਜ਼ਾਰਾ ਹੀ ਵੇਖਿਆ ਸੀ। ਉਸ ਨੇ ਖੁਸ਼ ਹੁੰਦਿਆਂ ਆਖਿਆ ਕਿ ਹਰ ਕੋਈ ਸਾਡੀ ਖੁਸ਼ੀ ਵਿੱਚ ਸ਼ਾਮਲ ਹੋਣ ਲਈ ਅੱਜ ਬਾਹਰ ਨਿਕਲਿਆ ਹੋਇਆ ਹੈ। ਇਸ ਗੱਲ ਉੱਤੇ ਯਕੀਨ ਨਹੀਂ ਹੁੰਦਾ ਕਿ ਅੱਜ ਕੋਈ ਕੰਮ ਉੱਤੇ ਹੀ ਨਹੀਂ ਗਿਆ। ਇਹ ਨਜ਼ਾਰਾ ਕਮਾਲ ਦਾ ਹੈ।

ਖੁਸ਼ੀ ਵਿੱਚ ਸਰਾਬੋਰ ਆਪਣੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਲਿਓਨਾਰਡ ਨੇ ਆਖਿਆ ਕਿ ਤੁਹਾਡੇ ਸਮਰਥਨ ਤੇ ਹੌਸਲਾ ਅਫਜ਼ਾਈ ਲਈ ਟੋਰਾਂਟੋ ਤੇ ਕੈਨੇਡਾ ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਇਸੇ ਹੌਸਲੇ ਸਦਕਾ ਅਸੀਂ ਆਪਣੇ ਤੇ ਤੁਹਾਡੇ ਸਾਰਿਆਂ ਦੇ ਸੁਪਨੇ ਨੂੰ ਸੱਚ ਕਰ ਸਕੇ ਹਾਂ। ਟੀਮ ਦੇ ਇਸ ਸਵਾਗਤ ਤੋਂ ਸਿਰਫ ਲਿਓਨਾਰਡ ਹੀ ਪ੍ਰਭਾਵਿਤ ਨਹੀਂ ਸੀ। ਰੈਪਟਰਜ਼ ਲਈ ਕਲੱਚ ਸ਼ੂਟਰ ਰਹੇ ਗਾਰਡ ਫਰੈੱਡ ਵੈਨਵਲੀਟ ਨੇ ਆਖਿਆ ਕਿ ਪ੍ਰਸ਼ੰਸਕਾਂ ਦੇ ਇੱਕਠ ਨਾਲ ਇੱਕ ਵਾਰੀ ਤਾਂ ਧਰਤੀ ਵੀ ਹਿੱਲ ਰਹੀ ਹੈ। ...ਬਾਕੀ ਪੰਨਾ 6 'ਤੇ



## ਰੈਪਟਰਜ਼ ਦੀ ਚੈਂਪੀਅਨਸ਼ਿੱਪ ਜਿੱਤ ਦੇ ਜਸ਼ਨਾਂ ਦੌਰਾਨ ਚੱਲੀ ਗੋਲੀ, 4 ਜ਼ਖ਼ਮੀ



ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਰੈਪਟਰਜ਼ ਦੀ ਚੈਂਪੀਅਨਸ਼ਿੱਪ ਜਿੱਤ ਦੇ ਜਸ਼ਨਾਂ ਦੌਰਾਨ ਚੱਲੀ ਗੋਲੀ ਕਾਰਨ ਚਾਰ ਵਿਅਕਤੀ ਜ਼ਖ਼ਮੀ ਹੋ ਗਏ ਜਦਕਿ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਗੋਲੀ ਚੱਲਣ ਕਾਰਨ ਥੋੜ੍ਹੀ ਜਿਹੀ ਭਗਦੜ ਵੀ ਮਚ ਗਈ। ਟੋਰਾਂਟੋ ਈਟਨ ਸੈਂਟਰ ਤੇ ਨਥਾਨ ਫਿਲਿਪਸ ਸਕੁਏਅਰ ਦਰਮਿਆਨ ਕੁਈਨ ਸਟਰੀਟ ਤੇ ਬੇਅ ਸਟਰੀਟ ਨੇੜੇ 3:30 ਵਜੇ ਦੇ ਨੇੜੇ ਤੇੜੇ ਜਦੋਂ ਸਕੁਏਅਰ ਉੱਤੇ ਇਨ੍ਹਾਂ ਜਸ਼ਨਾਂ ਵਿੱਚ ਸ਼ਾਮਲ ਹੋਣ ਲਈ ਬਾਸਕਿਟਬਾਲ ਟੀਮ ਪਹੁੰਚੀ ਤਾਂ ਉਸ ਤੋਂ ਕੁੱਝ ਦੇਰ ਬਾਅਦ ਹੀ ਗੋਲੀ ਚੱਲਣ ਦੀ ਘਟਨਾ ਵਾਪਰ ਗਈ।

ਟੋਰਾਂਟੋ ਪੁਲਿਸ ਕਾਂਸਟੇਬਲ ਡੇਵਿਡ ਹੌਪਕਿੰਸ ਨੇ ਦੱਸਿਆ ਕਿ ਜਦੋਂ ਗੋਲੀ ਚੱਲੀ ਤਾਂ ਇਲਾਕੇ ਵਿੱਚ ਭਾਰੀ ਗਿਣਤੀ ਵਿੱਚ ਪੁਲਿਸ ਮੌਜੂਦ ਸੀ। ਅਸੀਂ ਤੁਰੰਤ ਹੀ ਜ਼ਖ਼ਮੀਆਂ ਕੋਲ ਪਹੁੰਚਣ ਤੇ ਉਨ੍ਹਾਂ ਤੱਕ ਮੈਡੀਕਲ ਸਹਾਇਤਾ ਪਹੁੰਚਾਉਣ ਵਿੱਚ ਕਾਮਯਾਬ ਹੋ ਗਏ। ਅਸੀਂ ਮਸ਼ਕੂਕਾਂ ਨੂੰ ਗ੍ਰਿਫਤਾਰ ਕਰਨ ਵਿੱਚ ਵੀ ਕਾਮਯਾਬ ਹੋ ਗਏ। ...ਬਾਕੀ ਪੰਨਾ 6 'ਤੇ

## ਲੋਕਾਂ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਲਈ ਕੈਨੇਡਾ ਨੇ ਭਾਰਤ ਵਿੱਚ ਲਾਂਚ ਕੀਤੀ ਵੀਜ਼ਾ ਇਨਫਰਮੇਸ਼ਨ ਕੈਂਪੇਨ

ਓਟਵਾ, 17 ਜੂਨ (ਪੋਸਟ ਬਿਊਰੋ) : ਟੈਂਪਰੇਰੀ ਰੈਜ਼ੀਡੈਂਟ ਵੀਜ਼ਾ ਲਈ ਅਰਜ਼ੀਆਂ ਦੇਣ ਵਾਲਿਆਂ ਦਾ ਸਮਾਂ ਤੇ ਪੈਸਾ ਬਚਾਉਣ ਲਈ ਕੈਨੇਡਾ ਨੇ ਭਾਰਤ ਵਿੱਚ ਇਨਫਰਮੇਸ਼ਨ ਕੈਂਪੇਨ ਸ਼ੁਰੂ ਕੀਤੀ ਹੈ। ਇਹ ਸਾਰਾ ਕੁੱਝ ਫਰਾਡ ਤੇ ਇਮੀਗ੍ਰੇਸ਼ਨ ਘਪਲਿਆਂ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕੈਨੇਡੀਅਨ ਵੀਜ਼ਾ ਅਪਲਾਈ ਕਰਨ ਸਮੇਂ ਬਿਹਤਰ ਚੈਨਲ ਦੀ ਵਰਤੋਂ ਕਰਨ ਲਈ ਉਨ੍ਹਾਂ ਨੂੰ ਸਾਰੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਭਾਰਤ ਤੋਂ 297,000 ਵਿਜ਼ੀਟਰ ਕੈਨੇਡਾ ਪਹੁੰਚੇ। ਇਨ੍ਹਾਂ ਅੰਕੜਿਆਂ ਵਿੱਚ ਲਗਾਤਾਰ ਵਾਧਾ ਜਾਰੀ ਰਹਿਣ ਕਾਰਨ ਇਹ ਮੁਸ਼ਕਲ ਹੈ ਕਿ ਬਿਨੇਕਰਤਾਵਾਂ ਨੂੰ ਅਪਲਾਈ ਕਰਦੇ ਸਮੇਂ ਸਹੀ ਤੱਥ ਪਤਾ ਲੱਗਦੇ ਹੋਣ। ਇਹ ਕੈਂਪੇਨ ਅਸਲ ਵਿੱਚ ਵੀਜ਼ਾ ਲਈ ਅਪਲਾਈ ਕਰਨ ਵਾਲੇ ਬਿਨੇਕਾਰਾਂ ਨੂੰ ਅਹਿਮ ਤੱਥਾਂ ਤੋਂ ਜਾਣੂ ਕਰਵਾਉਣ ਲਈ ਤਿਆਰ ਕੀਤੀ ਗਈ ਹੈ। ਕੈਨੇਡਾ ਚਾਹੁੰਦਾ ਹੈ ਕਿ ਸਾਰੇ ਬਿਨੇਕਰਤਾ ਹੇਠ ਲਿਖੀਆਂ ਗੱਲਾਂ ਤੋਂ ਜਾਣੂ ਹੋਣ : ...ਬਾਕੀ ਪੰਨਾ 4 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator 647.990.3205

MANN LAW FIRM
Real Estate Law • Business Law • Commercial Law • Family Law • Civil Litigation • Power of Attorney/ Wills and Estates • Affidavits • Immigration Law • Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

JEYA JT TRANSPORT LTD.

LOOKING FOR LONG/SHORT HAULS

A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

416-832-7131 / 905-564-8851

202-2386 Haines Rd., Mississauga, ON

www.jeyatransport.com
Email: ramesh@jeyatransport.com

TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

FREE CONSULTATION: 905-415-6999

30 Wertheim court, Unit 11, Richmond Hill

APEX CONCRETE & LANDSCAPE RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi

SASH FLEET HOLDING LTD Established since 2007

NOW HIRING!!!
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

Data everywhere.
No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019


## ਅੱਜ ਨਾਮਾ

ਜਿੱਤਿਆ ਹਿੰਦ ਤੇ ਹਾਰਿਆ ਪਾਕਿ ਮੁੜ ਕੇ,
ਮੁੜ ਕੇ ਪੈ ਗਈ ਚੁਤਰਫੀਂ ਹੈ ਖੱਪ ਮੀਆਂ।
ਆਪਣੀ ਟੀਮ ਨੂੰ ਝੰਬ ਰਹੀ ਪਾਕਿ ਜਨਤਾ,
ਪਾਉਂਦੀ ਲਾਹਨਤਾਂ ਖੁੰਬ ਰਹੀ ਠੱਪ ਮੀਆਂ।
ਭਾਰਤ ਵਿੱਚ ਪਏ ਲੋਕ ਨਸ਼ਿਆਏ ਬਾਹਲੇ,
ਨਗਾਰੇ ਖੜਕ ਰਹੇ, ਲੋਕ ਰਹੇ ਟੱਪ ਮੀਆਂ।
ਕਹਿੰਦੇ ਕਈ ਕਿ ਕੀਤੀ ਸਟਰਾਈਕ ਤਾਜ਼ੀ,
ਗਰਦਨ ਦੁਸ਼ਮਣਾਂ ਦੀ ਕਰ'ਤੀ ਕੱਪ ਮੀਆਂ।
ਮੂਰਖ ਮੱਤ ਦੀ ਕੋਈ ਨਹੀਂ ਹੱਦ ਰਹਿ ਗਈ,
ਸਮਝ ਲਿਆ ਮੈਚ ਸਰਹੱਦ ਦੀ ਜੰਗ ਮੀਆਂ।
ਖੇਡ ਮੈਦਾਨ ਵਿੱਚ ਫੁੜਕ ਪਈ ਸੰਗ ਮੀਆਂ,
ਨੱਚਣ ਟੱਪਣ ਵਿੱਚ ਵੱਜੇ ਕਈ ਡੰਗ ਮੀਆਂ।

ਤੀਸ ਮਾਰ ਖਾਂ

# ਇਮੀਗ੍ਰੇਸ਼ਨ ਦੇ ਪੱਧਰ ਨੂੰ ਸੀਮਤ ਕਰਨ ਦੇ ਹੱਕ ਵਿੱਚ ਹਨ ਬਹੁਤੇ ਕੈਨੇਡੀਅਨ !

ਓਟਵਾ, 17 ਜੂਨ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਅਨੁਸਾਰ ਬਹੁਗਿਣਤੀ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਫੈਡਰਲ ਸਰਕਾਰ ਨੂੰ ਇਮੀਗ੍ਰੈਂਟਸ ਨੂੰ ਸਵੀਕਾਰਨ ਦੀ ਗਿਣਤੀ ਸੀਮਤ ਕਰਨੀ ਚਾਹੀਦੀ ਹੈ। ਇਮੀਗ੍ਰੇਸ਼ਨ ਮੰਤਰੀ ਅਹਿਮਦ ਹੁਸੈਨ ਦਾ ਕਹਿਣਾ ਹੈ ਕਿ ਜਨਤਾ ਦੀ ਇਸ ਰਾਇ ਤੋਂ ਉਹ ਕਾਫੀ ਚਿੰਤਤ ਹਨ। ਲੈਗਰ ਪੋਲ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 63 ਫੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਮੀਗ੍ਰੇਸ਼ਨ ਦੇ ਪੱਧਰ ਨੂੰ ਸੀਮਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਦੇਸ਼ ਇਮੀਗ੍ਰੈਂਟਸ ਨੂੰ ਰਚਾਉਣ ਵਸਾਉਣ ਦੀ ਆਪਣੀ ਸਮਰੱਥਾ ਨੂੰ ਗੁਆ ਨਾ ਬੈਠੇ। ਸਿਰਫ 37 ਫੀ ਸਦੀ ਦਾ ਕਹਿਣਾ ਹੈ ਕਿ ਕੈਨੇਡਾ ਦੇ ਪਸਾਰ ਕਰ ਰਹੇ ਅਰਥਚਾਰੇ ਦੀ ਮੰਗ ਨੂੰ ਪੂਰਾ ਕਰਨ ਲਈ ਇਮੀਗ੍ਰੇਸ਼ਨ ਨੂੰ ਇਸੇ ਤਰ੍ਹਾਂ ਜਾਰੀ ਰੱਖਣਾ ਚਾਹੀਦਾ ਹੈ। ਹੁਸੈਨ ਦਾ ਕਹਿਣਾ ਹੈ ਕਿ ਉਹ ਇਸ ਸਰਵੇਖਣ ਨੂੰ ਲੈ ਕੇ ਇਸ ਲਈ ਚਿੰਤਤ ਹਨ ਕਿਉਂਕਿ ਉਨ੍ਹਾਂ ਨੇ ਦੇਸ਼ ਭਰ ਦੇ ਇੰਪਲਾਇਰਜ਼ ਤੋਂ ਸਿੱਧੇ ਤੌਰ ਉੱਤੇ ਇਹ ਸੁਣਿਆ ਹੈ ਕਿ ਉਨ੍ਹਾਂ ਨੂੰ ਕਾਮਿਆਂ ਦੀ ਸਖ਼ਤ ਲੋੜ ਹੈ। ਅਰਥਸ਼ਾਸਤਰੀ ਤੇ ਮਾਹਿਰ ਇਸ ਗੱਲ ਨੂੰ ਲੈ ਕੇ ਸਹਿਮਤ ਹਨ ਕਿ ਲੇਬਰ ਤੇ ਆਬਾਦੀ ਦੀ ਤੰਗੀ ਤੋਂ ਬਚਣ ਦਾ ਅਹਿਮ ਰਸਤਾ ਇਮੀਗ੍ਰੇਸ਼ਨ ਹੀ ਹੈ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ ਕੈਨੇਡੀਅਨਾਂ ਨੂੰ ਇਸ ਗੱਲ ਨੂੰ ਲੈ ਕੇ ਚਿੰਤਾ ਹੋਵੇ ਕਿ ਹਾਊਸਿੰਗ ਤੇ ਇਨਫਰਾਸਟ੍ਰਕਚਰ ਦੀ ਕਮੀ ਕਾਰਨ ਉਹ ਹੋਰ ਨਿਊਕਮਰਜ਼ ਨੂੰ ਸਾਂਭ ਨਹੀਂ ਸਕਣਗੇ। ਪਰ ਹੁਸੈਨ ਦਾ ਕਹਿਣਾ ਹੈ ਕਿ ਇਸ ਦਾ ਜਵਾਬ ਕੈਨੇਡਾ ਆਉਣ ਵਾਲੇ ਇਮੀਗ੍ਰੈਂਟਸ ਦੀ ਗਿਣਤੀ ਵਿੱਚ ਕਟੌਤੀ ਕਰਨਾ ਤਾਂ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਦਾ ਜਵਾਬ ਹੈ ਕਿ ਸਾਨੂੰ ਇਸ ਸਕਾਰ-



ਾਤਮਕ ਪ੍ਰੋਗਰਾਮ ਨੂੰ ਜਾਰੀ ਰੱਖਦਿਆਂ ਹੋਇਆਂ ਬੁਨਿਆਦੀ ਢਾਂਚੇ ਵਿੱਚ, ਹਾਊਸਿੰਗ ਵਿੱਚ, ਟਰਾਂਜ਼ਿਟ ਵਿੱਚ ਨਿਵੇਸ਼ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਨਿਵੇਸ਼ਾਂ ਤੋਂ ਸਾਰਿਆਂ ਦਾ ਫਾਇਦਾ ਹੋ ਸਕੇ। ਫਿਰ ਅਸੀਂ ਇਨ੍ਹਾਂ ਕਮਿਊਨਿਟੀ ਸੇਵਾਵਾਂ ਨੂੰ ਨਿਊਕਮਰਜ਼ ਨੂੰ ਆਪਣੇ ਨਾਲ ਜੋੜਨ ਲਈ ਵਰਤ ਸਕੀਏ ਤੇ ਫਿਰ ਉਸ ਰਾਹੀਂ ਵੀ ਕੈਨੇਡੀਅਨਾਂ ਨੂੰ ਫਾਇਦਾ ਹੋ ਸਕੇ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੰਜ਼ਰਵੇਟਿਵ ਵੋਟਰਜ਼ ਹੀ ਇਮੀਗ੍ਰੇਸ਼ਨ ਦੇ ਪੱਧਰ ਨੂੰ ਸੀਮਤ ਕਰਨ ਦੇ ਹੱਕ ਵਿੱਚ ਹਨ। 81 ਫੀ ਸਦੀ ਕੰਜ਼ਰਵੇਟਿਵ ਸਮਰਥਕਾਂ ਅਤੇ 57 ਫੀ ਸਦੀ ਗ੍ਰੀਨ ਸਮਰਥਕ ਇਮੀਗ੍ਰੈਂਟਸ ਨੂੰ ਸੀਮਤ ਕਰਨ ਦੇ ਹੱਕ ਵਿੱਚ ਭੁਗਤੇ ਜਦਕਿ 41 ਫੀ ਸਦੀ ਲਿਬਰਲ ਤੇ 44 ਫੀ ਸਦੀ ਐਨਡੀਪੀ ਸਮਰਥਕ ਇਮੀਗ੍ਰੈਂਟਸ ਨੂੰ ਕੈਨੇਡਾ ਆਉਣ ਦੇਣ ਦੇ ਹੱਕ ਵਿੱਚ ਭੁਗਤੇ। 59 ਫੀ ਸਦੀ ਲਿਬਰਲਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਸਰਕਾਰ ਨੂੰ ਇਮੀਗ੍ਰੈਂਟਸ ਦੀ ਗਿਣਤੀ ਵਿੱਚ ਵਾਧਾ ਕਰਨਾ ਚਾਹੀਦਾ ਹੈ, 56 ਫੀ ਸਦੀ ਐਨਡੀਪੀ ਸਮਰਥਕ ਵੀ ਇਹੋ ਚਾਹੁੰਦੇ ਹਨ ਤੇ 73 ਫੀ ਸਦੀ ਗ੍ਰੀਨ ਸਮਰਥਕ ਇਸ ਦੇ ਹੱਕ ਵਿੱਚ ਹਨ। ਸਿਰਫ 19 ਫੀ ਸਦੀ ਕੰਜ਼ਰਵੇਟਿਵਾਂ ਵੱਲੋਂ ਇਸ ਬਦਲ ਦੇ ਹੱਕ ਵਿੱਚ ਫਤਵਾ ਦਿੱਤਾ ਗਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਡਿਮੈਂਸ਼ੀਆ ਲਈ ਰਣਨੀਤੀ ਉੱਤੇ 50 ਮਿਲੀਅਨ ਡਾਲਰ ਖਰਚ ਕਰੇਗੀ ਫੈਡਰਲ ਸਰਕਾਰ : ਸਿਹਤ ਮੰਤਰੀ



ਓਟਵਾ, 17 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਡਿਮੈਂਸ਼ੀਆ ਦੇ ਸਬੰਧ ਵਿੱਚ ਨੈਸ਼ਨਲ ਰਣਨੀਤੀ ਜਾਰੀ ਕੀਤੀ ਜਾ ਰਹੀ ਹੈ ਤਾਂ ਕਿ ਇਸ ਨਾਲ ਸਬੰਧਤ ਤਕਲੀਫਾਂ ਦੀ ਰੋਕਥਾਮ ਕੀਤੀ ਜਾ ਸਕੇ, ਕੇਅਰਗਿਵਰਜ਼ ਦੀ ਮਦਦ ਕੀਤੀ ਜਾ ਸਕੇ ਤੇ ਇਸ ਦਾ ਹੱਲ ਲੱਭਿਆ ਜਾ ਸਕੇ।

ਫੈਡਰਲ ਅੰਕੜਿਆਂ ਮੁਤਾਬਕ 419,000 ਕੈਨੇਡੀਅਨ ਸੀਨੀਅਰਜ਼ ਡਿਮੈਂਸ਼ੀਆ ਦੀ ਇੱਕ ਜਾਂ ਕਿਸੇ ਹੋਰ ਕਿਸਮ ਦਾ ਸ਼ਿਕਾਰ ਹਨ ਤੇ ਉਨ੍ਹਾਂ ਨੂੰ ਹਫਤੇ ਵਿੱਚ 26 ਘੰਟੇ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਦੀ ਮਦਦ ਉੱਤੇ ਨਿਰਭਰ ਕਰਨਾ ਪੈਂਦਾ ਹੈ। ਡਿਮੈਂਸ਼ੀਆ ਦਾ ਸ਼ਿਕਾਰ ਤੇ ਬਹੁਤੀਆਂ ਕੇਅਰਗਿਵਰਜ਼ ਮਹਿਲਾਵਾਂ ਹੀ ਹਨ।

ਮਾਨਸਿਕ ਕਮਜ਼ੋਰੀ ਦੇ ਕਈ ਕਾਰਨ ਹੋ ਸਕਦੇ ਹਨ ਪਰ ਇਨ੍ਹਾਂ ਦੇ ਇਲਾਜ ਬਹੁਤ ਘੱਟ ਹਨ। ਜਿਹੜੇ ਇਲਾਜ ਹਨ ਵੀ ਉਹ ਬਹੁਤੀ ਮਦਦ ਨਾ ਕਰਕੇ ਡਿਮੈਂਸ਼ੀਆ ਨੂੰ ਅੱਗੇ ਹੋਰ ਵੱਧਣ ਤੋਂ ਘਟਾਉਂਦੇ ਹਨ। ਇਸ ਲਈ 50 ਮਿਲੀਅਨ ਡਾਲਰ ਦੀ ਇਸ ਰਣਨੀਤੀ ਵਿੱਚ ਬਹੁਤਾ ਧਿਆਨ ਰੋਕਥਾਮ ਉੱਤੇ ਹੀ ਦਿੱਤਾ ਜਾਵੇਗਾ। ਸਰਕਾਰ ਨੂੰ ਆਸ ਹੈ ਕਿ ਜੇ ਕੈਨੇਡੀਅਨ ਵਧੇਰੇ ਕਸਰਤ ਕਰਨ, ਬਿਹਤਰ ਖਾਣਾ ਖਾਣ ਤੇ ਸਿਗਰਟਨੋਸ਼ੀ ਨਾ ਕਰਨ ਤਾਂ ਉਹ ਸਟਰੋਕਜ਼ ਦੇ ਕਾਰਨ ਹੋਣ ਵਾਲੇ ਡਿਮੈਂਸ਼ੀਆ ਨੂੰ ਟਾਲ ਸਕਦੇ ਹਨ।

## ਨਵੀਂ ਚੁਣੀ ਲੋਕ ਸਭਾ ਦਾ ਪਹਿਲਾ ਸੈਸ਼ਨ ਸ਼ੁਰੂ

### * ਪਹਿਲੇ ਦਿਨ ਪ੍ਰਧਾਨ ਮੰਤਰੀ ਸਮੇਤ ਕਈ ਮੈਂਬਰਾਂ ਨੇ ਸਹੁੰ ਚੁੱਕੀ

ਨਵੀਂ ਦਿੱਲੀ, 17 ਜੂਨ, (ਪੋਸਟ ਬਿਊਰੋ)- ਪਿਛਲੇ ਮਹੀਨੇ ਚੁਣੀ ਗਈ ਨਵੀਂ ਲੋਕ ਸਭਾ ਦੇ ਪਹਿਲੇ ਇਜਲਾਸ ਵਿਚ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਖਿਆ ਮੰਤਰੀ ਰਾਜਨਾਥ ਸਿੰਘ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਨਵੇਂ ਚੁਣੇ ਗਏ ਕਈ ਪਾਰਲੀਮੈਂਟ ਮੈਂਬਰਾਂ ਨੇ ਇਸ ਸਦਨ ਦੀ ਮੈਂਬਰੀ ਦੀ ਸਹੁੰ ਚੁੱਕ ਲਈ।

ਅੱਜ ਸਦਨ ਦੀ ਕਾਰਵਾਈ ਸ਼ੁਰੂ ਹੋਣ ਉੱਤੇ ਮੈਂਬਰਾਂ ਨੇ ਰਿਵਾਇਤ ਦੇ ਮੁਤਾਬਕ ਲੋਕ ਸਭਾ ਦੀ ਪਹਿਲੀ ਬੈਠਕ ਦੇ ਵਕਤ ਦੋ ਮਿੰਟ ਦਾ ਮੌਨ ਰੱਖਿਆ। ਫਿਰ ਸਹੁੰ ਚੁੱਕਣ ਲਈ ਲੋਕ ਸਭਾ ਸਕੱਤਰ ਨੇ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਮ ਲਿਆ ਤਾਂ ਮੈਂਬਰਾਂ ਨੇ ਮੇਜ਼ਾਂ ਉੱਤੇ ਹੱਥ ਮਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ। ਭਾਜਪਾ ਦੇ ਮੈਂਬਰਾਂ ਨੇ 'ਮੋਦੀ ਮੋਦੀ' ਅਤੇ 'ਭਾਰਤ ਮਾਤਾ ਦੀ ਜੈ' ਦੇ ਨਾਹਰੇ ਲਾਏ ਅਤੇ ਇਸ ਦੇ ਬਾਅਦ 21 ਰਾਜਾਂ ਦੇ 200 ਤੋਂ ਵੱਧ ਮੈਂਬਰਾਂ ਨੇ ਵਾਰੀ ਦੇ ਮੁਤਾਬਕ ਸਹੁੰ ਚੁੱਕੀ। ਹਾਊਸ ਦੇ ਨੇਤਾ ਹੋਣ ਕਾਰਨ ਨਰਿੰਦਰ ਮੋਦੀ ਨੇ ਸਭ ਤੋਂ ਪਹਿਲਾਂ ਸਹੁੰ ਚੁੱਕੀ। ਉਨ੍ਹਾਂ ਨੇ ਹਿੰਦੀ ਵਿਚ ਆਪਣੀ ਸਹੁੰ ਪੜ੍ਹੀ। ਉਨ੍ਹਾਂ ਪਿੱਛੋਂ ਪ੍ਰਧਾਨਾਂ ਦੇ ਪੈਨਲ ਵਿਚ ਸ਼ਾਮਲ ਕਾਂਗਰਸ ਆਗੂ ਕੇ ਸੁਰੇਸ਼, ਬੀਜੂ ਜਨਤਾ ਦਲ ਦੇ ਬੀ. ਮਹਿਤਾਬ ਅਤੇ ਭਾਜਪਾ ਦੇ ਬ੍ਰਜਭੂਸ਼ਣ ਸ਼ਰਣ ਸਿੰਘ ਨੇ ਸਹੁੰ ਚੁੱਕੀ। ਬੀ. ਮਹਿਤਾਬ ਨੇ ਉੜੀਆ ਭਾਸ਼ਾ ਵਿਚ ਸਹੁੰ ਚੁੱਕੀ। ਇਨ੍ਹਾਂ ਪਿੱਛੋਂ ਰਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸ਼ਾਹ, ਸੜਕੀ ਆਵਾਜਾਈ ਬਾਰੇ ਮੰਤਰੀ ਨਿਤਿਨ ਗਡਕਰੀ ਅਤੇ ਖੁਰਾਕ ਮੰਤਰੀ ਡੀ ਵੀ ਸਦਾਨੰਦ ਗੌੜਾ, ਮਨੁੱਖੀ ਸ੍ਰੋਤ ਵਿਕਾਸ ਬਾਰੇ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ, ਸਿਹਤ ਮੰਤਰੀ ਹਰਸ਼ਵਰਧਨ ਅਤੇ ਸਮ੍ਰਿਤੀ ਇਰਾਨੀ ਸਮੇਤ ਕਈ ਮੈਂਬਰਾਂ ਨੇ ਸਹੁੰ ਚੁੱਕੀ।

ਇਸ ਮੌਕੇ ਪ੍ਰਧਾਨ ਮੰਤਰੀ ਤੇ ਹੋਰ ਮੰਤਰੀਆਂ ਨੇ ਹਿੰਦੀ ਵਿਚ, ਹਰਸ਼ਵਰਧਨ, ਸ੍ਰੀਪਦ ਨਾਇਕ, ਅਸ਼ਵਨੀ ਕੁਮਾਰੀ ਚੌਬੇ ਅਤੇ ਪ੍ਰਤਾਪ ਸਾਰੰਗੀ ਨੇ ਸੰਸਕ੍ਰਿਤ ਭਾਸ਼ਾ ਵਿਚ ਸਹੁੰ ਚੁੱਕੀ। ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਨੇ ਪੰਜਾਬੀ ਵਿਚ ਅਤੇ ਕੇਂਦਰੀ ਮੰਤਰੀ ਅਰਵਿੰਦ ਸਾਵੰਤ ਅਤੇ ਰਾਉ ਸਾਹਿਬ ਦਾਨਵੇ ਪਾਟਿਲ ਨੇ ਮਰਾਠੀ ਵਿਚ ਸਹੁੰ ਚੁੱਕੀ। ਜਤਿੰਦਰ ਸਿੰਘ ਨੇ ਡੋਗਰੀ ਭਾਸ਼ਾ, ਬਾਬੁਲ ਸੁਪ੍ਰਿਉ ਨੇ ਅੰਗਰੇਜ਼ੀ, ਰਾਮੇਸ਼ਵਰ ਤੇਲੀ ਨੇ ਆਸਾਮੀ ਅਤੇ ਦੇਬਾਸ੍ਰੀ ਚੌਧਰੀ ਨੇ ਬੰਗਲਾ ਭਾਸ਼ਾ ਵਿਚ ਸਹੁੰ ਚੁੱਕੀ ਅਤੇ ਸਾਧਵੀ ਪ੍ਰਗਿਆ ਨੇ ਸੰਸਕ੍ਰਿਤ ਵਿੱਚ ਸਹੁੰ ਪੜ੍ਹੀ।

ਕਾਂਗਰਸ ਦੀ ਅਗਵਾਈ ਵਾਲੇ ਯੂਪੀਏ ਗੱਠਜੋੜ ਦੀ ਪ੍ਰਧਾਨ ਸੋਨੀਆ ਗਾਂਧੀ, ਤ੍ਰਿਣਮੂਲ ਕਾਂਗਰਸ ਵੱਲੋਂ ਸੁਦੀਪ ਬੰਦੋਪਾਧਿਆਏ, ਸਮਾਜਵਾਦੀ ਪਾਰਟੀ ਦੇਮੁਖੀ ਮੁਲਾਇਮ ਸਿੰਘ ਯਾਦਵ ਤੇ ਅਖਿਲੇਸ਼ ਯਾਦਵ ਵੀ ਇਸ ਮੌਕੇ ਮੌਜੂਦ ਸਨ। ਰਾਹੁਲ ਗਾਂਧੀ ਓਦੋਂ ਸਦਨ ਵਿਚ ਨਹੀਂ ਸਨ, ਪਰ ਬਾਅਦ ਵਿੱਚ ਆਣ ਕੇ ਸਹੁੰ ਚੁੱਕ ਲਈ।ਅੱਜ ਹੀ ਸਦਨ ਦੀ ਬੈਠਕ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਵੀਰੇਂਦਰ ਕੁਮਾਰ ਨੂੰ ਰਾਸ਼ਟਰਪਤੀ ਭਵਨ ਵਿਚ ਲੋਕ ਸਭਾ ਦੇ ਪ੍ਰੋਟੈਮ ਸਪੀਕਰ ਦੀ ਸਹੁੰ ਚੁਕਾਈ ਸੀ, ਜਿਸ ਦੇ ਬਾਅਦ ਇਹ ਕਾਰਵਾਈ ਕੀਤੀ ਗਈ।

ਕੇਰਲਾ ਦੇ ਵਾਇਨਾਡ ਤੋਂ ਚੁਣੇ ਗਏ ਕਾਂ-ਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਲੋਕ ਸਭਾ ਦੀ ਮੈਂਬਰੀ ਦੀ ਸਹੁੰ ਅੰਗਰੇਜ਼ੀ ਵਿਚ ਚੁੱਕੀ। ਉਹ ਦੁਪਹਿਰੇ ਦੇ ਖਾਣੇ ਦੀ ਛੁੱਟੀ ਪਿੱਛੋਂ ਸਦਨ ਵਿਚ ਆਏ ਤਾਂ ਉਨ੍ਹਾਂ ਦੀ ਪਾਰਟੀ ਅਤੇ ਭਾਈਵਾਲਾਂ ਨੇ ਮੇਜ਼ਾਂ ਉੱਤੇ ਹੱਥ ਮਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ। ਸਦਨ ਵਿਚ ਮੈਂਬਰਾਂ ਨੂੰ ਰਾਜ-ਵਾਰ ਸਹੁੰ ਚੁਕਾਈ ਗਈ। ਰਾਹੁਲ ਗਾਂਧੀ ਨੂੰ ਕੇਰਲਾ ਤੋਂ ਚੁਣੇ ਗਏ ਮੈਂਬਰਾਂ ਨਾਲ ਸਹੁੰ ਚੁਕਾਉਣ ਲਈ ਜਦ ਉਨ੍ਹਾ ਦਾ ਨਾਮ ਬੋਲਿਆ ਗਿਆ ਤਾਂ ਸੋਨੀਆ ਗਾਂਧੀ ਸਮੇਤ ਕਾਂਗਰਸ ਆਗੂਆਂ ਨੇ ਮੇਜ਼ਾਂ ਥਪਥਪਾ ਕੇ ਉਸ ਦਾ ਸਵਾਗਤ ਕੀਤਾ।

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਲੋਕਾਂ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਲਈ ਕੈਨੇਡਾ ਨੇ ਭਾਰਤ ਵਿੱਚ ਲਾਂਚ ਕੀਤੀ ਵੀਜ਼ਾ ਇਨਫਰਮੇਸ਼ਨ ਕੈਂਪੇਨ

...ਪੰਨਾ 1 ਦਾ ਬਾਕੀ

ਆਨਲਾਈਨ ਅਪਲਾਈ ਕਰਨ ਨਾਲ ਸਮੇਂ ਤੇ ਪੈਸੇ ਦੀ ਬਚਤ ਹੋਵੇਗੀ:

- ਉਨ੍ਹਾਂ ਨੂੰ ਅਪਲਾਈ ਕਰਦੇ ਸਮੇਂ ਇਮੀਗ੍ਰੇਸ਼ਨ ਕੰਸਲਟੈਂਟ ਨੂੰ ਵਾਧੂ ਪੈਸੇ ਨਹੀਂ ਦੇਣੇ ਹੋਣਗੇ।
- ਉਹ ਆਪਣੇ ਘਰ ਤੋਂ ਬੈਠ ਕੇ ਹੀ ਆਨਲਾਈਨ ਅਪਲਾਈ ਕਰ ਸਕਦੇ ਹਨ ਤੇ ਵੀਜ਼ਾ ਐਪਲੀਕੇਸ਼ਨ ਸੈਂਟਰ ਦੇ ਵਾਧੂ ਦੇ ਟਰਿੱਪ ਤੋਂ ਬਚ ਵੀ ਸਕਦੇ ਹਨ।
- ਉਹ ਆਪਣੇ ਆਪ ਅਪਲਾਈ ਕਰ ਸਕਦੇ ਹਨ, ਜਾਂ ਜੇ ਉਨ੍ਹਾਂ ਨੂੰ ਲੋੜ ਪੈਂਦੀ ਹੈ ਤਾਂ ਉਹ ਆਪਣੇ ਕਿਸੇ ਭਰੋਸੇਮੰਦ ਦੋਸਤ ਜਾਂ ਪਰਿਵਾਰਕ ਮੈਂਬਰ ਕੋਲੋਂ ਅਪਲਾਈ ਕਰਵਾ ਸਕਦੇ ਹਨ।
- ਵਿਜ਼ੀਟਰ ਵੀਜ਼ਾ ਐਪਲੀਕੇਸ਼ਨ ਕੌਸਟ 100 ਕੈਨੇਡੀਅਨ ਡਾਲਰ ਹੈ, ਜੋ ਕਿ ਕਿਸੇ ਕੰਸਲਟੈਂਟ ਰਾਹੀਂ ਅਪਲਾਈ ਕਰਨ ਨਾਲੋਂ ਕਿਤੇ ਸਸਤੀ ਹੈ।
- ਪੇਪਰ ਦੇ ਰੂਪ ਵਿੱਚ ਜਾਂ ਕਿਸੇ ਕੰਸਲਟੈਂਟ ਰਾਹੀਂ ਅਪਲਾਈ ਕਰਨ ਦਾ ਕੋਈ ਖਾਸ ਫਾਇਦਾ ਨਹੀਂ ਹੁੰਦਾ। ਆਨਲਾਈਨ ਤੇ ਪੇਪਰ ਵੀਜ਼ਾ ਅਰਜ਼ੀਆਂ ਉੱਤੇ ਇੱਕੋ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਫੈਸਲਾ ਲੈਣਾ ਹੁੰਦਾ ਹੈ।

ਕਿਸੇ ਅਣਅਧਿਕਾਰਤ ਇਮੀਗ੍ਰੇਸ਼ਨ ਸਲਾਹਕਾਰ ਦੀ ਵਰਤੋਂ ਨਾ ਕਰੋ :

- ਬਹੁਤ ਸਾਰੇ ਵਿਅਕਤੀ ਜੋ ਕਿ ਇਮੀਗ੍ਰੇਸ਼ਨ ਕੰਸਲਟੈਂਟ ਹੋਣ ਦਾ ਦਾਅਵਾ ਕਰਦੇ ਹਨ ਅਸਲ ਵਿੱਚ ਇਮੀਗ੍ਰੇਸ਼ਨ ਸਲਾਹ ਦੇਣ ਲਈ ਪੈਸੇ ਚਾਰਜ ਕਰਨ ਵਾਸਤੇ ਅਧਿਕਾਰਤ ਨਹੀਂ ਹੁੰਦੇ, ਅਤੇ ਉਹ ਲੋਕਾਂ ਤੋਂ ਵਾਧੂ ਦੀ ਫੀਸ ਲੈ ਕੇ ਉਨ੍ਹਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ।
- ਜੇ ਕਿਸੇ ਬਿਨੇਕਰਤਾ ਨੂੰ ਵੀਜ਼ਾ ਲਈ ਅਪਲਾਈ ਕਰਨ ਲਈ ਕਿਸੇ ਕੰਸਲਟੈਂਟ ਦੀ ਲੋੜ ਪੈਂਦੀ ਵੀ ਹੈ ਤਾਂ ਉਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸ ਕੰਸਲਟੈਂਟ ਨੂੰ ਕੈਨੇਡਾ ਵਿੱਚ ਮਾਨਤਾ ਪ੍ਰਾਪਤ ਹੋਵੇ, ਇਸ ਲਈ ਉਹ ਚੈੱਕ ਕਰ ਸਕਦੇ ਹਨ ਕਿ ਸਬੰਧਤ ਕੰਸਲਟੈਂਟ ਇਮੀਗ੍ਰੇਸ਼ਨ ਕੰਸਲਟੈਂਟਸ ਆਫ ਕੈਨੇਡਾ ਰੈਗੂਲੇਟਰੀ ਕਾਉਂਸਲ ਨਾਲ ਰਜਿਸਟਰਡ ਹੈ।
- ਕੋਈ ਵੀ ਕੰਸਲਟੈਂਟ ਕੈਨੇਡਾ ਦੇ ਵੀਜ਼ਾ ਲਈ ਗਾਰੰਟੀ ਨਹੀਂ ਦੇ ਸਕਦਾ। ਜਿਹੜੇ ਇਹ ਦਾਅਵਾ ਕਰਦੇ ਹਨ ਕਿ ਉਹ ਅਜਿਹਾ ਕਰ ਸਕਦੇ ਹਨ ਤਾਂ ਉਹ ਸੱਚ ਨਹੀਂ ਬੋਲ ਰਹੇ ਤੇ ਉਨ੍ਹਾਂ ਦੀ ਅੱਖ ਸਿਰਫ ਲੋਕਾਂ ਦੇ ਪੈਸੇ ਉੱਤੇ ਹੀ ਹੈ।
- ਚਾਲਬਾਜ਼ ਤੇ ਧੋਖੇਬਾਜ਼ ਕੰਸਲਟੈਂਟਸ ਤੋਂ ਬਚ ਕੇ ਰਹੋ ਤੇ ਕਿਸੇ ਤਰ੍ਹਾਂ ਦੇ ਇਮੀਗ੍ਰੇਸ਼ਨ ਘਪਲੇ ਵਿੱਚ ਨਾ ਫਸੋ।

ਮੁੜ ਅਪਲਾਈ ਕਰਨ ਤੋਂ ਪਹਿਲਾਂ ਦੂਹਰੀ ਵਾਰੀ ਸੋਚੋ:

- ਜੇ ਕਿਸੇ ਦੀ ਵੀਜ਼ਾ ਅਰਜ਼ੀ ਇੱਕ ਵਾਰੀ ਖਾਰਜ ਹੋ ਚੁੱਕੀ ਹੈ ਤਾਂ ਉਨ੍ਹਾਂ ਨੂੰ ਮੁੜ ਅਪਲਾਈ ਕਰਨ ਤੋਂ ਪਹਿਲਾਂ ਦੂਹਰੀ ਵਾਰੀ ਸੋਚਣਾ ਚਾਹੀਦਾ ਹੈ।
- ਉਨ੍ਹਾਂ ਨੂੰ ਉਸ ਸੂਰਤ ਵਿੱਚ ਹੀ ਮੁੜ ਅਪਲਾਈ ਕਰਨਾ ਚਾਹੀਦਾ ਹੈ ਜੇ ਉਹ ਇਨ੍ਹਾਂ ਕਾਰਨਾਂ ਦਾ ਜਵਾਬ ਦੇ ਸਕਣ ਕਿ ਉਨ੍ਹਾਂ ਦੀ ਅਸਲ ਅਰਜ਼ੀ ਖਾਰਜ ਕਿਉਂ ਹੋਈ ਤੇ ਇਹ ਦੱਸ ਸਕਣ ਕਿ ਉਨ੍ਹਾਂ ਦੇ ਪਹਿਲਾਂ ਵਾਲੇ ਹਾਲਾਤ ਕਿਵੇਂ ਬਦਲ ਚੁੱਕੇ ਹਨ।
- ਇੱਕੋ ਜਾਣਕਾਰੀ ਦੇ ਸਿਰ ਉੱਤੇ ਮੁੜ ਮੁੜ ਅਪਲਾਈ ਕਰਨ ਨਾਲ, ਕੰਸਲਟੈਂਟ ਦੀ ਸਲਾਹ ਨਾਲ ਜਾਂ ਕੰਸਲਟੈਂਟ ਦੀ ਸਲਾਹ ਤੋਂ ਬਿਨਾਂ, ਪਹਿਲਾਂ ਵਾਲੇ ਫੈਸਲੇ ਵਿੱਚ ਕੋਈ ਤਬਦੀਲੀ ਨਹੀਂ ਆ ਸਕਦੀ। ਸਗੋਂ ਇਸ ਵਿੱਚ ਕਾਫੀ ਪੈਸਾ ਵੀ ਲੱਗੇਗਾ ਤੇ ਤੁਹਾਡੀਆਂ ਅਰਜ਼ੀਆਂ ਵਾਰੀ ਵਾਰੀ ਖਾਰਜ ਹੁੰਦੀਆਂ ਰਹਿਣਗੀਆਂ।

ਇਸ ਕੈਂਪੇਨ ਵਿੱਚ ਅਖਬਾਰਾਂ, ਰੇਡੀਓ, ਫੇਸਬੁੱਕ ਤੇ ਗੂਗਲ ਦੀ ਮਦਦ ਵੀ ਲਈ ਜਾ ਰਹੀ ਹੈ। ਇਸ ਸਬੰਧੀ ਇਸ਼ਤਿਹਾਰ ਅੰਗਰੇਜ਼ੀ, ਫਰੈਂਚ, ਪੰਜਾਬੀ ਤੇ ਹਿੰਦੀ ਵਿੱਚ ਉਪਲਬਧ ਹਨ ਤੇ ਇਹ ਜੂਨ 2019 ਵਿੱਚ ਚਲਾਏ ਜਾਣਗੇ। ਵਧੇਰੇ ਜਾਣਕਾਰੀ ਲਈ canada.ca/india-visa ਸਾਈਟ ਉੱਤੇ ਜਾ ਕੇ ਭਾਰਤ ਵਿੱਚ ਮੌਜੂਦ ਆਪਣੇ ਪਰਿਵਾਰਕ ਮੈਂਬਰ ਜਾਂ ਦੋਸਤ ਦੀ ਮਦਦ ਅਧਿਕਾਰਤ ਇਮੀਗ੍ਰੇਸ਼ਨ ਕੰਸਲਟੈਂਟ ਲੱਭਣ ਵਿੱਚ ਤੇ ਖੁਦ ਨੂੰ ਕਿਸੇ ਤਰ੍ਹਾਂ ਦੇ ਫਰਾਡ ਵਿੱਚ ਪੈਣ ਤੋਂ ਬਚਾਅ ਸਕਦੇ ਹੋਂ।

# ਦਿੱਲੀ ਦੇ ਸਿੱਖਾਂ ਨੇ ਮੀਂਹ ਦੇ ਬਾਵਜੂਦ ਮੁਖਰਜੀ ਨਗਰ ਥਾਣਾ ਰਾਤ ਦੇ ਵਕਤ ਜਾ ਘੇਰਿਆ

## * ਸਿੱਖ ਪਿਤਾ-ਪੁੱਤਰ ਦੀ ਕੁੱਟਮਾਰ ਵਿਰੁੱਧ ਹਜ਼ਾਰਾਂ ਸਿੱਖਾਂ ਦਾ ਪ੍ਰਦਰਸ਼ਨ ਜਾਰੀ



ਨਵੀਂ ਦਿੱਲੀ, 17 ਜੂਨ, (ਪੋਸਟ ਬਿਊਰੋ)- ਦਿੱਲੀ ਦੇ ਮੁਖਰਜੀ ਨਗਰ ਥਾਣੇ ਅੱਗੇ ਐਤਵਾਰ ਰਾਤ ਨੂੰ ਇੱਕ ਬੁਜ਼ੁਰਗ ਸਿੱਖ ਆਟੋ ਚਾਲਕ ਅਤੇ ਉਸ ਦੇ ਨਾਬਾਲਗ ਪੁੱਤਰ ਦੀ ਕੁੱਟਮਾਰ ਦਾ ਮਾਮਲਾ ਭਖ ਗਿਆ ਤੇਅੱਜ ਸੋਮਵਾਰ ਨੂੰ ਦੇਰ ਰਾਤ ਦਿੱਲੀ ਦੇ ਮੁਖਰਜੀ ਨਗਰ ਥਾਣੇ ਅਤੇ ਜੀ ਟੀ ਬੀ ਨਗਰ ਮੈਟਰੋ ਸਟੇਸ਼ਨ ਦੇ ਬਾਹਰ ਧਰਨਾ ਪ੍ਰਦਰਸ਼ਨ ਅਤੇ ਨਾਅਰੇਬਾਜੀ ਕਰਦੇ ਹੋਏ ਸਿੱਖ ਭਾਈਚਾਰੇ ਦੇ ਲੋਕਾਂ ਨੇ ਸੜਕ ਜਾਮ ਕਰ ਦਿੱਤੀ। ਉਹ ਦਿੱਲੀ ਪੁਲਸ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰ ਰਹੇ ਹਨ ਤੇ ਇਸੇ ਦੌਰਾਨ ਕੁਝ ਮੀਡੀਆ ਰਿਪੋਰਟਾਂ ਮੁਤਾਬਕ ਪ੍ਰਦਰਸ਼ਨਕਾਰੀਆਂ ਨੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਦੇ ਨਾਲ ਓਥੇ ਧੱਕਾਮੁੱਕੀ ਵੀ ਕੀਤੀ ਹੈ, ਪਰ ਇਸ ਦੀ ਪੂਰੀ ਤਰ੍ਹਾਂ ਪੁਸ਼ਟੀ ਨਹੀਂਹੋ ਸਕੀ।

ਅੱਜ ਸ਼ਾਮ ਹੋਏ ਪ੍ਰਦਰਸ਼ਨ ਦੌਰਾਨ ਸਿੱਖ ਭਾਈਚਾਰੇ ਦੇ ਲੋਕਾਂ ਨੇ ਮੁਖਰਜੀ ਨਗਰ ਪੁਲਸ ਸਟੇਸ਼ਨ ਪੂਰੀ ਤਰ੍ਹਾਂਘੇਰ ਲਿਆ, ਜਿਸ ਕਾਰਨ ਇਸ ਪੂਰੇ ਇਲਾਕੇ ਵਿਚ ਤਨਾਅ ਦਾ ਮਾਹੌਲ ਬਣ ਗਿਆ ਹੈ। ਪੁਲਸ ਸਿਰਫ ਥਾਣੇ ਦੇ ਅੰਦਰ ਹੈ ਅਤੇ ਇਲਾਕੇ ਦੀ ਸੁਰਖਿਆ ਵਾਸਤੇ ਵੱਡੀ ਗਿਣਤੀ ਵਿਚ ਪੁਲਸ ਫੋਰਸ ਅਤੇ ਸੀ ਆਰ ਪੀ ਐੱਫ ਜਵਾਨਾਂ ਨੂੰ ਲਾ ਦਿੱਤਾ ਗਿਆ ਹੈ। ਬਾਕੀ ਦੇ ਦਿੱਲੀ ਸ਼ਹਿਰ ਵਿੱਚ ਵੀ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਲਾਈ ਗਈ ਹੈ। ਇਸ ਦੇ ਬਾਅਦ ਭਾਰੀ ਮੀਂਹ ਦੇ ਬਾਵਜੂਦ ਮੁਖਰਜੀ ਨਗਰ ਥਾਣੇ ਅੱਗੇ ਪ੍ਰਦਰਸ਼ਨ ਜਾਰੀ ਰਿਹਾ ਹੈ।

ਐਤਵਾਰ ਸ਼ਾਮ ਨੂੰ ਮੁਖਰਜੀ ਨਗਰ ਥਾਣੇ ਅੱਗੇ ਇੱਕ ਸਿੱਖ ਆਟੋ ਡਰਾਈਵਰ ਤੇ ਪੁਲਸ ਵਿਚਾਲੇ ਹੋਈ ਕੁੱਟ-ਮਾਰ ਦੀ ਵੀਡੀਓ ਵਾਇਰਲ ਹੋਣ ਕਾਰਨ ਲੋਕ ਭੜਕੇ ਹੋਏ ਹਨ। ਸੋਸ਼ਲ ਮੀਡੀਆ ਉੱਤੇਮੁੱਦਾ ਭੜਕਣ ਨਾਲ ਆਮ ਸਿੱਖਾਂ ਵਿਚ ਇਕੱਠ ਦੀ ਭਾਵਨਾ ਵੀ ਵਧੀ ਹੈ, ਜਿਸ ਦੇਅਸਰ ਹੇਠ ਓਸੇ ਰਾਤ ਨੂੰ ਪੁਲਸ ਨੇ ਪਹਿਲਾਂ 3 ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕੀਤਾ ਅਤੇ ਫਿਰ ਕਮਿਸ਼ਨਰ ਅਮੁਲਿਆ ਪਟਨਾਇਕ ਨੇ ਇਸ ਕੇਸ ਦੀ ਜਾਂਚ ਕਰਾਈਮ ਬ੍ਰਾਂਚ ਨੂੰ ਸੌਂਪ ਕੇ ਦੋਸ਼ੀ ਪੁਲਸ ਵਾਲਿਆਂ ਵਿਰੁੱਧ ਕੇਸ ਦਰਜ ਕਰਨ ਦਾ ਐਲਾਨ ਕੀਤਾ ਹੈ।

ਅੱਜ ਸਾਰਾ ਦਿਨ ਇਸ ਘਟਨਾ ਦੀ ਵੀਡੀਓ ਚੱਲਦੀ ਦੇਖਣ ਪਿੱਛੋਂ ਸਿੱਖਾਂ ਦਾ ਗੁੱਸਾ ਏਨਾ ਵਧ ਗਿਆ ਕਿ ਰਾਤ ਪੈਣ ਤੱਕ ਮੁਖਰਜੀ ਨਗਰ ਥਾਣੇ ਦੇ ਬਾਹਰ ਸਿੱਖ ਆਗੂ ਅਤੇ ਬਹੁਤ ਸਾਰੀ ਸੰਗਤ ਇਕੱਠੀ ਹੋ ਗਈ। ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ, ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਤਿਲਕ ਨਗਰ ਤੋ ਆਮ ਆਦਮੀ ਪਾਰਟੀ ਦੇ ਵਿਧਾਇਕ ਜਰਨੈਲ ਸਿੰਘ ਆਦਿ ਸਾਰੇ ਜਣੇ ਪੁਲਸ ਵਿਰੁੱਧ ਆ ਕੇ ਡਟ ਗਏ। ਇਨ੍ਹਾਂ ਆਗੂਆਂ ਨੇ ਏਥੋਂ ਫੇਸਬੁੱਕ ਰਾਹੀਂ ਲਾਈਵ ਹੋ ਕੇ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਦੋਸ਼ੀ ਪੁਲਸ ਮੁਲਾਜ਼ਮਾਂ ਉੱਤੇ ਕਾਰਵਾਈ ਤੋਂ ਪਹਿਲਾਂ ਇਥੋਂਨਹੀਂ ਜਾਣਗੇ।ਰਾਤ ਲਗਭਗ 12 ਵਜੇ ਪੁਲਸ ਤਿੰਨ ਮੁਲਾਜ਼ਮਾਂ ਦੀ ਸਸਪੈਂਨਸ਼ਨ ਦੀ ਖਬਰਤੋਂ ਬਾਅਦ ਸਿਆਸੀ ਆਗੂਆਂ ਦੀ ਭੀੜ ਕੁਝ ਘਟ ਗਈ, ਪਰ ਸਿੱਖ ਸੰਗਤ ਨੇ ਦੋਸ਼ੀ ਪੁਲਸ ਵਾਲਿਆਂ ਵਿਰੁੱਧ ਇਰਾਦਾ ਕਤਲ ਦੀ ਧਾਰਾ 307 ਅਤੇ 205 ਏ ਦਾਕੇਸ ਦਰਜ ਕਰਨ ਦੀ ਮੰਗ ਕਰ ਦਿੱਤੀ ਅਤੇ ਤਨਾਅ ਵਧਣਾ ਜਾਰੀ ਰਿਹਾ।

ਅੱਜ ਸੋਮਵਾਰ ਨੂੰ ਭਾਜਪਾ ਦੇ ਕੌਮੀ ਸਕੱਤਰ ਆਰ ਪੀ ਸਿੰਘ ਨੇ ਅੱਧੀ ਰਾਤ ਵੇਲੇ ਭਾਜਪਾ ਸਿੱਖ ਸੈੱਲ ਦੇ ਮੈਂਬਰਾਂ ਸਮੇਤ ਕੇਂਦਰੀ ਗ੍ਰਹਿ ਰਾਜ ਮੰਤਰੀ ਜੀ. ਕ੍ਰਿਸ਼ਨ ਰੈਡੀ ਨਾਲ ਮੁਲਾਕਾਤ ਕਰ ਕੇ ਕਾਰਵਾਈ ਦਾ ਦਬਾਅ ਬਣਾਇਆ ਤਾਂ ਫਿਰ ਪੁਲਸਵਾਲਿਆਂ ਦੇ ਖਿਲਾਫ ਕਾਰਵਾਈ ਅੱਗੇ ਵਧੀ। ਇਸ ਦੌਰਾਨ ਆਰ ਪੀ ਸਿੰਘ ਨੇ ਥਾਣੇ ਅੱਗੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲੱਗਣ ਦੇ ਵੀਡੀਓ ਟਵਿਟਰ ਉੱਤੇ ਪੋਸਟ ਕਰ ਕੇ ਅਕਾਲੀ ਆਗੂਆਂ ਨੂੰ ਇਸ ਦਾ ਦੋਸ਼ੀ ਆਖਿਆ ਤੇ ਇਸ ਦੀ ਨਿੰਦਾ ਕਰਦੇ ਹੋਏ ਅਜਿਹੇ ਲੋਕਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ।ਇਸ ਸਾਰੀ ਕੋਸ਼ਿਸ਼ ਦੇ ਬਾਵਜੂਦ ਆਮ ਤੌਰ ਉੱਤੇ ਸਾਰੇ ਸਧਾਰਨ ਸਿੱਖ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਕੱਠੇ ਨਜ਼ਰ ਆਏ, ਪਰ ਸਿੱਖ ਆਗੂਆਂ ਨੇ ਵੋਟ ਬੈਂਕ ਉੱਤੇ ਨਜ਼ਰ ਰੱਖਣ ਦਾ ਚੇਤਾ ਨਹੀਂ ਸੀ ਭੁਲਾਇਆ। ਦੇਰ ਸ਼ਾਮ ਮੁਖਰਜੀ ਨਗਰ ਥਾਣੇ ਅੱਗੇ ਸਰਬੱਤ ਖਾਲਸਾ ਦੇ ਥਾਪੇ ਹੋਏ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਅਤੇ ਸੰਤ ਬਲਜੀਤ ਸਿੰਘ ਦਾਦੂਵਾਲ ਵੀ ਸਿੱਖ ਸੰਗਤ ਦੇ ਧਰਨੇ ਵਿਚ ਸ਼ਾਮਲ ਹੋ ਗਏ।

# ਸਿੱਖ ਆਟੋ ਚਾਲਕ ਨੂੰ ਪੁਲਸ ਵੱਲੋਂ ਕੁੱਟਣ ਬਾਰੇ ਦਿੱਲੀ ਦੀ ਪੁਲਸ ਵੱਲੋਂ ਕਰਾਸ ਕੇਸ ਦਰਜ

## * ਅਮਰਿੰਦਰ, ਸੁਖਬੀਰ, ਕੇਜਰੀਵਾਲ ਨੇ ਪੁਲਸ ਵਿਰੱਧ ਕਾਰਵਾਈ ਮੰਗੀ

ਨਵੀਂ ਦਿੱਲੀ, 17 ਜੂਨ, (ਪੋਸਟ ਬਿਊਰੋ)- ਬੀਤੇ ਐਤਵਾਰ ਦੀ ਸ਼ਾਮ ਦਿੱਲੀ ਦੇ ਮੁਖਰਜੀ ਨਗਰਥਾਣੇ ਮੂਹਰੇ ਇੱਕ ਸਿੱਖ ਆਟੋ ਡਰਾਈਵਰ ਤੇ ਉਸ ਦੇ ਪੁੱਤਰ ਨਾਲ ਕੁੱਟਮਾਰ ਦੇ ਕੇਸ ਵਿੱਚ ਦਿੱਲੀ ਪੁਲਸ ਨੇ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਕਿ ਇਸ ਬਾਰੇ ਕਰਾਸ ਕੇਸ (ਐੱਫ ਆਈ ਆਰ) ਦਰਜ ਕਰਨ ਪਿੱਛੋਂ ਮਾਮਲਾ ਅਗਲੀ ਜਾਂਚ ਲਈ ਕ੍ਰਾਈਮ ਬ੍ਰਾਂਚ ਨੂੰ ਦੇ ਦਿੱਤਾ ਗਿਆ ਹੈ। ਇਸ ਦੌਰਾਨ ਪਤਾ ਲੱਗਾ ਕਿ ਪਹਿਲਾਂ ਇਹ ਕੇਸ ਸਿਰਫ ਟੈਂਪੂ ਚਾਲਕ ਤੇ ਉਸ ਦੇ ਸਾਥੀਆਂ ਉੱਤੇ ਦਰਜ ਕੀਤਾ ਗਿਆ ਸੀ, ਪਰ ਬਾਅਦ ਵਿੱਚ ਇੱਕ ਕੇਸ ਦਿੱਲੀ ਪੁਲਸ ਦੇ ਜਵਾਨਾਂ ਤੇ ਅਫਸਰਾਂ ਉੱਤੇ ਵੀ ਦਰਜ ਕੀਤਾ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਵੇਂ ਕੇਸ ਵੱਖ-ਵੱਖ ਧਾਰਾ ਅਨੁਸਾਰ ਦਰਜ ਕੀਤੇ ਗਏ ਹਨ, ਪਰ ਨਾਲ ਉਨ੍ਹਾਂ ਕਿਹਾ ਕਿ ਪੁਲਸ ਦੀ ਗੱਡੀ ਸਰਬਜੀਤ ਸਿੰਘ ਦੇ ਟੈਂਪ ਦੇ ਨਾਲ ਟਕਰਾਉਣ ਕਾਰਨ ਹੀ ਸਾਰਾ ਵਿਵਾਦ ਸ਼ੁਰੂ ਹੋਇਆ ਸੀ।

ਅੱਜ ਇਸ ਮਾਮਲੇ ਵਿੱਚ ਦਿੱਲੀ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਸਰਕਾਰ ਅਤੇ ਕਾਂਗਰਸ ਪਾਰਟੀ ਨੇ ਵੀ ਦਿੱਲੀ ਪੁਲਿਸ ਦੇ ਅਫਸਰਾਂ ਵੱਲੋਂ ਸਿੱਖ ਟੈਂਪੂ ਚਾਲਕ ਨੂੰ ਕੁੱਟ ਦੇ ਮੁੱਦੇ ਉੱਤੇ ਕੇਂਦਰ ਦੀ ਮੋਦੀ ਸਰਕਾਰ ਦੇਵਿਰੁੱਧ ਹਮਲਾ ਬੋਲਿਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਬਾਰੇ ਕਾਰਵਾਈ ਦੀ ਅਪੀਲ ਕੀਤੀ। ਗ੍ਰਹਿ ਮੰਤਰਾਲੇ ਨੇ ਇਸ ਪੂਰੇ ਕੇਸ ਵਿੱਚ ਪੁਲਿਸ ਕਮਿਸ਼ਨਰ ਤੋਂ ਰਿਪੋਰਟ ਮੰਗੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਪੂਰੇ ਮਾਮਲੇ ਉੱਤੇ ਨਾਰਾਜ਼ਗੀ ਪ੍ਰਗਟਾਈ ਤੇ ਟਵੀਟ ਕੀਤਾ ਕਿ 'ਦਿੱਲੀ ਪੁਲਿਸ ਨੇ ਸਰਬਜੀਤ ਸਿੰਘ ਅਤੇ ਬਲਵੰਤ ਸਿੰਘ ਦੀ ਬੇਰਹਿਮੀ ਨਾਲ ਕੁੱਟਮਾਰ ਦਾ ਸ਼ਰਮਨਾਕ ਕੰਮ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਹੈ ਕਿ ਇਸ ਬਾਰੇ ਯੋਗ ਕਾਰਵਾਈ ਕਰਕੇ ਪੀੜਤਾਂ ਨੂੰ ਨਿਆਂ ਦਿਵਾਇਆ ਜਾਵੇ।'

ਵਰਨਣ ਯੋਗ ਹੈ ਕਿ ਕੁੱਟਮਾਰ ਦੀ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਇਸ ਘਟਨਾ ਤੋਂਭੜਕੇ ਸਿੱਖਾਂ ਨੇ ਐਤਵਾਰ ਸ਼ਾਮ ਨੂੰ ਇਨਰ ਰਿੰਗ ਰੋਡ ਜਾਮ ਕਰ ਦਿੱਤਾ ਤੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਦੇਰ ਰਾਤ ਇਲਾਕੇ ਦੇ ਡੀਸੀਪੀ ਨੇ ਤਿੰਨ ਪੁਲਿਸ ਵਾਲਿਆਂ ਨੂੰ ਸਸਪੈਂਡ ਕਰ ਦਿੱਤਾ ਸੀ।ਐਤਵਾਰ ਸ਼ਾਮ ਨੂੰ ਦਿੱਲੀ ਦੇ ਮੁਖਰਜੀ ਨਗਰ ਥਾਣੇ ਅੱਗੇ ਗ੍ਰਾਮੀਣ ਸੇਵਾ ਦਲ ਦੇ ਚਾਲਕ ਅਤੇ ਪੁਲਿਸ ਮੁਲਾਜ਼ਮਾਂ ਦੀ ਝੜਪ ਬਾਰੇ ਪੁਲਸ ਦਾ ਕਹਿਣਾ ਹੈ ਕਿ ਸਿੱਖ ਡਰਾਈਵਰ ਨੇ ਕ੍ਰਿਪਾਨ ਕੱਢ ਲਈ ਤੇ ਇਸ ਤੋਂ ਬਾਅਦ ਪੁਲਿਸ ਵਾਲਿਆਂ ਨੇ ਇਕੱਠੇ ਹੋ ਕੇ ਸੜਕਉੱਤੇ ਡਰਾਈਵਰ ਤੇ ਉਸ ਦੇ ਬੇਟੇ ਦੀ ਕੁੱਟਮਾਰ ਕੀਤੀ ਸੀ। ਪੁਲਸ ਕਰੀਬ ਅੱਧਾ ਘੰਟਾ ਮੁਖਰਜੀ ਨਗਰ ਮੇਨ ਰੋਡ ਉੱਤੇ ਡਰਾਈਵਰ ਨੂੰ ਕੁੱਟਦੀ ਰਹੀ, ਜਿਸ ਵਿੱਚਉਸ ਨੂੰ ਕੋਈ ਡਾਂਗ ਮਾਰ ਰਿਹਾ ਸੀ,



ਕੋਈ ਡੰਡੇ ਤੇ ਕੋਈ ਲੱਤਾਂ ਨਾਲ ਠੁੱਡ ਮਾਰ ਰਿਹਾ ਸੀ।ਮੌਕੇ ਉੱਤੇ ਮੌਜੂਦ ਲੋਕਾਂ ਨੇ ਪੁਲਿਸ ਮੁਲਾਜ਼ਮਾਂ ਵੱਲੋਂ ਡਰਾਈਵਰ ਅਤੇ ਉਸ ਦੇ ਬੇਟੇ ਦੀ ਕੁੱਟਮਾਰ ਦਾ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇਪਾ ਦਿੱਤਾ ਸੀ।ਹੰਗਾਮੇ ਦੀ ਖ਼ਬਰ ਉੱਤੇ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੀ ਓਥੇ ਪਹੁੰਚੇ ਅਤੇ ਡਰਾਈਵਰ ਦੀ ਕੁੱਟਮਾਰ ਤੇ ਪੱਗ ਲਾਹੁਣ ਵਾਲੇ ਪੁਲਿਸ ਮੁਲਾਜ਼ਮਾਂ ਉੱਤੇ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ, ਪਰ ਸਿੱਖ ਇਸ ਤੋਂ ਵੱਧ ਕਾਰਵਾਈ ਚਾਹੁੰਦੇ ਹਨ।

ਅੱਜ ਇਸ ਬਾਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ ਕਿ'ਮੁਖਰਜੀ ਨਗਰ ਦੀਦਿੱਲੀ ਪੁਲਿਸ ਨੇ ਬੇਰਹਿਮ ਤੇ ਨਿੰਦਣਯੋਗ ਕਾਰਵਾਈ ਕੀਤੀ ਹੈ। ਮੇਰੀ ਮੰਗ ਹੈ ਕਿ ਕੇਸ ਦੀ ਨਿਰਪੱਖ ਜਾਂਚ ਹੋਵੇ ਤੇ ਦੋਸ਼ੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇ।' ਉਹ ਪੀੜਤ ਡਰਾਈਵਰ ਦੇ ਘਰ ਉਸ ਨੂੰ ਮਿਲਣ ਵੀ ਗਏ ਸਨ। ਓਧਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਦੇ ਨਿਰਦੋਸ਼ ਸਿੱਖਾਂ ਉੱਤੇ ਹਮਲੇ ਲਈ ਜ਼ਿੰਮੇਵਾਰ ਪੁਲਸ ਵਾਲਿਆਂ ਉੱਤੇ ਸਖ਼ਤ ਕਾਰਵਾਈ ਕਰ ਕੇ ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਇਰਾਦਾ ਕਤਲ ਕੇਸ ਦਰਜ ਕੀਤਾ ਜਾਵੇ। ਇਕ ਪ੍ਰੈਸ ਬਿਆਨ ਰਾਹੀਂ ਉਨ੍ਹਾ ਕਿਹਾ ਕਿ ਲੋਕਤੰਤਰ ਵਿੱਚ ਕਿਸੇ ਵੀ ਭਾਈਚਾਰੇ ਦੇ ਖ਼ਿਲਾਫ਼ ਅਣਮਨੁਖੀ ਵਿਹਾਰ ਦੀ ਕੋਈ ਜਗ੍ਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗ ਸਿੱਖ ਤੇ ਉਸ ਦੇ ਬੇਟੇ ਦੀ ਮੁਖਰਜੀ ਨਗਰ ਥਾਣੇ ਅੱਗੇ ਬੁਰੀ ਤਰ੍ਹਾਂ ਕੁਟਮਾਰ ਕਰਕੇ ਪੁਲਸ ਵਾਲਿਆਂ ਨੇ ਉਨ੍ਹਾਂ ਨਾਲ ਜਾਨਵਰਾਂ ਵਾਂਗ ਸਲੂਕ ਕੀਤਾ ਹੈ। ਸਿੱਖ ਬਜ਼ੁਰਗ ਦੇ ਪੁੱਤਰ ਦੇਤਰਲੇ ਕਰਨ ਪਿੱਛੋਂ ਵੀ ਉਸ ਦੇ ਪਿਤਾ ਨੂੰ ਕੁੱਟਿਆ ਗਿਆ ਅਤੇ ਸੜਕ ਉੱਤੇ ਘਸੀਟਿਆ ਗਿਆ ਅਤੇ ਫਿਰ ਬੇਟੇ ਉੱਤੇ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ। ਉਨ੍ਹਾਂ ਕਿਹਾ ਕਿ ਮੈਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਮਾਮਲਾ ਜ਼ੋਰ ਨਾਲ ਉਠਾਉਣ ਲਈ ਕਿਹਾ ਅਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਜ਼ਿੰਮੇਵਾਰੀ ਸੌਂਪੀ ਹੈ ਕਿ ਉਹ ਇਸ ਕਾਰੇ ਲਈ ਜ਼ਿੰਮੇਵਾਰ ਪੁਲਸੀਆਂ ਖ਼ਿਲਾਫ ਸ਼ਿਕਾਇਤ ਦਰਜ ਕਰਵਾਉਣ।

ਇਸੇ ਦੌਰਾਨ ਪੰਜਾਬੀ ਏਕਤਾ ਪਾਰਟੀ ਦੇ ਮੁਖੀ ਸੁਖਪਾਲ ਸਿੰਘ ਖਹਿਰਾ ਨੇ ਪੀੜਤ ਸਿੱਖ ਬਾਪ-ਬੇਟੇ ਦੇ ਹੱਕ ਵਿਚ ਬਿਆਨ ਜਾਰੀ ਕੀਤਾ ਹੈ ਅਤੇ ਉਨ੍ਹਾਂ ਨਾਲ ਹਮਦਰਦੀ ਜਤਾਈ ਹੈ।

# ਡਾਕਟਰਾਂ ਨਾਲ ਬੈਠਕ ਵਿੱਚ ਮਮਤਾ ਬੈਨਰਜੀ ਨੇ ਮੰਗਾਂ ਮੰਨੀਆਂ, ਹੜਤਾਲ ਖਤਮ

ਨਵੀਂ ਦਿੱਲੀ, 17 ਜੂਨ, (ਪੋਸਟ ਬਿਊਰੋ)- ਕੋਲਕਾਤਾ ਦੇ ਐੱਨ ਆਰ ਐੱਸ ਮੈਡੀਕਲ ਕਾਲਜ ਵਿੱਚ ਜੂਨੀਅਰ ਡਾਕਟਰਾਂ ਨਾਲ ਮਾਰਕੁੱਟ ਦੀ ਘਟਨਾ ਪਿੱਛੋਂ ਦੇਸ਼ ਦੇ ਡਾਕਟਰ ਲਾਮਬੰਦ ਹੋ ਜਾਣ ਦੇ ਬਾਅਦ ਡਾਕਟਰਾਂ ਦੇ ਸਭ ਤੋਂ ਵੱਡੇ ਸੰਗਠਨ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐੱਮਏ) ਨੇ ਅੱਜ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੀਟਿੰਗ ਕੀਤੀ ਤਾਂ ਉਨ੍ਹਾ ਨੇ ਸਾਰੀਆਂ ਮੰਗਾਂ ਮੰਨ ਲਈਆਂ। ਇਸ ਪਿੱਛੋਂ ਹੜਤਾਲ ਖਤਮ ਹੋ ਗਈ ਹੈ। ਵਰਨਣ ਯੋਗ ਹੈ ਕਿ ਮੁਜ਼ਾਹਰਾਕਾਰੀ ਰੈਜ਼ੀਡੈਂਟ ਡਾਕਟਰਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ ਕਾਰਨ ਬੀਤੇ ਸੋਮਵਾਰ ਨੂੰ ਦੇਸ਼ ਪੱਧਰੀ ਹੜਤਾਲ ਦਾ ਐਲਾਨ ਕੀਤਾ ਗਿਆ ਸੀ। ਆਈ ਐੱਮਏ ਨੇ ਸਾਰੇ ਦੇਸ਼ ਦੇ ਸਰਕਾਰੀ ਅਤੇ ਨਿੱਜੀ ਖੇਤਰ ਵਾਲੇ ਮੈਡੀਕਲ ਕਾਲਜਾਂ, ਹਸਪਤਾਲਾਂ ਤੇ ਨਰਸਿੰਗ ਹੋਮਜ਼ ਵਿੱਚ ਓਪੀਡੀ ਸੇਵਾ ਠੱਪ ਰੱਖਣ ਦੀ ਅਪੀਲ ਕੀਤੀ ਸੀ, ਪਰ ਇਸ ਮੌਕੇ ਵੀ ਹਸਪਤਾਲਾਂ ਵਿੱਚ ਐਮਰਜੈਂਸੀ ਸੇਵਾ ਜਾਰੀ ਰੱਖੀ ਗਈ ਸੀ। ਨਾਰਾਜ਼ ਡਾਕਟਰਾਂ ਦਾ ਪ੍ਰਤੀਨਿਧ ਮੰਡਲ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਮਿਲਣ ਪਹੁੰਚਿਆ ਤਾਂ ਇਸ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਹਰ ਮੈਡੀਕਲ ਕਾਲਜ ਦੇ ਦੋ-ਦੋ ਪ੍ਰਤੀਨਿਧਾਂ ਨੂੰ ਮਿਲੀ ਦੱਸੀ ਜਾ ਰਹੀ ਸੀ। ਇਸ ਦੇ ਬਾਅਦ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸਰਕਾਰੀ ਹਸਪਤਾਲਾਂ ਵਿੱਚ ਸ਼ਿਕਾਇਤ ਨਿਵਾਰਨ ਸੈੱਲ ਬਣਾਉਣ ਲਈ ਡਾਕਟਰਾਂ ਦੀ ਮੰਗ ਮਨਜ਼ੂਰ ਕਰ ਲਈ ਹੈ।ਹੜਤਾਲੀ ਡਾਕਟਰਾਂ ਦੇ ਪ੍ਰਤੀਨਿਧੀ ਮੰਡਲ ਨਾਲ ਮੁਲਾਕਾਤ ਤੋਂ ਬਾਅਦ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੋਲਕਾਤਾ ਪੁਲਿਸ ਦੇ ਕਮਿਸ਼ਨਰ ਨੂੰ ਹਰ ਹਸਪਤਾਲ ਵਿੱਚ ਨੋਡਲ ਅਫ਼ਸਰ ਤਾਇਨਾਤ ਕਰਨ ਦੇ ਨਿਰਦੇਸ਼ ਦੇ ਦਿੱਤੇ ਹਨ।







Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

HALTON HILLS $129,000
184 Guelph St:Turn Key Operation Busy Location, Excellent Sales And Growing, Brand Name Franchised Pizza Store In Georgetown. Great Sales As Catholic Secondary School At Doorsteps Lots Of Potential. Low Monthly Rent $2,978 Including Tmi & Hst.

MISSISAUGA $99,900
1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

BRAMPTON $199,000
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

BRAMPTON $229,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

MISSISSAUGA $449,000
Photo Not Available
5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

BRAMPTON $499,900
Photo Not Available
Bruce Beer/Williams : Excellent Opportunity For 1st Time Buyers, Investors & New Immigrants. Prime Location In Brampton, House Requires Lots Of Tlc. Make This Gem Yours.

TORONTO $289,000
Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

TORONTO $499,800
Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

TORONTO $673,800
Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

BRAMPTON $330,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

MISSISSAUGA $579,988
Eglinton Ave w/ Creditview : Perfect For Couples & Great Complex For Families With Kids. Beautiful Complex 3 Bed 2 Wash Townhouse In High Demand Area Of East Credit. Low Condo Fees, Spacious Living Room W/Pot Lights Thru Out, Finished Basement .

CALEDON $399,000
Photo Not Available
12612 HIGHWAY 50: Sale Of Business Without Property Bakery
Please call 905-405-8484

BRANTFORD $499,000
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $635,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਮੱਘਰ ਸਿੰਘ ਨੂੰ ਨਾਲ ਫਿਰ ਤੋਂ ਪੈਜੀਡੈਂਟ ਚੁਣਿਆ ਗਿਆ



ਬਰੈਂਪਟਨ: (ਸੁਰਜੀਤ ਸਿੰਘ ਫਲੋਰਾ) ਜੂਨ 17 -ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਵਲੋਂ ਆਪਣਿਆਂ ਸਲਾਨਾਂ ਚੋਣਾ ਸਪੋਰਟਸ ਫਲੈਚਰਸ ਦੇ ਬੋਰਡ ਰੂਮ ਵਿਚ ਕਰਵਾਇਆਂ ਗਇਆ। ਜਿਥੇ 2001 ਤੋਂ ਹੁਣ ਤੱਕ ਸਰਵ- ਸੰਮਤੀ ਨਾਲ ਸ੍ਰ ਮੱਘਰ ਸਿੰਘ ਹੰਸਰਾਂ ਨੂੰ ਪੈਜੀਡੈਂਟ ਚੁਣਿਆਂ ਗਿਆ। ਜਿਥੇ ਕਿ ਚੇਅਰਮੈਨ ਪ੍ਰਦਮਨ ਸਿੰਘ ਬੋਪਾਰਾਏ ਨੂੰ ਚੋਣਿਆਂ ਗਿਆ। ਇਸ ਦੇ ਨਾਲ ਹੀ ਨਾਮਵਰ ਮਰਦਾਨ ਸਿੰਘ ਵਾਇਸ ਪੈਜੀਡੈਂਟ , ਜੁਗਿੰਦਰ ਸਿੰਘ ਗਰੇਵਾਲ ਮੁਖ ਸਲਾਹਕਾਰ, ਸੋਹਣ ਸਿੰਘ ਪ੍ਰਮਾਰ ਜਰਨਲ ਸੈਕਟਰੀ ਅਤੇ ਗੱਜਣ ਸਿੰਘ ਗਰੇਵਾਲ ਸੈਕਟਰੀ ਅਤੇ ਗੁਰਦਰਸ਼ ਸਿੰਘ ਕੋਮਲ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹੋਰ 19 ਡਾਇਰੈਕਟਰਾਂ ਦੀ ਚੌਣ ਵੀ ਕੀਤੀ ਗਈ।

ਮੱਘਰ ਸਿੰਘ ਹੰਸਰਾ ਦੀ ਅਗਵਾਹੀ ਹੇਠ 2001 ਤੋਂ ਲੈ ਕੇ ਹੁਣ ਤੱਕ ਕਲੱਬ ਦਾ ਬਹੁਤ ਕੁਝ ਸਵਾਰਿਆਂ ਹੈ। ਤੇ ਬਜੁਰਗਾਂ ਨੂੰ ਉਤਸ਼ਾਹਿਤ ਕਰਕੇ ਕਲੱਬ ਨਾਲ ਜੋੜਿਆ ਹੈ। ਇਹ ਹੀ ਨਹੀਂ ਮੱਘਰ ਸਿੰਘ ਹੰਸਰਾਂ ਵਲੋਂ ਸਮੇਂ ਸਮੇਂ ਕਲੱਬ ਵਿਚ ਬਜੁਰਗਾ ਦੀ ਜਾਣਕਾਰੀ ਲਈ ਵਰਕਸ਼ਾਪਾਂ ਦੇ ਸਫ਼ਲ ਪ੍ਰੋਗਰਾਮ ਉਲੀਕੇ ਗਏ ਹਨ, ਜਿਵੇਂ ਕਿ ਸਿਹਤ , ਸੂਗਰ, ਦਿਲ ਦੇ ਮਰੀਜਾਂ (ਹਾਰਟ) , ਕਸਰਤ, ਯੋਗਾ, ਪੁਲਿਸ ਆਦਿ । ਜਿਹਨਾਂ ਤੋਂ ਬਜੁਰਗਾਂ ਨੂੰ ਸਿਹਤ, ਦਿਲ ਦੇ ਮਰੀਜਾਂ ਨੂੰ ਦਿਲ ਦੀ ਦੇਖਭਾਲ, ਪੁਲਿਸ ਵਲੋਂ ਘਰਾਂ ਵਿਚ ਵੱਧ ਰਹੇ ਜੁਰਮਾਂ ਵਾਰੇ ਬਜੁਰਗਾਂ ਦੀ ਚੰਗੀ ਦੇਖਭਾਲ ਪ੍ਰਤੀ ਕਾਫੀ ਲਾਹੇਬੰਦ ਪ੍ਰੋਗਰਮਾਂ ਦਾ ਅਯੋਜਿਨ ਹੰਸਰਾਂ ਸਾਹਿਬ ਦਾ ਸਲਾਘਾਯੋਗ ਉਪਰਾਲਾਂ ਰਿਹਾ ਹੈ।

ਸਮੇਂ ਸਮੇਂ ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਨੂੰ ਹੰਸਰਾਂ ਸਾਹਿਬ ਦੀ ਹਿੰਮਤ ਅਤੇ ਮਿਹਨਤ ਨਾਲ ਸਰਕਾਰ ਵਲੋਂ ਗਰਾਂਟ ਵੀ ਮਿਲਦੀ ਰਹੀ ਹੈ। ਅਤੇ ਹੋਰ ਵਿਉਪਾਰੀ ਸੱਜਣਾ ਵਲੋਂ ਵੀ ਸਮੇਂ ਸਮੇਂ ਮਦਦ ਮਿਲਦੀ ਰਹਿੰਦੀ ਹੈ। ਉਹਨਾਂ ਵਲੋਂ ਬਜੁਰਗਾ ਦੇ ਬੈਠਣ ਲਈ ਫਲੈਚਰਜ਼ ਵਿਚ ਬਰੈਂਪਟਨ ਸਿਟੀ ਤੋਂ ਇਕ ਕਮਰਾ ਵੀ ਲਿਆਂ ਹੋਇਆਂ ਹੈ । ਜਿਸ ਵਿਚ ਬਜੁਰਗ ਬੈਠ ਕੇ ਆਪਣਾ ਖੁਸ਼ੀ ਖੁਸ਼ੀ ਸਮਾਂ ਬਤੀਤ ਕਰ ਸਕਦੇ ਹਨ। ਮੱਘਰ ਸਿੰਘ ਹੰਸਰਾਂ ਜੋ ਕੇ ਇਕ ਬਹੁਤ ਹੀ ਸੁਲਝੇ ਹੋਏ ਇੰਨਸਾਨ ਹਨ। ਉਹ ਕਲੱਬ ਵਾਲੇ ਮੈਂਬਰਾਂ ਦਾ ਹੀ ਨਹੀਂ ਬੱਲਕੇ ਕੋਈ ਵੀ ਬਜੁਰਗ ਬਾਹਰੋਂ ਵੀ ਆ ਜਾਵੇਂ ਉਸ ਨੂੰ ਪੈਨਸ਼ਨ ਦੇ ਜਾਂ ਕਿਸੇ ਵੀ ਤ੍ਰਾਂ ਦੇ ਇੰਮੀਗਰੇਸ਼ਨ , ਸਿਟੀਜਨਸ਼ਿਪ ਦੇ ਫਾਰਮ ਭਰਨੇ ਹੋਣ ਤਾਂ ਉਹ ਸਦਾ ਤੱਤ ਪਰ ਰਹਿੰਦੇ ਹਨ। ਜਿਥੇ ਕਿ ਬਾਹਰ 400-500 ਡਾਲਰ ਤੱਕ ਚਾਰਜ਼ ਕਰਦੇ ਹਨ ਹੰਸਰਾਂ ਸਾਹਿਬ ਬਿੰਨਾਂ ਕੁਝ ਲਏ ਇਹ ਸੇਵਾਵਾਂ ਬਜੁਰਗਾਂ ਦੀ ਸਹੂਲਤ ਲਈ ਪ੍ਰਦਾਨ ਕਰਦੇ ਹਨ।

ਇਥੇ ਹੀ ਵਸ ਨਹੀਂ ਹੰਸਰਾਂ ਸਾਹਿਬ ਦੀ ਬਦੌਲਤ ਬਜੁਰਗਾਂ ਨੂੰ ਸਮੇਂ ਸਮੇਂ ਪਾਰਲੀਮੈਂਟ ਹੈਲ , ਨਾਗਰਾਂ ਫਾਲਸ, ਹੋਰ ਕਈ ਥਾਵਾਂ ਤੇ ਸੈਰ ਲਈ ਵੀ ਲੈ ਕੇ ਜਾਂਦਾ ਹੈ ਤਕਰੀਬਨ ਹਰ ਸਾਲਾ 4-5 ਕੈਨੇਡਾ ਦੇ ਦੇਖਣ ਯੋਗ ਥਾਵਾਂ ਤੇ ਸੈਰ ਲਈ ਵਿਸ਼ੇਸ ਬੱਸਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਬਜੁਰਗਾਂ ਦੀ ਸਿਹਤ ਲਈ ਮਨੋਰੰਨਜ ਲਈ ਪਿਛਲੇਂ 13 ਸ੍ਹਾਲਾਂ ਤੋਂ ਮੇਲਾਂ ਵੀ ਕਰਵਾਇਆਂ ਜਾ ਰਿਹਾ ਹੈ। ਜਿਸ ਵਿਚ ਹਰ ਸਾਲ ਵਾਦਾ ਹੀ ਨਹੀਂ ਬੱਲਕੇ ਹਰ-ਉਮਰ ਦੇ ਲੋਕਾ ਵਲੋਂ ਇਸ ਵਿਚ ਬਹੁਤ ਹੀ ਮਨੋਰੰਜਨ ਭਰਭੂਰ ਹਸਰਤ ਨਾਲ ਮਾਣਿਆਂ ਜਾਂਦਾ ਹੈ।

ਮੱਘਰ ਸਿੰਘ ਹੰਸਰਾਂ ਸਾਹਿਬ ਨੂੰ ਅਸੀਂ 2001 ਤੋਂ ਹੁਣ ਤੱਕ ਸਰਵ-ਸੰਮਤੀ ਨਾਲ ਕਲੱਬ ਦੇ ਪ੍ਰੈਜੀਡੈਂਟ ਚੁਣੇ ਜਾਣ ਤੇ ਬਹੁਤ ਬਹੁਤ ਮੁਬਾਰਕਬਾਦ ਪੇਸ਼ ਕਰਦੇ ਹਾਂ ਤੇ ਆਸ ਕਰਦੇ ਹਾਂ ਉਹ ਪਹਿਲਾਂ ਨਾਲੋਂ ਵੀ ਵੱਧ ਕਲੱਬ ਦੀ ਹੀ ਨਹੀਂ ਬੱਲਕੇ ਪੂਰੇ ਭਾਈਚਾਰੇ ਲਈ ਇਕ ਨਵੀਂ ਮਿਸਾਲ ਪੇਸ਼ ਕਰਨੇ।

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਏਅਰ ਇੰਡੀਆ ਦੀ 27 ਸਤੰਬਰ ਤੋਂ ਟੋਰਾਂਟੋ ਲਈ ਸ਼ੁਰੂ ਕੀਤੀ ਜਾ ਰਹੀ ਉਡਾਣ ਦਾ ਰੂਟ ਬਦਲਣ ਦੀ ਮੰਗ

ਅੰਮ੍ਰਿਤਸਰ, 17 ਜੂਨ (ਗਿਆਨ ਸਿੰਘ): ਅੰਮ੍ਰਿਤਸਰ ਵਿਕਾਸ ਮੰਚ ਨੇ ਏਅਰ ਇੰਡੀਆ ਵੱਲੋਂ 27 ਸਤੰਬਰ 2019 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਦਿੱਲੀ ਹੁੰਦੇ ਹੋਏ ਟੋਰਾਂਟੋ ਵਾਸਤੇ ਹਫ਼ਤੇ ਵਿੱਚ ਤਿੰਨ ਦਿਨ ਉਡਾਣ ਸ਼ੁਰੂ ਕਰਵਾਉਣ ਲਈ ਸ਼ਹਿਰੀ ਹਵਾਬਾਜੀ ਮੰਤਰੀ ਸ. ਹਰਦੀਪ ਸਿੰਘ ਪੁਰੀ ਦਾ ਧੰਨਵਾਦ ਕਰਦੇ ਹੋਏ ਮੰਗ ਕੀਤੀ ਕਿ ਇਸ ਦਾ ਰੂਟ ਅੰਮ੍ਰਿਤਸਰ -ਦਿੱਲੀ-ਟੋਰਾਂਟੋ ਦੀ ਥਾਂ 'ਤੇ ਦਿੱਲੀ-ਅੰਮ੍ਰਿਤਸਰ- ਟੋਰਾਂਟੋ ਤੇ ਵਾਪਸੀ ਦਾ ਟੋਰਾਂਟੋ- ਅੰਮ੍ਰਿਤਸਰ- ਦਿੱਲੀ ਕੀਤਾ ਜਾਵੇ ।ਪੁਰੀ ਸਾਹਿਬ ਨੂੰ ਲਿਖੇ ਇੱਕ ਪੱਤਰ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਟੋਰਾਂਟੋ ਪੱਛਮ ਵਿਚ ਹੋਣ ਕਰਕੇ ਅੰਮ੍ਰਿਤਸਰ ਤੋਂ ਵਾਪਿਸ ਉਡਾਣ ਦਿੱਲੀ ਖੜਨ ਦੀ ਕੋਈ ਤੁਕ ਨਹੀਂ।ਇਹ ਅੰਮ੍ਰਿਤਸਰ ਤੋਂ ਟੋਰਾਂਟੋ ਜਾਣੀ ਚਾਹੀਦੀ ਹੈ ਤੇ ਵਾਪਸੀ ਵੇਲੇ ਟੋਰਾਂਟੋ ਤੋਂ ਸਿੱਧੀ ਅੰਮ੍ਰਿਤਸਰ ਆਉਣੀ ਚਾਹੀਦੀ ਹੈ ਕਿਉਂਕਿ ਅੰਮ੍ਰਿਤਸਰ ਰਸਤੇ ਵਿਚ ਪੈਂਦਾ ਤੇ ਫਿਰ ਅੰਮ੍ਰਿਤਸਰ ਤੋਂ ਦਿੱਲੀ ਜਾਣੀ ਚਾਹੀਦੀ ਹੈ। ਦੂਸਰਾ ਇਸ ਵਿਚ 90 % ਤੋਂ ਉਪਰ ਸੁਆਰੀਆਂ ਅੰਮ੍ਰਿਤਸਰ ਦੀਆਂ ਹੋਣਗੀਆਂ।

ਅੰਮ੍ਰਿਤਸਰ ਵਿਕਾਸ ਮੰਚ ਵਲੋਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਅੰਮ੍ਰਿਤਸਰ ਹਵਾਈ ਅੱਡੇ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਲਈ ਪਾਈ ਇਕ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਮਾਨਯੋਗ ਚੀਫ਼ ਜਸਟਿਸ ਨੇ ਏਅਰ ਇੰਡੀਆ ਦੀ ਦਿੱਲੀ-ਅੰਮ੍ਰਿਤਸਰ-ਦਿੱਲੀ-ਬਰਮਿੰਘਮ ਉਡਾਣ ਨੂੰ ਅੰਮ੍ਰਿਤਸਰ ਤੋਂ ਵਾਪਿਸ ਦਿੱਲੀ ਖੜਨ ਨੂੰ ਉਲਟੀ ਗੰਗਾ ਵਹਾਉਣਾ ਕਰਾਰ ਦਿੱਤਾ ਸੀ। ਅਦਾਲਤ ਦਾ ਕਹਿਣਾ ਸੀ ਇਸ ਨੂੰ ਅੰਮ੍ਰਿਤਸਰ ਤੋਂ ਦਿੱਲੀ ਵਾਪਿਸ ਆਉਣ ਦੀ ਥਾਂ 'ਤੇ ਸਿੱਧਾ ਬਰਮਿੰਘਮ ਜਾਣਾ ਚਾਹੀਦਾ ਹੈ ਤੇ ਵਾਪਸੀ ਵੇਲੇ ਅੰਮ੍ਰਿਤਸਰ ਆ ਕੇ ਫਿਰ ਦਿੱਲੀ ਜਾਣਾ ਚਾਹੀਦਾ ਹੈ ।ਅਦਾਲਤ ਦਾ ਇਹ ਵੀ ਕਹਿਣਾ ਸੀ ਕਿ ਏਅਰ ਇੰਡੀਆ ਵਲੋਂ ਸਮੇਂ ਤੇ ਪੈਸੇ ਦੀ ਬਰਬਾਦੀ ਤੇ ਯਾਤਰੂਆਂ ਦੀ ਖ਼ਜਲ ਖ਼ੁਆਰੀ ਕਿਉਂ ਕੀਤੀ ਜਾ ਰਹੀ? ਇਸ ਦੇ ਬਾਵਜੂਦ ਏਅਰ ਇੰਡੀਆ ਨੇ ਕੋਈ ਸਬਕ ਨਹੀਂ ਸਿਖਿਆ ਤੇ ਮੁੜ ਉਸ ਰੂਟ 'ਤੇ ਦੁਬਾਰਾ ਉਡਾਣ ਸ਼ੁਰੂ ਕੀਤੀ ਜਾ ਰਹੀ।ਇਹੋ ਕਾਰਨ ਹੈ ਕਿ ਇਸ ਸ਼ੁਰੂ ਕੀਤੀ ਜਾ ਰਹੀ ਉਡਾਣ ਦੀ ਚਾਰ ਚੁਫੇਰਿਉਂ ਨਖੇਧੀ ਹੋ ਰਹੀ ਹੈ।

ਅਸਲ ਵਿਚ ਦਿੱਲੀ ਪ੍ਰਾਈਵੇਟ ਹਵਾਈ ਅੱਡਾ ਹੈ ,ਜਦ ਕਿ ਅੰਮ੍ਰਿਤਸਰ ਸਰਕਾਰੀ ਹੈ।ਯੂ ਪੀ ਏ ਸਰਕਾਰ ਨੇ ਦਿੱਲੀ ਹਵਾਈ ਅੱਡੇ ਨੂੰ ਲਾਭ ਪਹੁੰਚਾਉਣ ਲਈ ਦਿੱਲੀ ਨੂੰ ਹੱਬ ਬਣਾ ਕੇ ਅੰਮ੍ਰਿਤਸਰ ਸਮੇਤ ਆਸ ਪਾਸ ਦੇ ਸਾਰੇ ਹਵਾਈ ਅੱਡਿਆਂ ਦੀਆਂ ਸਿੱਧੀਆਂ ਉਡਾਣਾਂ ਬਰਾਸਤਾ ਦਿੱਲੀ ਕਰ ਦਿੱਤੀਆਂ। ਮੋਦੀ ਸਰਕਾਰ ਨੇ ਵੀ ਡਾ. ਮਨਮੋਹਨ ਸਿੰਘ ਸਰਕਾਰ ਦੀਆਂ ਲੀਹਾਂ 'ਤੇ ਚਲਦਿਆਂ ਅੰਮ੍ਰਿਤਸਰ ਤੇ ਹੋਰਨਾਂ ਹਵਾਈ ਅੱਡਿਆਂ ਨੂੰ ਹੱਬ ਨਹੀਂ ਬਣਾਇਆ। ਪੁਰੀ ਸਾਹਿਬ ਜਿਨ੍ਹਾਂ ਪਾਸ ਸ਼ਹਿਰੀ ਹਵਾਬਾਜੀ ਦਾ ਆਜ਼ਾਦਾਨ ਮਹਿਕਮਾ ਹੈ ਨੇ ਚੋਣਾਂ ਸਮੇਂ ਜੋ ਵੀਜ਼ਨ ਜਾਰੀ ਕੀਤਾ ਸੀ ਜਿਸ ਨੂੰ ਉਨ੍ਹਾਂ ਨੇ ਆਪਣੀ ਫੇਸਬੁਕ 'ਤੇ ਵੀ ਪਾਇਆ ਸੀ ਵਿਚ ਕਿਹਾ ਸੀ ਕਿ ਉਹ ਅੰਮ੍ਰਿਤਸਰ ਨੂੰ ਹੱਬ ਬਣਾ ਕਿ ਵਿਦੇਸ਼ਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨਗੇ। ਇਸ ਲਈ ਉਨ੍ਹਾਂ ਨੂੰ ਆਪਣੇ ਇਸ ਚੋਣ ਵਾਅਦੇ 'ਤੇ ਖ਼ਰਾ ਉਤਰਦੇ ਹੋਏ ਅੰਮ੍ਰਿਤਸਰ ਤੋਂ ਟੋਰਾਂਟੋ ਸਮੇਤ ਵੈਨਕੂਅਰ, ਲੰਡਨ, ਮਿਲਾਨ, ਬਰਮਿੰਘਮ , ਅਮਰੀਕਾ ਤੇ ਹੋਰਨਾਂ ਮੁਲਕਾਂ ਲਈ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਵੇਂ ਪ੍ਰਕਾਸ਼ ਪੁਰਬ 'ਤੇ ਆਸਾਨੀ ਨਾਲ ਵਿਸ਼ਵ ਭਰ 'ਤੋਂ ਸ਼ਰਧਾਲੂ ਗੁਰੂ ਦੀ ਨਗਰੀ ਆ ਸਕਣ।

ਮੰਚ ਆਗੂ ਨੇ ਇਹ ਵੀ ਮੰਗ ਕੀਤੀ ਹੈ ਕਿ ਦਿੱਲੀ ਤੋਂ ਏਅਰ ਇੰਡੀਆ ਲਈ ਜੋ 2 ਉਡਾਣਾਂ ਜੋ ਲੰਡਨ ਹੀਥਰੋ ਹਵਾਈ ਅੱਡੇ ਜਾਂਦੀਆਂ ਹਨ ਉਨ੍ਹਾਂ ਵਿੱਚੋਂ ਇੱਕ ਦਾ ਰੂਟ ਬਦਲ ਕੇ ਦਿੱਲੀ-ਅੰਮ੍ਰਿਤਸਰ-ਲੰਡਨ ਤੇ ਲੰਡਨ-ਅੰਮ੍ਰਿਤਸਰ-ਦਿੱਲੀ ਕੀਤਾ ਜਾਵੇ ਤਾਂ ਜੁ ਪੰਜਾਬੀ ਆਸਾਨੀ ਨਾਲ ਲੰਡਨ ਆ ਜਾ ਸਕਣ।ਲੰਡਨ-ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਲਈ ਇੰਗਲੈਂਡ ਦੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ,ਸੇਵਾ ਟਰੱਸਟ ਯੂ.ਕੇ. ਤੇ ਅੰਮ੍ਰਿਤਸਰ ਵਿਕਾਸ ਮੰਚ ਵਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ।ਜੇ ਦਿੱਲੀ ਤੋਂ ਬਰਾਸਤਾ ਸ੍ਰੀ ਅੰਮ੍ਰਿਤਸਰ-ਲੰਡਨ ਉਡਾਣ ਸ਼ੁਰੂ ਹੋ ਜਾਵੇ ਤਾਂ ਇਸ ਨਾਲ ਨਾ ਕੇਵਲ ਇੰਗ਼ਲੈਂਡ ਸਗੋਂ ਯੂਰਪ, ਕੈਨੇਡਾ ਤੇ ਅਮਰੀਲਾ ਵਾਲਿਆਂ ਨੂੰ ਫ਼ਾਇਦਾ ਹੋਵੇਗਾ ਕਿਉਂਕਿ ਸਭ ਮੁਲਕਾਂ ਦੀਆਂ ਏਅਰਲਾਈਨਾਂ ਹੀਥਰੋ ਹਵਾਈ ਅੱਡੇ ਆਉਂਦੀਆਂ ਹਨ।ਕੈਨੇਡਾ ਵਾਲੇ ਏਅਰ ਕੈਨੇਡਾ ਲੈ ਕੇ ਸਿੱਧਾ ਕੈਨੇਡਾ ਦੇ ਵੱਖ ਵੱਖ ਸ਼ਹਿਰ ਵਿੱਚ ਪਹੁੰਚ ਜਾਣਗੇ। ਅਮਰੀਕਾ ਵਾਲੇ ਅਮਰੀਕਨ ਏਅਰ ਲਾਈਨਾਂ ਲੈ ਕੇ ਆਸਾਨੀ ਨਾਲ ਅਮਰੀਕਾ ਪੁਜ ਜਾਣਗੇ ਤੇ ਹੋਰਨਾਂ ਮੁਲਕਾਂ ਨੂੰ ਜਾਣ ਵਾਲੇ ਪੰਜਾਬੀ ਆਪੋ ਆਪਣੇ ਮੁਲਕ ਦੀਆਂ ਏਅਰਲਾਈਨਾਂ ਲੈ ਕੇ ਸਿੱਧਾ ਆਪਣੇ ਮੁਲਕ ਪਹੁੰਚ ਜਾਣਗੇ।

ਮੰਚ ਆਗੂ ਨੇ ਮੰਗ ਕੀਤੀ ਹੈ ਕਿ ਦਿੱਲੀ-ਅੰਮ੍ਰਿਤਸਰ-ਬਰਮਿੰਘਮ ਉਡਾਣ ਵੀ ਮੁੜ ਸ਼ੁਰੂ ਕੀਤੀ ਜਾਵੇ ਜਿਸ ਨੂੰ ਪਾਕਿਸਤਾਨ ਦੇ ਨਾਲ ਸੰਬੰਧ ਅਣਸੁਖਾਵੇਂ ਹੋਣ ਕਰਕੇ ਬੰਦ ਕਰ ਦਿੱਤਾ ਗਿਆ ਹੈ। ਦਿੱਲੀ ਤੋਂ ਸਾਰੀਆਂ ਉਡਾਣਾਂ ਜਾਰੀ ਹਨ । ਸ੍ਰੀ ਅੰਮ੍ਰਿਤਸਰ ਤੋਂ ਉਡਾਣਾਂ ਨੂੰ ਬੰਦ ਕਰਨਾ ਸਰਾਸਰ ਗੁਰੂ ਕੀ ਨਗਰੀ ਨਾਲ ਬੇਇਨਸਾਫੀ ਹੈ।

# ਭਾਰਤ ਨੂੰ ਨਾਟੋ ਮੈਂਬਰ ਵਰਗੇ ਮਿੱਤਰ ਦੇਸ਼ ਦੇ ਦਰਜਾ ਦੇਣ ਲਈ ਅਮਰੀਕੀ ਸੈਨੇਟ ਵਿੱਚ ਮਤਾ ਪੇਸ਼

ਵਾਸ਼ਿੰਗਟਨ, 17 ਜੂਨ, (ਪੋਸਟ ਬਿਊਰੋ)- ਰੂਸ ਤੋਂ ਹਥਿਆਰਾਂ ਦੀ ਖ਼ਰੀਦ ਕਾਰਨ ਭਾਰਤ ਤੇ ਅਮਰੀਕਾ ਵਿਚਾਲੇ ਭਾਵੇਂ ਖਿਚੋਤਾਣ ਚੱਲ ਰਹੀ ਹੈ, ਪਰ ਦੋਵਾਂ ਦੇ ਸਬੰਧ ਹੋਰ ਅੱਗੇ ਵਧਣ ਦੀ ਮੁਹਿੰਮ ਨੂੰ ਕੋਈ ਫ਼ਰਕ ਨਹੀਂਪਿਆ।

ਅੱਜ ਅਮਰੀਕਾ ਵਿੱਚ ਸੱਤਾਧਾਰੀ ਰਿਪ-ਬਲਿਕਨ ਪਾਰਟੀ ਅਤੇ ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਪਾਰਲੀਮੈਂਟ ਦੇ ਉੱਪਰਲੇ ਸਦਨ ਸੈਨੇਟ ਵਿਚ ਭਾਰਤ ਨੂੰ ਨਾਟੋ ਦੇ ਸਹਿਯੋਗੀ ਮੈਂਬਰਾਂ ਦੀ ਬਰਾਬਰੀ ਦਾ ਦਰਜਾ ਦੇਣ ਦਾ ਮਤਾ ਪੇਸ਼ ਕਰ ਦਿੱਤਾ ਹੈ। ਜੇ ਇਹ ਮਤਾ ਪਾਸ ਹੋ ਗਿਆ ਤਾਂ ਭਾਰਤ ਨੂੰ ਅਤਿ-ਆਧੁਨਿਕ ਹਥਿਆਰ ਅਤੇ ਕਈ ਤਰ੍ਹਾਂ ਦੀ ਸੰਵੇਦਨਸ਼ੀਲ ਤਕਨੀਕ ਸਪਲਾਈ ਕਰਨ ਦਾ ਰਾਹ ਸਾਫ਼ ਹੋ ਜਾਵੇਗਾ।

ਇਸ ਬਾਰੇ ਪਤਾ ਲੱਗਾ ਹੈ ਕਿ ਅਮਰੀਕਾ ਆਰਮਜ਼ ਕੰਟਰੋਲ ਐਕਟ ਵਿਚ ਸੋਧ ਵਾਸਤੇ ਇਹ ਮਤਾ ਡੈਮੋਕ੍ਰੇਟ ਮੈਂਬਰ ਮਾਰਕ ਵਾਰਨਰ ਤੇ ਰਿਪਬਲਿਕਨ ਮੈਂਬਰ ਜਾਨ ਕਾਰਨਿਨ ਨੇ ਰੱਖਿਆ ਹੈ। ਇਸ ਮਤੇ ਵਿਚ ਭਾਰਤ ਨੂੰ ਅਮਰੀਕਾ ਦੇ ਵੱਡੇ ਰੱਖਿਆ ਸਹਿਯੋਗੀ ਤੋਂ ਉੱਪਰ ਦਾ ਦਰਜਾ ਦੇਣ ਦੀ ਤਜਵੀਜ਼ ਹੈ। ਮਤੇ ਮੁਤਾਬਕ ਭਾਰਤ ਨੂੰ ਨਾਟੋ ਸਹਿਯੋਗੀ ਵਾਲਾ ਦਰਜਾ ਮਿਲ ਜਾਵੇਗਾ। ਇਸ ਨਾਲ ਅਮਰੀਕਾ ਵਾਸਤੇ ਭਾਰਤ ਵੀ ਇਜ਼ਰਾਈਲ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਦੱਖਣੀ ਕੋਰੀਆ ਵਰਗਾ ਸਹਿਯੋਗੀ ਦੇਸ਼ ਹੋ ਜਾਵੇਗਾ ਅਤੇ ਅਮਰੀਕਾ ਤੋਂ ਨਾਟੋ ਸਹਿਯੋਗੀ ਦੇਸ਼ਾਂ ਵਾਂਗ ਹੀ ਅਤਿ-ਆਧੁਨਿਕ ਹਥਿਆਰ ਅਤੇ ਸੰਵੇਦਨਸ਼ੀਲ ਤਕਨੀਕ ਭਾਰਤ ਵੀ ਲੈ ਸਕੇਗਾ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਆਪਣਾ ਅਤਿ-ਆਧੁਨਿਕ ਮਿਜ਼ਾਈਲ ਡਿਫੈਂਸ ਸਿਸਟਮ ਟੀ ਐੱਚਏਏਡੀ (ਥਾਡ) ਹਾਲੇ ਤਕ ਸਿਰਫ ਦੱਖਣੀ ਕੋਰੀਆ ਨੂੰ ਦਿੱਤਾ ਹੈ। ਰੂਸ ਦੇ ਐੱਸ-400 ਏਅਰ ਡਿਫੈਂਸ ਸਿਸਟਮ ਬਦਲੇਅਮਰੀਕਾ ਨੇ ਆਪਣਾ ਇਹ ਸਿਸਟਮ ਦੇਣ ਦੀ ਪੇਸ਼ਕਸ਼ ਭਾਰਤ ਦੇ ਕੋਲ ਰੱਖੀ ਸੀ। ਸੰਭਵ ਹੈ ਕਿ ਇਸੇ ਮਤੇ ਨੂੰ ਪਾਸ ਕਰਨ ਲਈ ਅਮਰੀਕਾ ਆਪਣੀ ਪਾਰਲੀਮੈਂਟ ਵਿਚ ਭਾਰਤ ਦਾ ਸਹਿਯੋਗ ਦਾ ਦਰਜਾ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।ਇਸ ਤੋਂ ਪਹਿਲਾਂ ਅਮਰੀਕਾ ਨੇ ਭਾਰਤ ਨਾਲ 2018 ਵਿਚ ਕਮਿਊਨੀਕੇਸ਼ਨਜ਼, ਕੰਪੈਟੇਬਿਲਟੀ ਐਂਡ ਸਕਿਉਰਿਟੀ ਐਗਰੀਮੈਂਟ ਕੀਤਾ ਸੀ। ਇਸ ਨਾਲਦੋਵੇਂ ਦੇਸ਼ ਸੰਵੇਦਨਸ਼ੀਲ ਸੂਚਨਾਵਾਂ ਸਾਂਝੀਆਂ ਕਰ ਰਹੇ ਹਨ। ਭਾਰਤ ਨੂੰ ਅੱਤਵਾਦ ਵਿਰੁੱਧ ਕਾਰਵਾਈ ਵਿਚ ਕਾਫ਼ੀ ਮਦਦ ਮਿਲੀ ਹੈ। ਦੋਵੇਂ ਦੇਸ਼ ਬੇਸਿਕ ਐਕਸਚੇਂਜ ਕੋਆਪ੍ਰੇਸ਼ਨ ਐਗਰੀਮੈਂਟ ਉੱਤੇ ਵੀ ਦਸਖ਼ਤ ਕਰਨ ਵਾਲੇ ਹਨ। ਇਸ ਨਾਲ ਸਹਿਯੋਗ ਦਾ ਘੇਰਾ ਹੋਰ ਵਧ ਜਾਵੇਗਾ। ਇਹ ਸਭ ਅਗਲੇ ਹਫ਼ਤੇ ਓਸਾਕਾ (ਜਾਪਾਨ) ਵਿਚ ਜੀ-20 ਸੰਮੇਲਨ ਦੌਰਾਨਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੁਲਾਕਾਤ ਤੋਂ ਪਹਿਲਾਂ ਹੋ ਰਿਹਾ ਹੈ। ਅਗਲੇ ਹਫ਼ਤੇ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਵੀ ਭਾਰਤ ਦੌਰੇਲਈ ਆ ਰਹੇ ਹਨ।

# ਅੰਤਰਰਾਸ਼ਟਰੀ ਪਿਤਾ ਦਿਵਸ ਮੌਕੇ ਇਸ਼ਮੀਤ ਸਿੰਘ ਸੰਗੀਤ ਅਕਾਦਮੀ ਵਿੱਚ ਸਮਾਗਮ



ਲੁਧਿਆਣਾ, 17 ਜੂਨ (ਗਿਆਨ ਸਿੰਘ )-ਅੰਤਰਰਾਸ਼ਟਰੀ ਪਿਤਾ ਦਿਵਸ ਮੌਕੇ ਇੱਕ ਸ਼ਾਨਦਾਰ ਸਮਾਗਮ ਦਾ ਆਯੋਜਨ ਸਥਾਨਕ ਇਸ਼ਮੀਤ ਸਿੰਘ ਸੰਗੀਤ ਅਕਾਦਮੀ ਵਿਖੇ ਕੀਤਾ ਗਿਆ, ਜਿਸ ਵਿੱਚ ਅਕਾਦਮੀ ਦੇ ਸਿੱਖਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਗਾਇਨ, ਵਾਦਨ ਅਤੇ ਨਾਚ ਦੀਆਂ ਪੇਸ਼ਕਾਰੀਆਂ ਦਿੱਤੀਆਂ ਗਈਆਂ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਕਵੀ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਨੇ ਸ਼ਿਰਕਤ ਕੀਤੀ।

ਸਮਾਗਮ ਦੀ ਸ਼ੁਰੂਆਤ ਵਿੱਚ ਅਕਾਦਮੀ ਦੇ ਡਾਇਰੈਕਟਰ ਡਾ. ਚਰਨ ਕਮਲ ਸਿੰਘ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਨੂੰ ਕਿਹਾ ਅਤੇ ਬੱਚਿਆਂ ਲਈ ਪਿਤਾ ਦੇ ਮਹੱਤਵ ਦਾ ਵੇਰਵਾ ਪੇਸ਼ ਕੀਤਾ। ਉਨਾਂ ਸਿਖਿਆਰਥੀਆਂ ਨੂੰ ਤਾਕੀਦ ਕੀਤੀ ਕਿ ਸੰਗੀਤ ਦੇ ਖੇਤਰ ਵਿੱਚ ਕੁਝ ਨਾਮਣਾ ਖੱਟਣ ਉਪਰੰਤ ਆਪਣੇ ਮਾਤਾ ਪਿਤਾ ਤੇ ਉਸਤਾਦ ਸੰਗੀਤਕਾਰ ਅਤੇ ਉਨਾਂ ਦੀਆਂ ਭਾਵਨਾਵਾਂ ਦੀ ਕਦਰ ਦੀ ਅਹਿਮੀਅਤ ਨੂੰ ਕਦੇ ਵੀ ਭੁਲਾਉਣਾ ਨਹੀਂ ਚਾਹੀਦਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪਰਿਵਾਰ ਵਿੱਚ ਪਿਤਾ ਆਪਣੀਆਂ ਰੀਝਾਂ ਇੱਛਾਵਾਂ ਨੂੰ ਪਿੱਛੇ ਰੱਖ ਕੇ ਪਰਿਵਾਰ ਅਤੇ ਬੱਚਿਆਂ ਦੀਆਂ ਰੀਝਾਂ ਨੂੰ ਪੂਰੀਆਂ ਕਰਨ ਲਈ ਸਰਗਰਮ ਰਹਿੰਦਾ ਹੈ। ਪਰਿਵਾਰ ਦੇ ਹਰ ਜੀਅ ਲਈ ਪਿਤਾ ਦਾ ਹੋਣਾ ਪਰਿਵਾਰ ਲਈ ਠੰਡੀ ਛਾਂ ਮਾਨਣ ਦੇ ਤੁੱਲ ਹੈ। ਉਨਾਂ ਅਕਾਦਮੀ ਦੇ ਪਰਿਵਾਰ ਦੀ ਸ਼ਲਾਘਾ ਕੀਤੀ ਜੋ ਸੰਗੀਤ ਦੇ ਵਿਦਿਆਰਥੀਆਂ ਵਿੱਚ ਪਰਿਵਾਰਕ ਕਦਰਾਂ ਕੀਮਤਾਂ ਦੀ ਸੁਚੱਜੀ ਸਾਂਭ ਸੰਭਾਲ ਲਈ ਅਜਿਹੇ ਪ੍ਰੋਗਰਾਮ ਉਲੀਕਦੇ ਹਨ। ਉਨਾਂ ਜ਼ੋਰ ਦੇ ਕੇ ਕਿਹਾ ਕਿ ਦਿਨੋਂ ਦਿਨ ਤਾਰੋ-ਤਾਰ ਹੁੰਦੀਆਂ ਜਾ ਰਹੀਆਂ ਪਰਿਵਾਰਕ ਸਾਂਝਾਂ ਨੂੰ ਹੋਰ ਮਜ਼ਬੂਤ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ 'ਮਾਪੇ ਦਿਵਸ' ਵੀ ਮਨਾਇਆ ਜਾਣਾ ਚਾਹੀਦਾ ਹੈ।

ਸਮਾਗਮ ਦੌਰਾਨ ਮਿਸਿਜ਼ ਇੰਡੀਆ ਪਰਾਈਡ ਆਫ਼ ਨੇਸ਼ਨ 2018 ਸ੍ਰੀਮਤੀ ਅਸੀਮਾ ਸੇਠੀ ਅਤੇ ਮਿਸਿਜ਼ ਰਮਨ ਭਾਰਦਵਾਜ ਪ੍ਰਿੰਸੀਪਲ ਡੀ. ਪੀ. ਐੱਸ. ਕਿਡਜ਼ ਕੈਂਪਸ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਡਾ. ਕੇਵਲ ਅਰੋੜਾ ਨੇ ਆਪਣੀ ਕਵਿਤਾ ਰਾਹੀਂ ਪਿਤਾ ਦੇ ਅਰਮਾਨਾਂ ਦਾ ਪ੍ਰਗਟਾਅ ਕੀਤਾ। ਅਕਾਦਮੀ ਦੇ ਵੱਖ-ਵੱਖ ਵਿਭਾਗਾਂ ਦੇ ਬੱਚਿਆਂ ਵੱਲੋਂ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ ਗਈਆਂ।

# ਮਰਦਾਂ ਬਰਾਬਰ ਤਨਖਾਹ ਦੀ ਮੰਗ ਲਈ ਸਵਿਸ ਔਰਤਾਂ ਵੱਲੋਂ ਦੇਸ਼ ਵਿਆਪੀ ਹੜਤਾਲ ਤੇ ਧਰਨੇ

ਵੀਨਸ (ਇਟਲੀ) , 17 ਜੂਨ (ਪੋਸਟ ਬਿਊਰੋ)- ਸਮੁੱਚੇ ਯੂਰਪ ਅੰਦਰ ਔਰਤਾਂ ਨੂੰ ਜੀਵਨ ਦੇ ਹਰੇਕ ਖੇਤਰ ਅੰਦਰ ਮਰਦਾਂ ਦੇ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ, ਪ੍ਰੰਤੂ ਸਵਿਟਜ਼ਰਲੈਂਡ ਦੀਆਂ ਔਰਤਾਂ ਨੇ ਇਥੇ ਕੰਮਾਂ ਕਾਜਾਂ 'ਚ ਮਰਦਾਂ ਦੇ ਬਰਾਬਰ ਤਨਖਾਹ ਨਾ ਦਿੱਤੇ ਜਾਣ ਦੇ ਰੋਸ ਵਜੋਂ ਇਕ ਰੋਜ਼ਾ ਹੜਤਾਲ ਕੀਤੀ।

ਔਰਤਾਂ ਵੱਲੋਂ ਕੀਤੀ ਇਕ ਰੋਜ਼ਾ ਦੇਸ਼ ਵਿਆਪੀ ਹੜਤਾਲ ਨੂੰ ਜਿਥੇ ਯੂਰਪ ਦੀਆਂ ਪ੍ਰਮੁੱਖ ਜਥੇਬੰਦੀਆਂ ਨੇ ਸਹਿਯੋਗ ਦਿੱਤਾ, ਉਥੇ ਔਰਤਾਂ ਦੇ ਸੰਗਠਨਾਂ ਨੇ ਵੀ ਇਨ੍ਹਾਂ ਧਰਨਿਆਂ 'ਚ ਭਰਵੀਂ ਸ਼ਮੂਲੀਅਤ ਕੀਤੀ। ਇਸ ਮੁਲਕ ਵਿੱਚ 1991 ਤੋਂ ਬਾਅਦ ਔਰਤਾਂ ਵੱਲੋਂ ਕੀਤੀ ਇਹ ਵੱਡੀ ਹੜਤਾਲ ਮੰਨੀ ਗਈ ਹੈ, ਜਿਸ ਦੌਰਾਨ ਔਰਤ ਵਰਕਰਾਂ ਨੇ ਇਹ ਰੋਸ ਜਤਾਇਆ ਕਿ ਔਰਤਾਂ ਹਰੇਕ ਪੱਖ ਤੋਂ ਮਰਦਾਂ ਦੇ ਬਰਾਬਰ ਟੈਕਸ ਅਦਾ ਕਰਦੀਆਂ ਹਨ, ਪ੍ਰੰਤੂ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਤਨਖਾਹ ਅਦਾ ਨਹੀਂ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਇਥੇ ਔਰਤਾਂ ਦੁਆਰਾ ਵੋਟ ਦੇ ਅਧਿਕਾਰ ਨੂੰ ਹੋਰ ਪਾਰਦਰਸ਼ਕ ਬਣਾਏ ਜਾਣ ਨੂੰ ਲੈ ਕੇ 1981 ਵਿੱਚ ਵੀ ਝੰਡਾ ਚੁੱਕਿਆ ਗਿਆ ਸੀ ਤੇ 1981 ਵਿੱਚ ਕੀਤੀ ਗਈ ਹੜਤਾਲ ਦੇ ਨਾਲ ਇਥੋਂ ਦੀਆਂ ਔਰਤਾਂ ਵੱਲੋਂ ਨਿੱਜੀ ਹੱਕਾਂ ਤੇ ਆਜ਼ਾਦੀ ਲਈ ਜਾਣ ਵਾਲੇ ਸੰਘਰਸ਼ਾਂ ਦੀ ਪਹਿਲ ਕੀਤੀ ਸੀ ਅਤੇ ਇਕ ਵਾਰ ਫਿਰ ਤਨਖਾਹਾਂ ਦੀ ਬਰਾਬਰੀ ਲਈ ਸੰਘਰਸ਼ ਦਾ ਬਿਗਲ ਵਜਾ ਕੇ ਔਰਤਾਂ ਦੀ ਇਕਜੁੱਟਤਾ ਦਾ ਪ੍ਰਮਾਣ ਦਿੱਤਾ ਹੈ।

# ਢੀਂਡਸਾ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਲਾਈਫ਼ ਪ੍ਰੈਜ਼ੀਡੈਂਟ ਬਣੇ




ਮੁਹਾਲੀ, 17 ਜੂਨ (ਗਿਆਨ ਸਿੰਘ): ਪੰਜਾਬ ਓਲੰਪਿਕ ਐਸੋਸੀਏਸ਼ਨ (ਪੀ ਓ ਏ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਵੱਲੋਂ ਆਪਣੀ ਸਵੈ ਇੱਛਾ ਨਾਲ ਆਪਣੇ ਅਹੁਦਾ ਛੱਡਣ ਤੋਂ ਬਾਅਦ ਮੀਤ ਪ੍ਰਧਾਨ ਸ੍ਰੀ ਬ੍ਰਹਮ ਮਹਿੰਦਰਾ ਨੂੰ ਐਸੋਸੀਏਸ਼ਨ ਦੀ ਚੋਣ ਤੱਕ ਵਰਕਿੰਗ ਪ੍ਰਧਾਨ ਨਾਮਜ਼ਦ ਕਰ ਦਿੱਤਾ।

ਅੱਜ ਇੱਥੇ ਪੰਜਾਬ ਓਲੰਪਿਕ ਭਵਨ ਵਿਖੇ ਪੀ ਓ ਏ ਦੀ ਕਾਰਜਕਾਰਨੀ ਮੀਟਿੰਗ ਤੇ ਸਾਲਾਨਾ ਜਨਰਲ ਹਾਊਸ ਵਿੱਚ ਢੀਂਡਸਾ ਵੱਲੋਂ 41 ਸਾਲ ਪ੍ਰਧਾਨ ਵਜੋਂ ਨਿਭਾਈਆਂ ਸੇਵਾਵਾਂ ਦੀ ਸਲਾਹੁਤਾ ਕੀਤੀ ਗਈ ਅਤੇ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਢੀਂਡਸਾ ਦੀ ਸੁਚੱਜੀ ਅਗਵਾਈ ਤੇ ਰਹਿਨੁਮਾਈ ਲਈ ਉਨ੍ਹਾਂ ਨੂੰ ਪੀ ਓ ਏ ਦਾ ਲਾਈਫ਼ ਪ੍ਰੈਜ਼ੀਡੈਂਟ ਬਣਾਇਆ ਜਾਵੇ।ਪੀ ਓ ਏ ਵੱਲੋਂ ਸ ਢੀਂਡਸਾ ਨੂੰ ਪਦਮ ਭੂਸ਼ਣ ਸਨਮਾਨ ਮਿਲਣ ਉਤੇ ਵਧਾਈ ਦਿੱਤੀ ਗਈ ਅਤੇ ਇਸ ਸਨਮਾਨ ਨੂੰ ਐਸੋਸੀਏਸ਼ਨ ਲਈ ਮਾਣ ਵਾਲੀ ਗੱਲ ਆਖਿਆ ਗਿਆ।ਇਹ ਵੀ ਫੈਸਲਾ ਕੀਤਾ ਗਿਆ ਕਿ ਸ. ਢੀਂਡਸਾ ਵੱਲੋਂ ਨਿਭਾਈਆਂ ਗਈਆਂ ਲਾਮਿਸਾਲ ਸੇਵਾਵਾਂ ਦੇ ਮਾਣ ਵਜੋਂ ਉਨ੍ਹਾਂ ਨੂੰ ਵੱਡੇ ਸਮਾਗਮ ਵਿੱਚ ਸਮੁੱਚੀਆਂ ਖੇਡ ਐਸੋਸੀਏਸ਼ਨਾਂ ਅਤੇ ਖਿਡਾਰੀਆਂ ਵੱਲੋਂ ਸਨਮਾਨਤ ਕੀਤਾ ਜਾਵੇਗਾ।

ਪੀ ਓ ਏ ਦੀ ਕਾਰਜਕਾਰਨੀ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਅਤੇ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੂੰ ਪੀ ਓ ਏ ਦੀ ਚੋਣ ਤੱਕ ਐਸੋਸੀਏਸ਼ਨ ਦਾ ਵਰਕਿੰਗ ਪ੍ਰੈਜ਼ੀਡੈਂਟ ਨਾਮਜ਼ਦ ਕਰਨ ਦਾ ਪ੍ਰਸਤਾਵ ਸਰਵ ਸੰਮਤੀ ਨਾਲ ਪਾਸ ਕੀਤਾ ਗਿਆ ਜਿਸ ਨੂੰ ਬਾਅਦ ਵਿੱਚ ਸਲਾਨਾ ਜਨਰਲ ਹਾਊਸ ਨੇ ਵੀ ਪਾਸ ਕੀਤਾ।ਇਸ ਦੌਰਾਨ ਮੀਟਿੰਗ ਦੌਰਾਨ ਸ੍ਰੀ ਬ੍ਰਹਮ ਮਹਿੰਦਰਾ ਦੀ ਅਗਵਾਈ ਹੇਠ ਕਮੇਟੀ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਜਿਹੜੀ ਪੰਜਾਬ ਸਰਕਾਰ ਨਾਲ ਸਬੰਧਤ ਮਾਮਲਿਆਂ ਬਾਰੇ ਰਾਬਤਾ ਕਾਇਮ ਕਰੇਗੀ। ਮੀਟਿੰਗ ਦੌਰਾਨ ਹਾਜ਼ਰ ਬ੍ਰਹਮ ਮਹਿੰਦਰਾ ਤੇ ਕੈਬਨਿਟ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਵੱਲੋਂ ਪੀ ਓ ਏ ਨੂੰ ਆਪਣੇ ਅਖਤਿਆਰਾਂ ਕੋਟੇ ਵਿੱਚੋਂ 10-10 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਗਿਆ ਜਿਸ ਲਈ ਸਾਰੇ ਮੈਂਬਰਾਂ ਨੇ ਧੰਨਵਾਦ ਕੀਤਾ। ਇਸ ਤੋਂ ਪਹਿਲਾ ਮੀਟਿੰਗ ਵਿੱਚ ਪੀ ਓ ਏ ਦੇ ਸਕੱਤਰ ਜਨਰਲ ਰਾਜਾ ਕੇ ਐਸ ਸਿੱਧੂ ਨੇ ਮੀਟਿੰਗ ਦੀ ਕਾਰਵਾਈ ਚਲਾਉਂਦਿਆ ਪਿਛਲੇ ਸਮੇਂ ਦੌਰਾਨ ਹੋਏ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਕਿਹਾ ਕਿ ਸ ਢੀਂਡਸਾ ਦੀ ਅਗਵਾਈ ਹੇਠ ਪੀ ਓ ਏ ਵੱਲੋਂ ਮੁਹਾਲੀ ਵਿਖੇ ਸ਼ਾਨਦਾਰ ਪੰਜਾਬ ਓਲੰਪਿਕ ਭਵਨ ਬਣਾਇਆ ਗਿਆ। ਮੀਟਿੰਗ ਦੌਰਾਨ ਪੀ ਓ ਏ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਰਾਜਦੀਪ ਸਿੰਘ ਗਿੱਲ ਦੀਆਂ ਕੋਸ਼ਿਸ਼ਾਂ ਦੀ ਤਾਰੀਫ਼ ਕੀਤੀ ਗਈ ਜਿਨ੍ਹਾਂ ਨੇ ਭਵਨ ਵਿਖੇ ਹਾਲ ਆਫ ਫੇਮ ਬਣਾਇਆ। ਇਸ ਹਾਲ ਆਫ ਫੇਮ ਵਿੱਚ ਪੰਜਾਬ ਨਾਲ ਸਬੰਧਤ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੀਆਂ ਤਸਵੀਰਾਂ ਤੇ ਪ੍ਰਾਪਤੀਆਂ ਦਰਜ ਹਨ।

ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਭਵਨ ਵਿੱਚ ਕਨਵੈਨਸ਼ਨ ਹਾਲ ਦਾ ਨਾਮ 'ਸੁਖਦੇਵ ਸਿੰਘ ਢੀਂਡਸਾ ਕਨਵੈਨਸ਼ਨ ਹਾਲ' ਰੱਖਿਆ ਜਾਵੇ। ਮੀਟਿੰਗ ਉਪਰੰਤ ਸਮੂਹ ਅਹੁਦੇਦਾਰਾਂ ਨੇ ਜ਼ਮੀਨੀ ਮੰਜ਼ਿਲ ਉਪਰ ਬਣੇ 'ਹਾਲ ਆਫ ਫੇਮ' ਨੂੰ ਵੀ ਦੇਖਿਆ। ਇਸ ਤੋਂ ਪਹਿਲਾਂ ਮੀਟਿੰਗ ਦੀ ਸ਼ੁਰੂਆਤ ਵਿੱਚ ਐਸੋਸੀਏਸ਼ਨ ਦੇ ਖਜਾਨਚੀ ਰਹੇ ਸ੍ਰੀ ਪੀ.ਐਸ.ਵਿਰਕ ਜਿਨ੍ਹਾਂ ਦਾ ਦੇਹਾਂਤ ਹੋ ਗਿਆ ਸੀ, ਨੂੰ ਯਾਦ ਕਰਦਿਆਂ ਸਮੂਹ ਅਹੁਦੇਦਾਰਾਂ ਨੇ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਵੀ ਦਿੱਤੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਰੈਪਟਰਜ਼ ਜਿੱਤ- ਕਰੋੜਾਂ ਚਿਹਰੇ ਇੱਕ ਖੇੜਾ

ਰੈਪਟਰਜ਼ ਵੱਲੋਂ ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਕੱਪ ਜਿੱਤਣ ਦੇ ਕਈ ਮਾਅਨੇ ਹਨ। ਹਰ ਮੁਲਕ ਨੂੰ ਇੱਕ ਅਜਿਹੀ ਘੜੀ ਲੋੜੀਂਦੀ ਹੁੰਦੀ ਹੈ ਜੋ ਦੇਸ਼ ਵਾਸੀਆਂ ਲਈ ਖੁਸ਼ੀ, ਖੇੜੇ, ਏਕੇ ਅਤੇ ਮਾਣ-ਸਨਮਾਨ ਦਾ ਕਾਰਣ ਬਣੇ। ਰੈਪਟਰਜ਼ ਨੇ ਉਹ ਘੜੀਆਂ ਕੈਨੇਡਾ ਨੂੰ ਬਖ਼ਸ਼ੀਆਂ ਹਨ। ਕੋਸਟ ਟੂ ਕੋਸਟ (Coast to coast) ਕੈਨੇਡੀਅਨਾਂ ਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਰੈਪਰਟਰਜ਼ ਇੱਕ ਕਮਰਸ਼ੀਅਲ ਟੀਮ ਹੈ, ਇਸ ਵਿੱਚ ਸ਼ਾਮਲ ਖਿਡਾਰੀ 'ਟੀਮ ਮੈਨੇਜਮੈਂਟ' ਵੱਲੋਂ ਖਰੀਦ ਕੇ ਸ਼ਾਮਲ ਕੀਤੇ ਜਾਂਦੇ ਹਨ, ਸਾਰੀ ਦੀ ਸਾਰੀ ਖੇਡ ਪੈਸੇ ਦੀ ਹੈ। ਕੈਨੇਡੀਅਨਾਂ ਲਈ ਬੱਸ ਐਨਾ ਹੀ ਬਹੁਤ ਹੈ ਕਿ ਦੇਸ਼ ਦੀ ਇੱਕ ਟੀਮ ਨੇ ਉਹਨਾਂ ਨੂੰ ਇੱਕ ਤਾਰ ਵਿੱਚ ਪਰੋਏ ਜਾਣ ਦਾ ਸਬੱਬ ਬਖਸ਼ਿਆ ਹੈ।

ਕੱਲ ਟੋਰਾਂਟੋ ਵਿੱਚ ਰੈਪਰਟਰਜ ਦੀ ਜਿੱਤ ਦੇ ਸ਼ਗਨ ਮਨਾਉਣ ਲਈ ਕੱਢੀ ਗਈ ਪਰੇਡ ਵਿੱਚ 20 ਲੱਖ ਲੋਕਾਂ ਨੇ ਹਿੱਸਾ ਲਿਆ। ਇਹ ਲੋਕ ਤਾਂ ਇਕੱਤਰ ਹੋਏ ਕਿਉਂਕਿ ਮਨੁੱਖ ਵਿੱਚ ਕਿਸੇ ਚੰਗੇ ਕੰਮ ਨਾਲ ਜੁੜਨ ਦੀ ਸੁਭਾਵਿਕ ਖਵਾਹਿਸ਼ ਹੁੰਦੀ ਹੈ। ਹੈਮਿਲਟਨ, ਉਂਟੇਰੀਓ ਤੋਂ ਤਿੰਨ ਮੁਟਿਆਰ ਭੈਣਾਂ ਨੇ ਐਤਵਾਰ ਦੀ ਸਾਰੀ ਰਾਤ ਨੇਥਨ ਫਿਲਿਪ ਸਕੁਐਰ ਦੀ ਗਰਾਉਂਡ ਵਿੱਚ ਬਿਤਾਈ ਤਾਂ ਜੋ ਸਵੇਰੇ ਵੇਲੇ ਅਜਿਹੀ ਥਾਂ ਮੱਲ ਸੱਕਣ ਜਿੱਥੇ ਤੋਂ ਕਵਾਈ ਲੀਨਾਰਡੋ (Kawhi Leonardo), ਕਾਇਲ ਲਾਊਰੀ (Kyle Lowry), ਪਾਸਕਲ ਸਿਆਕਾਮ (Pascal Siakam), ਸਰਗ ਆਈਬਾਕਾ (Serge Ibaka) ਆਦਿ ਆਪਣੇ ਚਹੇਤੇ ਖਿਡਾਰੀਆਂ ਚੰਗੇ ਤਰੀਕੇ ਦਰਸ਼ਨ ਕਰ ਸੱਕਣ। ਇਸਤੋਂ ਪਹਿਲਾਂ ਟੋਰਾਂਟੋ ਵਿੱਚ ਅਜਿਹੇ ਜਸ਼ਨ 1993 ਵਿੱਚ ਹੋਏ ਸਨ ਜਦੋਂ ਟੋਰਾਂਟੋ ਬਲੂ ਜੇਅਜ਼ ਨੇ ਵਰਲਡ ਸੀਰੀਜ਼ ਜਿੱਤੀ ਸੀ। ਰੈਪਟਰਜ਼ ਨੇ 26 ਸਾਲਾਂ ਬਾਅਦ ਕੈਨੇਡਾ ਨੂੰ ਇੱਕ ਜੁੱਟ ਹੋਣ ਦਾ ਅਵਸਰ ਦਿੱਤਾ ਹੈ।

ਲੀਓਨਾਰਡੋ, ਲਾਊਰੀ, ਪਾਸਕਲ ਜਾਂ ਆਈਬਾਕਾ ਵਰਗੇ ਤਾਂ ਮਹਾਨ ਬਾਸਕਟਬਾਲ ਖਿਡਾਰੀ ਹਨ ਅਤੇ ਲੋਕਾਂ ਦਾ ਉਹਨਾਂ ਦੀ ਤੱਕਣੀ ਲਈ ਉਤਾਵਲੇ ਹੋਣਾ ਸੁਭਾਵਿਕ ਹੈ। ਪਰ ਚੰਗੇ ਕੰਮ ਲਈ ਕੀਤੀ ਮਿਹਨਤ ਹਰ ਕਿਸੇ ਦੀ ਥਾਂ ਪੈਂਦੀ ਹੈ, ਇਸਦੀ ਮਿਸਾਲ ਰੈਪਟਰਜ਼ ਸੁਪਰਫੈਨ ਨਵ-ਭਾਟੀਆ ਹੈ। ਉਹ 1984 ਵਿੱਚ ਭਾਰਤ ਦੀ ਰਾਜਧਾਨੀ ਦਿੱਲੀ ਤੋਂ ਕੈਨੇਡਾ ਆਇਆ ਜਿਸਨੇ ਸਿੱਖ ਵਿਰੋਧੀ ਹਿੰਸਾ ਨੂੰ ਨੰਗੇ ਚਿੱਟੇ ਰੂਪ ਵਿੱਚ ਵੇਖਿਆ। ਕੈਨੇਡਾ ਆਉਣ ਤੋਂ ਬਾਅਦ ਉਸਨੂੰ ਲੋਕੀ 'ਪਾਕੀ' 'ਟੈਕਸੀ ਡਰਾਈਵਰ' ਆਦਿ ਨਫ਼ਰਤ ਭਰੇ ਸ਼ਬਦਾਂ ਨਾਲ ਸੰਬੋਧਨ ਕਰਦੇ ਰਹੇ ਹਨ। ਪਰ ਇਸ ਮਨੁੱਖ ਨੇ ਨਾ ਆਪਣਾ ਧਰਮ ਤਿਆਗਿਆ, ਨਾ ਕਿਸੇ ਪ੍ਰਤੀ ਨਫ਼ਰਤ ਜਾਂ ਸਾੜਾ ਰੱਖਿਆ ਸਗੋਂ ਆਪਣੇ ਤਨ ਮਨ ਦੀ ਊਰਜਾ ਨੂੰ 'ਰੈਪਟਰਜ਼'ਦਾ ਸੁਪਰਫੈਨ ਬਣਨ ਉੱਤੇ ਖਰਚ ਕੀਤਾ। ਰੈਪਟਰਜ਼ ਦੇ 25 ਸਾਲਾ ਇਤਿਹਾਸ ਵਿੱਚ ਹਰ ਮੈਚ ਵੇਖਣ ਵਾਲਾ ਨਵ-ਭਾਟੀਆ ਹਰੇਕ ਸਾਲ ਦੋ ਤੋਂ ਢਾਈ ਲੱਖ ਡਾਲਰ ਬਾਸਕਟਬਾਲ ਦੇ ਸ਼ੌਕ ਉੱਤੇ ਖਰਚ ਕਰਦਾ ਹੈ। ਅੱਜ ਉਸਦੀ ਦਸਤਾਰ ਅਤੇ ਸਿੱਖੀ ਸ਼ਾਨ ਨੂੰ ਕੈਨੇਡਾ ਭਰ ਵਿੱਚ ਹੀ ਨਹੀਂ ਸਗੋਂ ਵਿਸ਼ਵ ਭਰ ਵਿੱਚ ਲੋਕੀ ਪਹਿਚਾਣ ਬਖਸ਼ਦੇ ਹਨ।

ਨਵ-ਭਾਟੀਆ ਦੀ ਪ੍ਰਾਪਤੀ ਕੈਨੇਡਾ ਦੀ ਪ੍ਰਾਪਤੀ ਹੈ, ਸਿੱਖ ਭਾਈਚਾਰੇ ਦੀ ਪ੍ਰਾਪਤੀ ਹੈ, ਕੈਨੇਡਾ ਦੀ ਵਿਭਿੰਨਤਾ ਦੀ ਪ੍ਰਾਪਤੀ ਹੈ। ਨਵ-ਭਾਟੀਆ ਨੇ 1999 ਵਿੱਚ 1 ਹਜ਼ਾਰ ਤੋਂ ਵੱਧ ਟਿਕਟਾਂ ਖਰੀਦ ਕੇ ਸਿੱਖ, ਹਿੰਦੂ, ਮੁਸਲਮਾਨ, ਈਸਾਈ, ਯਹੂਦੀ ਬੱਚਿਆਂ ਵਿੱਚ ਵੰਡ ਕੇ 300 ਸਾਲਾ ਖਾਲਸਾ ਦਿਹਾੜਾ ਮਨਾਇਆ ਸੀ ਤਾਂ ਜੋ ਲੋਕੀ ਸਿੱਖ ਦੀ ਨਹੀਂ ਸਗੋਂ ਸਿੱਖੀ ਦੀ ਭਾਵਨਾ ਤੋਂ ਜਾਣੂੰ ਹੋਣ ਅਤੇ ਖੇਡ ਦੀ ਮਨੁੱਖ ਨੂੰ ਬਿਹਤਰ ਬਣਾਉਣ ਦੀ ਤਾਕਤ ਨੂੰ ਅਪਨਾ ਸੱਕਣ।

ਰੈਪਟਰਜ਼ ਦੀ ਜਿੱਤ ਦਾ ਇੱਕ ਨਤੀਜਾ ਕੈਨੇਡਾ ਦੀ ਨਵੀਂ ਪੀੜੀ ਵਿੱਚ ਖੇਡਾਂ ਪ੍ਰਤੀ ਜਾਗਰੂਕਤਾ ਦਾ ਪੈਦਾ ਹੋਣਾ ਹੈ। ਅੱਜ ਕੈਨੇਡਾ ਦੀ ਹਰ ਸਟਰੀਟ, ਹਰ ਘਰ ਵਿੱਚ ਬੱਚੇ ਖੇਡ ਨੂੰ ਲੈ ਕੇ ਉਤਸ਼ਾਹਿਤ ਹਨ। ਅਗਲੇ ਕਈ ਸਾਲਾਂ ਤੱਕ ਇਹ ਬੱਚੇ ਇਸ ਜਿੱਤ ਦੀਆਂ ਯਾਦਾਂ ਲੈ ਕੇ ਗੱਲਾਂ ਕਰਦੇ ਵੱਡੇ ਹੋਣਗੇ ਅਤੇ ਇੰਝ ਹੀ ਰੱਬ ਕਦੇ ਕੋਈ ਹੋਰ ਸਬੱਬ ਪੈਦਾ ਕਰ ਦੇਵੇਗਾ।

ਇਹਨਾਂ ਸਾਰੇ ਜਸ਼ਨਾਂ ਅਤੇ ਖੁਸ਼ੀਆਂ ਵਿੱਚੋਂ ਇੱਕ ਸਬਕ ਸਿੱਖਣਾ ਬਣਦਾ ਹੈ ਕਿ ਸਫ਼ਲ ਹੋਣ ਵਾਸਤੇ ਹਰ ਵਿਅਕਤੀ ਨੂੰ ਆਪਣਾ ਰਾਹ ਖੁਦ ਚੁਣਨਾ ਹੋਵੇਗਾ। ਸਫ਼ਲਤਾ ਦੀ ਚੋਟੀ ਸੱਭਨਾਂ ਨੂੰ ਦਿੱਸਦੀ ਹੈ ਪਰ ਚੋਟੀ ਤੱਕ ਪੁੱਜਣ ਲਈ ਖਾਧੇ ਧੱਕੇ, ਝੱਲੀਆਂ ਹਾਰਾਂ ਵਿਖਾਈ ਨਹੀਂ ਦੇਂਦੀਆਂ ਹੁੰਦੀਆਂ। ਪਿਛਲੇ 50 ਸੀਜ਼ਨਾਂ ਵਿੱਚ ਰੈਪਟਰਜ਼ ਪਹਿਲੀ ਟੀਮ ਹੈ ਜੋ ਰੋਸਟਰ ਦੀਆਂ ਚੋਟੀ ਦੀਆਂ 10 ਟੀਮਾਂ ਸ਼ਾਮਲ ਨਹੀਂ ਸੀ ਕੀਤੀ ਗਈ। ਕਵਾਈ ਲੀਓਨਾਰਡੋ ਮਹਿਜ਼ 17 ਸਾਲਾਂ ਦਾ ਸੀ ਜਦੋਂ ਉਸਦੇ ਪਿਤਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਅਤੇ ਉਸਨੂੰ ਅਗਲੇ ਦਿਨ ਖੇਡ ਖੇਡਣ ਜਾਣ ਦੀ ਮਜ਼ਬੂਰੀ ਸੀ। ਉਸ ਦਿਨ ਖੇਡ ਤੋਂ ਇੱਕ ਦਮ ਬਾਅਦ ਜੋ ਦਹਾੜ ਮਾਰ ਕੇ ਲੀਓਨਾਰਡੋ ਰੋਇਆ ਸੀ, ਉਸਦੀ ਭਰਪਾਈ ਟਰਾਫੀਆਂ ਨਹੀਂ ਕਰਦੀਆਂ ਹੁੰਦੀਆਂ ਸਗੋਂ ਆਤਮਾ ਦਾ ਸਕੂਨ ਹੁੰਦਾ ਹੈ ਜੋ ਹੋਰਾਂ ਨੂੰ ਖੁਸ਼ੀਆਂ ਦੇਣ ਵਿੱਚੋਂ ਲੱਭਦਾ ਹੈ।

ਜੇ ਨਵੀਂ ਪੀੜੀ ਦੇ ਬੱਚੇ ਕਵਾਈ ਵਰਗਾ ਖਿਡਾਰੀ ਅਤੇ ਨਵ-ਭਾਟੀਆ ਵਰਗਾ ਜਨੂੰਨੀ ਸੁਪਰਫੈਨ ਬਣਨ ਵਾਸਤੇ ਕੀਤੀਆਂ ਜਾਣ ਵਾਲੀਆਂ ਕੁਰਬਾਨੀਆਂ ਦੀ ਬਰਾਬਰੀ ਕਰਨ ਨੂੰ ਤਿਆਰ ਹੋਣ ਤਾਂ ਹਰ ਮੈਦਾਨ ਫਤਿਹ ਹੋਣੀ ਸੁਭਾਵਿਕ ਹੈ। ਤਾਹੀਉਂ ਮਾਣ ਰੈਪਟਰਜ਼ ਦੀ ਜਿੱਤ ਉੱਤੇ ਘੱਟ ਸਗੋਂ ਜਿੱਤ ਦੀ ਭਾਵਨਾ ਉੱਤੇ ਕੀਤੇ ਜਾਣ ਦੀ ਲੋੜ ਹੈ।

# ਲਾਲ ਰੰਗ ਵਿੱਚ ਰੰਗਿਆ ਟੋਰਾਂਟੋ



...ਪੰਨਾ 1 ਦਾ ਬਾਕੀ

ਐਨੇ ਪਿਆਰ ਸਤਿਕਾਰ ਉੱਤੇ ਯਕੀਨ ਕਰਨਾ ਔਖਾ ਹੈ ਪਰ ਇਹ ਸੱਭ ਸਾਡੇ ਸਾਹਮਣੇ ਹੋ ਰਿਹਾ ਹੈ। ਇਸ ਨਜ਼ਾਰੇ ਨੂੰ ਲਫਜ਼ਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਫੌਰਵਰਡ ਪਾਸਕਲ ਸਿਆਕਾਮ ਨੇ ਆਖਿਆ ਕਿ ਉਨ੍ਹਾਂ ਨੂੰ ਆਪਣੀਆਂ ਅੱਖਾਂ ਉੱਤੇ ਯਕੀਨ ਨਹੀਂ ਹੋ ਰਿਹਾ ਕਿ ਇਹ ਸਭ ਸੱਚੀਂ ਵਾਪਰ ਰਿਹਾ ਹੈ। ਇਸ ਸੱਭ ਨਾਲ ਉਨ੍ਹਾਂ ਦੀ ਖੁਸ਼ੀ ਦਾ ਅਹਿਸਾਸ ਦੁੱਗਣਾ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਹੈ ਕਿ ਉਹ ਕੀ ਆਖਣ। ਉਨ੍ਹਾਂ ਅੱਗੇ ਆਖਿਆ ਕਿ ਉਨ੍ਹਾਂ ਦਾ ਅਗਲਾ ਟੀਚਾ 2020 ਵਿੱਚ ਹੋਣ ਵਾਲੀ ਚੈਂਪੀਅਨਸ਼ਿੱਪ ਜਿੱਤਣਾ ਹੈ। ਇਹ ਦੁਨੀਆ ਦੇ ਬਿਹਤਰੀਨ ਪ੍ਰਸ਼ੰਸਕ ਹਨ ਤੇ ਇਨ੍ਹਾਂ ਲਈ ਸਾਨੂੰ ਅਗਲੀ ਚੈਂਪੀਅਨਸ਼ਿੱਪ ਵੀ ਜਿੱਤਣੀ ਹੋਵੇਗੀ। ਐਨਾ ਤਾਂ ਅਸੀਂ ਇਨ੍ਹਾਂ ਲਈ ਕਰ ਹੀ ਸਕਦੇ ਹਾਂ।

ਡੈਨੀ ਗ੍ਰੀਨ ਨੇ ਆਖਿਆ ਕਿ ਉਸ ਨੂੰ ਲੱਗ ਰਿਹਾ ਹੈ ਕਿ 36 ਮਿਲੀਅਨ ਕੈਨੇਡੀਅਨ ਅੱਜ ਉਨ੍ਹਾਂ ਦੀ ਜਿੱਤ ਦੇ ਜਸ਼ਨ ਮਨਾ ਰਹੇ ਹਨ। ਇਹ ਅਹਿਸਾਸ ਹੀ ਆਪਣੇ ਆਪ ਵਿੱਚ ਕਿੰਨਾਂ ਚੰਗਾ ਹੈ। ਹੈੱਡ ਕੋਚ ਨਿੱਕ ਨਰਸ ਨੇ ਆਖਿਆ ਕਿ ਪ੍ਰਸ਼ੰਸਕਾਂ ਨੇ ਵੀ ਸਾਡੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਜਦੋਂ ਗੇਮ 1 ਵਿੱਚ ਉਹ ਓ ਕੈਨੇਡਾ ਗਾ ਰਹੇ ਸਨ ਤਾਂ ਵਾਰੀਅਰਜ਼ ਦੇ ਚਿਹਰੇ ਵੇਖਣ ਵਾਲੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਸਾਰਾ ਦੇਸ਼ ਟੀਮ ਦੇ ਪਿੱਛੇ ਹੈ।

ਇਸ ਤਰ੍ਹਾਂ ਦਾ ਨਜ਼ਾਰਾ ਕੈਨੇਡਾ ਦੇ ਇਤਿਹਾਸ ਵਿੱਚ ਵਾਕਈ ਪਹਿਲਾਂ ਕਦੇ ਵੇਖਣ ਨੂੰ ਨਹੀਂ ਮਿਲਿਆ। ਜਦੋਂ ਖਿਡਾਰੀਆਂ ਨਾਲ ਭਰੀਆਂ ਬੱਸਾਂ ਸਬੰਧਤ ਰੂਟ ਤੋਂ ਲੰਘੀਆਂ ਤਾਂ ਰੈਪਟਰਜ਼ ਦੇ ਸੱਭ ਤੋਂ ਪੁਰਾਣੇ ਖਿਡਾਰੀ ਕਾਇਲੇ ਲੌਰੀ ਦੇ ਹੱਥ ਵਿੱਚ ਫੜ੍ਹੀ ਚੈਂਪੀਅਨਸ਼ਿਪ ਟਰੌਫੀ ਨੂੰ ਵੇਖਣ ਤੇ ਖਿਡਾਰੀਆਂ ਦੀ ਇੱਕ ਝਲਕ ਵੇਖਣ ਲਈ ਲੋਕਾਂ ਦਾ ਦਰਿਆ ਉਮੜ ਪਿਆ। ਸੜਕਾਂ, ਓਵਰਪਾਸਿਜ਼, ਛੱਤਾਂ ਤੇ ਪਾਰਕਿੰਗ ਗੈਰਾਜ ਤੱਕ ਵਿੱਚ ਲੋਕ ਅੱਡੀਆਂ ਚੁੱਕ ਚੁੱਕ ਪਰੇਡ ਦਾ ਆਨੰਦ ਮਾਣਦੇ ਨਜ਼ਰ ਆਏ।

# ਰੈਪਟਰਜ਼ ਦੀ ਚੈਂਪੀਅਨਸ਼ਿੱਪ ਜਿੱਤ ਦੇ ਜਸ਼ਨਾਂ ਦੌਰਾਨ ਚੱਲੀ ਗੋਲੀ, 4 ਜ਼ਖ਼ਮੀ

...ਪੰਨਾ 1 ਦਾ ਬਾਕੀ

ਟੋਰਾਂਟੋ ਪੁਲਿਸ ਮੁਖੀ ਮਾਰਕ ਸੌਂਡਰਜ਼ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਚਾਰੇ ਜ਼ਖ਼ਮੀਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਉਨ੍ਹਾਂ ਦੱਸਿਆ ਕਿ ਦੋ ਹਥਿਆਰ ਬਰਾਮਦ ਕੀਤੇ ਜਾ ਚੁੱਕੇ ਹਨ ਤੇ ਜਾਂਚ ਜਾਰੀ ਹੈ।

ਚੀਫ ਸੌਂਡਰਜ਼ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਹੈ ਕਿ ਇਸ ਮੌਕੇ ਭਗਦੜ ਵੀ ਮਚੀ ਸੀ। ਉਨ੍ਹਾਂ ਦੱਸਿਆ ਕਿ ਗੋਲੀ ਚੱਲਣ ਤੋਂ ਡਰਦੇ ਮਾਰੇ ਲੋਕ ਇੱਧਰ ਉੱਧਰ ਖਿੱਲਰੇ ਜ਼ਰੂਰ ਹੋਣਗੇ। ਉਨ੍ਹਾਂ ਸ਼ਾਮੀਂ 6:00 ਵਜੇ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਸੱਭ ਖੁੱਲ੍ਹੇਆਮ ਹੋਇਆ। ਇੱਥੇ ਇੱਕ ਮਿਲੀਅਨ ਤੋਂ ਵੀ ਵੱਧ ਲੋਕ ਮੌਜੂਦ ਸਨ। ਉਨ੍ਹਾਂ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਚਸ਼ਮਦੀਦ ਸਾਹਮਣੇ ਆ ਕੇ ਸਾਡੀ ਮਦਦ ਕਰਨ। ਅਧਿਕਾਰੀਆਂ ਨੇ ਥੋੜ੍ਹੀ ਦੇਰ ਲਈ ਇਨ੍ਹਾਂ ਜਸ਼ਨਾਂ ਨੂੰ ਰੋਕਦਿਆਂ ਹੋਇਆਂ ਸਾਰਿਆਂ ਨੂੰ ਐਮਰਜੰਸੀ ਸਥਿਤੀ ਤੋਂ ਜਾਣੂ ਕਰਵਾਇਆ ਤੇ ਸਾਰਿਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਵੀ ਕੀਤੀ। ਪਰ ਫਿਰ ਥੋੜ੍ਹੀ ਦੇਰ ਬਾਅਦ ਜਸ਼ਨ ਪਹਿਲਾਂ ਵਾਂਗ ਹੀ ਸ਼ੁਰੂ ਹੋ ਗਏ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਪੁਲਿਸ, ਪੈਰਾਮੈਡਿਕਸ ਤੇ ਟੋਰਾਂਟੋ ਟਰਾਂਜ਼ਿਟ ਕਮਿਸ਼ਨ ਵੱਲੋਂ ਤੇਜ਼ੀ ਨਾਲ ਲਏ ਗਏ ਫੈਸਲਿਆਂ ਲਈ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀ ਸੱਭ ਤੋਂ ਪਹਿਲਾਂ ਮੌਕੇ ਉੱਤੇ ਪਹੁੰਚਣ ਵਾਲਿਆਂ ਦਾ ਧੰਨਵਾਦ ਕੀਤਾ।

ਟੋਰਾਂਟੋ ਪੁਲਿਸ ਅਨੁਸਾਰ ਇੱਥੋਂ ਥੋੜ੍ਹੀ ਦੂਰੀ ਉੱਤੇ ਹੀ ਛੁਰੇਬਾਜ਼ੀ ਦੀਆਂ ਦੋ ਘਟਨਾਵਾਂ ਵਿੱਚ ਚਾਰ ਵਿਅਕਤੀ ਜ਼ਖ਼ਮੀ ਹੋ ਗਏ। ਛੁਰੇਬਾਜ਼ੀ ਦੀ ਪਹਿਲੀ ਘਟਨਾ ਯੰਗ ਡੰਡਾਸ ਸਕੁਏਅਰ ਨੇੜੇ 2:00 ਵਜੇ ਤੋਂ ਬਾਅਦ ਵਾਪਰੀ। ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਦੂਜੀ ਘਟਨਾ ਕੁਈਨ ਤੇ ਬੇਅ ਨੇੜੇ 2:30 ਵਜੇ ਤੋਂ ਬਾਅਦ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਸਟੋਰ ਦੀ ਐਂਟਰੈਂਸ ਨੇੜੇ ਲੜਾਈ ਹੋਣ ਦੀਆਂ ਖਬਰਾਂ ਮਿਲੀਆਂ ਤੇ ਤਿੰਨ ਵਿਅਕਤੀਆਂ ਨੂੰ ਚਾਕੂ ਮਾਰੇ ਜਾਣ ਬਾਰੇ ਪਤਾ ਲੱਗਿਆ। ਇਨ੍ਹਾਂ ਵਿਅਕਤੀਆਂ ਨੂੰ ਮਾਮੂਲੀ ਜ਼ਖ਼ਮੀ ਦੱਸਿਆ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਖੰਨਿਆਂ ਬਗੀਚੀ ਦੇ ਮੰਦਰ ਵਿੱਚੋਂ ਪੰਜ ਮੁਕਟ ਅਤੇ ਚੜ੍ਹਾਵਾ ਚੋਰੀ

ਜਲੰਧਰ, 17 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਸੋਢਲ ਦੇ ਨੇੜੇ ਖੰਨਿਆਂ ਬਗੀਚੀ ਮੰਦਰ ਤੋਂ ਸ਼ਨੀਵਾਰ ਦੀ ਰਾਤ ਨੂੰ ਚੋਰ ਚਾਂਦੀ ਦੇ ਪੰਜ ਮੁਕਟ, ਸ਼ਿਵਲਿੰਗ ਉਤੇ ਲੱਗਾ ਚਾਂਦੀ ਦਾ ਪਤਰਾ ਅਤੇ ਗੋਲਕ 'ਚੋਂ ਨਕਦੀ ਚੋਰੀ ਕਰ ਕੇ ਲੈ ਗਏ। ਇਸ ਕੱਲ੍ਹ ਸਵੇਰੇ ਪਤਾ ਲੱਗਾ ਜਦ ਪੁਜਾਰੀ ਨੇ ਮੰਦਰ ਖੋਲ੍ਹਿਆ। ਪੁਜਾਰੀ ਦੇ ਦੱਸਣ ਮੁਤਾਬਕ ਚੋਰੀ ਦੇ ਵਕਤ ਗੋਲਕ ਵਿੱਚ ਕਰੀਬ ਸਵਾ ਲੱਖ ਰੁਪਏ ਦਾ ਚੜ੍ਹਾਵਾ ਵੀ ਸੀ।

ਇਸ ਬਾਰੇ ਪੁਜਾਰੀ ਨੇ ਦੱਸਿਆ ਕਿ ਸ਼ਨੀਵਾਰ ਰਾਤ ਕਰੀਬ 10 ਵਜੇ ਉਹ ਮੰਦਰ ਨੂੰ ਤਾਲਾ ਲਾ ਕੇ ਕਮਰੇ ਵਿੱਚ ਸੌਣ ਲਏ ਚਲੇ ਗਏ ਤੇ ਸਵੇਰੇ ਪੰਜ ਵਜੇ ਚੋਰੀ ਦਾ ਪਤਾ ਲੱਗਾ। ਮੰਦਰ ਕਮੇਟੀ ਦੇ ਮੈਂਬਰ ਦਿਨੇਸ਼ ਖੰਨਾ ਨੇ ਦੱਸਿਆ ਕਿ ਰਾਤ ਨੂੰ ਮੰਦਰ ਵਿੱਚ ਸਿਰਫ ਪੁਜਾਰੀ ਸੀ। ਕੁਝ ਦਿਨ ਪਹਿਲਾਂ ਵੀ ਮੰਦਰ ਦੇ ਬਾਥਰੂਮ ਦੀਆਂ ਟੂਟੀਆਂ ਚੋਰੀ ਹੋ ਗਈਆਂ ਸਨ। ਪੁਲਸ ਅਜੇ ਉਹ ਮਾਮਲਾ ਸੁਲਝਾ ਨਹੀਂ ਸਕੀ ਕਿ ਦੂਸਰੀ ਚੋਰੀ ਹੋ ਗਈ ਹੈ। ਦਿਨੇਸ਼ ਨੇ ਦੱਸਿਆ ਕਿ ਸਾਈਂਦਾਸ ਸਕੂਲ ਦੀ ਗਰਾਊਂਡ ਵਿੱਚ ਉਹ ਬਾਲਾ ਜੀ ਜਾਗਰਣ ਵਿੱਚ ਸਨ। ਸਵੇਰੇ ਕਰੀਬ ਪੰਜ ਵਜੇ ਪੁਜਾਰੀ ਦਾ ਫੋਨ ਆਇਆ ਕਿ ਮੰਦਰ ਵਿੱਚ ਚੋਰੀ ਹੋ ਗਈ ਹੈ। ਉਹ ਓਥੇ ਪਹੁੰਚੇ ਅਤੇ ਪੁਲਸ ਨੂੰ ਦੱਸਿਆ। ਏ ਸੀ ਪੀ ਹਰਸਿਮਰਤ ਸਿੰਘ ਮੌਕੇ 'ਤੇ ਪਹੁੰਚੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਪੁਲਸ ਨੇ ਅਣਪਛਾਤੇ ਚੋਰਾਂ ਖਿਲਾਫ ਕੇਸ ਦਰਜ ਕਰ ਲਿਆ ਹੈ।

# With new NDP health care system, Jagmeet undoubtedly will face the obvious challenge



**By: Surjit Singh Flora**

It's rightly said, "Politicians are the same all over; they promise to build bridges where there is no river."

NDP Leader Jagmeet Singh unveiled his election platform in Hamilton on Sunday, titled "A New Deal for People." It promises to drastically expand Canada's healthcare system to include not only pharmacare, but also dental, mental, eye and hearing coverage for all Canadians.

Mr. Singh wants Canadians to obtain prescription drugs with "their health card, not a credit card." The question is, will the NDP Government run a balanced budget, or put the national drug program on its credit card?

Also, the most significant doubt about NDP leader Jagmeet Singh is that he has never formed any government, so it's so easy for him to make any promise.

Jagmeet is only grabbing onto the few voters left who are foolish enough to vote NDP. You can promise the world when you know you'll never have to deliver it.

As the NDP party promises to reform Canada's healthcare system to fund a whole new suite of services, the Liberals are looking at a similar national drug plan. To do that, last week the Liberal government-appointed advisory council called for a $15-billion single-payer pharma care plan, and the federal health minister says Ottawa is considering next steps.

In my point of view, full coverage as promised by the NDP is simply not a realistic expectation. I would suggest providing dental care to all Canadians should be a primary goal to accomplish, and I think it would be doable. It will doubtless benefit the party in the upcoming election, and will not break the bank, provided it's for Canadians who are not currently covered and cannot afford dental care.

With his new health care system, Jagmeet undoubtedly will face the obvious challenge: how will he plan out the most significant new federal health care investment in generations?

The NDP platform says it would phase in the expansion of health coverage, starting with universal pharma care in 2020. The platform doesn't offer a complete timeline, nor does it outline the full cost of the program. The party says it would need to study the issue and work with the provinces to implement it.

With all these election promises showing big dreams to Canadians, I don't see much difference between any politician, whichever party they belong to.

Notwithstanding which the ruling party is at the federal or provincial level, governments keep growing and taking our lives and freedoms. It doesn't matter if it's Red, Blue, Orange or Green, the leaders all play politics-- which, in fact, is in their blood. Once they come into power, oft-repeated promises like healthcare, unemployment, and issues relating to racism, taxation, immigration, etc. are relegated to the backburner, or even forgotten.

I strongly believe the government's first and foremost priority should be to fight poverty and unemployment. Rising food and housing costs, immigration fraud, the issue of international students -- these are the big challenges. The biggest is our relationship with our next-door USA, the NAFTA deal, and much more. Rather the free health care.

Poverty and growing inequality are the biggest issues facing the public today, because Canada's population has tripled over the past 30 years. It is leading to increasing pressure on natural resources, a widening income gap, and rising poverty levels that erode gains in education, health, food security, employment, and incomes.

The government needs to work on unemployment and low wages, high costs of health and education.

Racism is another issue that needs the urgent attention of our political bosses.

The bottom line is that there's no room for wild promises that will later remain unkept. Every time after the election and a new government is subsequently formed, the pertinent question is: will the ruling party keep its words?


The public isn't looking for a party or leader that plays fast and loose with its words and continues to play politics, but for a friendly and honest party and leader who delivers the goods and comes up to expectations.

The public wants someone who is a man of his word, and not merely a man of words.


















# ਪੁਸ਼ਤਾਂ ਦੀ ਪਛਾਣ

-ਡਾ. ਜਸਬੀਰ ਕੇਸਰ

ਕਈ ਦਿਨਾਂ ਤੋਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਅਤੇ ਪਾਕਿਸਤਾਨੀ ਜਰਨੈਲ ਕਮਰ ਜਾਵੇਦ ਬਾਜਵਾ ਨੂੰ ਪਾਈ ਗਲਵਕੜੀ ਦੀ ਚਰਚਾ ਹੈ, ਜਿਵੇਂ ਦੇਸ਼ ਨੂੰ ਹੋਰ ਕੋਈ ਮੁਸ਼ਕਿਲ ਪੇਸ਼ ਹੀ ਨਾ ਹੋਵੇ। ਇਸ ਦੇਸ਼ ਦੀ ਸੁਰੱਖਿਆ ਸਿੱਧੂ ਦੇ ਇਸ ‘ਕਾਰਨਾਮੇ' ਨਾਲ ਇਸ ਹੱਦ ਤੱਕ ਖਤਰੇ ਵਿੱਚ ਪੈ ਗਈ ਕਿ ਦੇਸ਼ ਮੁੜਦਿਆਂ ਸਾਰ ਉਸ ਦਾ ਸੁਆਗਤ ਕਾਲੀਆਂ ਝੰਡੀਆਂ ਨਾਲ ਕਰਨ, ਪੁਤਲੇ ਫੂਕਣ ਅਤੇ ਦੇਸ਼ ਧ੍ਰੋਹ ਦਾ ਦੋਸ਼ ਲਾਉਣ ਤੱਕ ਨੌਬਤ ਆ ਗਈ, ਹਾਲਾਂਕਿ ਗਲਵਕੜੀਆਂ/ ਜੱਫੀਆਂ ਦਾ ਸਿਲਸਿਲਾ ਦੇਸ਼ ਦੇ ਵੱਡੇ ਨੇਤਾਵਾਂ ਵੱਲੋਂ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁੱਕਾ ਹੈ ਤੇ ਉਦੋਂ ਕੋਈ ਰੌਲਾ ਨਹੀਂ ਪਿਆ। ਦੁਨੀਆ ਦੀ ‘ਮਹਾਂਸ਼ਕਤੀ' ਬਣਨ ਜਾ ਰਿਹਾ ਦੇਸ਼ ਕਿੰਨਾ ਡਰਿਆ ਹੋਇਆ ਹੈ। ਨਵਜੋਤ ਸਿੰਘ ਸਿੱਧੂ ਲਗਾਤਾਰ ਸਫਾਈਆਂ ਦੇ ਰਿਹਾ ਹੈ ਕਿ ਉਹ ਆਮ ਨਾਗਰਿਕ ਦੀ ਹੈਸੀਅਤ ਨਾਲ ਭਾਰਤ ਸਰਕਾਰ ਤੋਂ ਬਾਕ-ਾਇਦਾ ਇਜਾਜ਼ਤ ਲੈ ਕੇ ਆਪਣੇ ਕ੍ਰਿਕਟ ਖਿਡਾਰੀ ਦੋਸਤ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਬਣਨ ਦੀ ਖੁਸ਼ੀ ਵਿੱਚ, ਉਸ ਦੇ ਬੁਲਾਵੇ 'ਤੇ ਪਾਕਿਸਤਾਨ ਗਿਆ ਸੀ ਅਤੇ ਜਨਰਲ ਬਾਜਵਾ ਨੂੰ ਪਾਈ ਗਲਵਕੜੀ ਉਸ ਵੱਲੋਂ ਦਿਖਾਏ ਖਲੂਸ ਅਤੇ ਮੋਹ ਭਰੀ ਗੱਲਬਾਤ ਦਾ ਸੁਭਾਵਿਕ ਤੇ ਭਾਵੁਕ ਪ੍ਰਤੀਕਰਮ ਸੀ। ਸਿੱਧੂ ਦੀ ਇਹ ਗੱਲ ਬਿਲਕੁਲ ਦਰੁਸਤ ਹੈ ਕਿ ਵੰਡ ਦੇ ਜ਼ਖਮ ਜਿੰਨੇ ਪੰਜਾਬ ਨੇ ਝੱਲੇ ਹਨ, ਓਨੇ ਕਿਸੇ ਹੋਰ ਸੂਬੇ ਨੇ ਨਹੀਂ। ਜਿਨ੍ਹਾਂ ਪੀੜ੍ਹੀਆਂ ਨੇ ਇਹ ਦੁਖਾਂਤ ਆਪਣੇ ਪਿੰਡੇ 'ਤੇ ਹੰਢਾਇਆ ਹੈ, ਜਿਹੜੇ ਲੋਕਾਂ ਨੇ ਲੁੱਟਾਂ/ ਕਤਲ/ ਬਲਾਤਕਾਰ ਦੇ ਸੱਲ ਸਹੇ ਹਨ, ਉਹ ਜਦੋਂ ਵੀ ਉਨ੍ਹਾਂ ਨਾਮੁਰਾਦ ਦਿਨਾਂ ਦੀ ਗੱਲ ਕਰਦੇ ਹਨ ਤਾਂ ਇਹੀ ਕਹਿੰਦੇ ਹਨ, ‘ਜਦੋਂ ਰੌਲੇ ਪਏ' ਜਾਂ ‘ਜਦੋਂ ਹੱਲੇ ਪਏ'। ਉਹ ਕਦੇ ਵੀ ਨਹੀਂ ਕਹਿੰਦੇ ‘ਜਦੋਂ ਆਜ਼ਾਦੀ ਮਿਲੀ'। ਇਸੇ ਸੱਲ ਨੂੰ ਉਸਤਾਦ ਸ਼ਾਇਦ ਦਾਮਨ ਇਉਂ ਜ਼ੁਬਾਨ ਦਿੰਦਾ ਹੈ, ਇਨ੍ਹਾਂ ਆਜ਼ਾਦੀਆਂ ਹੱਥੋਂ ਖੁਆਰ /ਹੋਏ ਤੁਸੀਂ ਵੀ ਓ/ ਹੋਏ ਅਸੀਂ ਵੀ ਹਾਂ। ਲਾਲੀ ਅੱਖੀਆਂ ਦੀ ਪਈ ਦੱਸਦੀ ਏ/ ਰੋਏ ਤੁਸੀਂ ਵੀ ਓ/ ਰੋਏ ਅਸੀਂ ਵੀ ਹਾਂ। ਅਜੋਕੀ ਪੀੜ੍ਹੀ ਅਤੇ ਪੰਜਾਬੋਂ ਬਾਹਰਲੇ ਬਾਸ਼ਿੰਦਿਆਂ ਲਈ ਇਹ ਘਟਨਾ ਇਤਿਹਾਸ ਦਾ ਕੇਵਲ ਕਾਂਡ ਮਾਤਰ ਹੈ ਤੇ ਸਰਕਾਰਾਂ ਲਈ ਦੋਵੇਂ ਮੁਲਕ ਇਕ ਦੂਜੇ ਦੇ ਗੁਆਂਢੀ, ਦੁਸ਼ਮਣ ਹਨ।

ਹਿੰਦੂਆਂ, ਸਿੱਖਾਂ, ਮੁਸਲਮਾਨਾਂ ਨੇ ਇਕੱਠਿਆਂ ਹੀ ਬ੍ਰਿਟਿਸ਼ ਰਾਜ ਦੇ ਜ਼ੁਲਮ ਵੀ ਸਹੇ ਹਨ ਤੇ ਇਸ ਖਿਲਾਫ ਸੰਘਰਸ਼ ਵੀ ਕੀਤਾ ਹੈ। ਇਹ ਉਹ ਪੰਜਾਬ ਸੀ, ਜਿਥੇ ਸਾਰੇ ਲੋਕ ਇਕ ਦੂਜੇ ਦੇ ਧਰਮ ਦੇ ਸਤਿਕਾਰ ਕਰਦੇ ਸਨ, ਇਕ ਦੂਜੇ ਦੇ ਮਦਦਗਾਰ ਸਨ, ਇਕ ਦੂਜੇ ਦੇ ਪੋਤੜਿਆਂ ਦੇ ਵਾਕਫ ਸਨ। ਸਿੱਖ ਗੁਰੂ ਗੋਬਿੰਦ ਸਿੰਘ ਦੇ ਵਾਰਸ ਹਨ ਤਾਂ ਭਾਈ ਘਨੱਈਆ ਦੀ ਵਿਰਾਸਤ ਦੇ ਮਾਲਕ ਵੀ ਹਨ, ਜੋ ਆਨੰਦਪੁਰ ਸਾਹਿਬ ਵਿਖੇ ਸਿੱਖਾਂ ਤੇ ਮੁਗਲਾਂ ਦੀ ਗਹਿਗੱਚ ਲੜਾਈ ਵਿੱਚ ਦੋਵਾਂ ਧਿਰਾਂ ਦੇ ਫੱਟੜਾਂ ਨੂੰ ਆਪਣੀ ਮਸ਼ਕ ਵਿੱਚੋਂ ਪਾਣੀ ਪਿਲਾਉਂਦਾ ਸੀ, ਉਸ ਨੂੰ ਸਾਰੇ ਇਨਸਾਨ ਇਕੋ ਜਿਹੇ ਲੱਗਦੇ ਸਨ ਤੇ ਉਸ ਦੇ ਇਸ ਕਰਮ ਲਈ ਗੁਰੂ ਸਾਹਿਬ ਨੇ ਉਸ ਨੂੰ ਥਾਪੜਾ ਦੇ ਕੇ ਆਪਣੇ ਕੋਲੋਂ ਮੱਲ੍ਹਮ ਦੀ ਡੱਬੀ ਦਿੱਤੀ ਸੀ ਤਾਂ ਕਿ ਉਹ ਸਾਰੇ ਜ਼ਖਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਫੱਟਾਂ 'ਤੇ ਮੱਲ੍ਹਮ ਵੀ ਲਾ ਸਕੇ।

ਸਾਂਝੇ ਪੰਜਾਬ ਵਿੱਚ ਵਸਦੇ ਸਿੱਖ ਹਿੰਦੂ ਤੇ ਮੁਸਲਿਮ ਭਾਈਚਾਰੇ ਦੀਆਂ ਆਪਸੀ ਸਾਂਝਾਂ ਪਛਾਣਾਂ ਦੇ ਸਿਲਸਿਲੇ ਨਾਲ ਜੁੜੀ ਘਟਨਾ ਸਾਂਝੀ ਕਰਨਾ ਚਾਹੁੰਦੀ ਹਾਂ। 1965 ਦੀ ਹਿੰਦ ਪਾਕਿ ਜੰਗ ਵੇਲੇ ਮੇਰਾ ਇਕ ਭਰਾ ਫੌਜ ਵਿੱਚ ਕੈਪਟਨ ਸੀ ਤੇ ਸਿਆਲਕੋਟ ਸੈਕਟਰ ਵਿੱਚ ਤਾਇਨਾਤ ਸੀ। ਭਾਰਤੀ ਫੌਜ ਦੇ ਕੁਝ ਪਾਕਿਸਤਾਨੀ ਹਲਕਿਆਂ ਉਪਰ ਕਾਬਜ਼ ਹੋਣ ਉਪਰੰਤ ਜੰਗਬੰਦੀ ਦਾ ਐਲਾਨ ਹੋ ਗਿਆ। ਫੌਜਾਂ ਜਿਥੇ ਵੀ ਸਨ, ਉਥੇ ਹੀ ਡਟੀਆਂ ਰਹੀਆਂ। ਸਿਆਲਕੋਟ ਸੈਕਟਰ ਦਾ ਕੁਝ ਹਿੱਸਾ ਭਾਰਤੀ ਫੌਜਾਂ ਦੇ ਕਬਜ਼ੇ ਹੇਠ ਆ ਗਿਆ। ਉਸ ਇਲਾਕੇ ਦੇ ਕੁਝ ਵਸਨੀਕ ਘਰ ਛੱਡ ਕੇ ਦੌੜ ਗਏ, ਪਰ ਕੁਝ ਉਥੇ ਹੀ ਆਪਣੇ ਘਰਾਂ ਵਿੱਚ ਦੜੇ ਰਹੇ। ਫੌਜ ਨੂੰ ਹੁਕਮ ਸੀ ਕਿ ਕਿਸੇ ਸਿਵਲੀਅਨ ਨੂੰ ਪਰੇਸ਼ਾਨ ਨਹੀਂ ਕਰਨਾ, ਕੇਵਲ ਨਿਗਰਾਨੀ ਰੱਖਣੀ ਹੈ। ਭਾਰਤੀ ਫੌਜ ਦਾ ਰੁਖ ਦੇਖ ਕੇ ਨੇੜੇ ਤੇੜੇ ਦੇ ਪਿੰਡਾਂ ਦੇ ਲੋਕ ਆਪਣੇ ਕੰਮ ਕਾਰ ਕਰਨ ਲੱਗ ਪਏ। ਉਥੇ ਹੀ ਖੇਤਾਂ ਵਿੱਚ ਇਕ ਬਜ਼ੁਰਗ ਕੰਮ ਕਰਦਾ ਰਹਿੰਦਾ ਤੇ ਦੂਰੋਂ ਫੌਜ ਦੀ ਗਸ਼ਤੀ ਟੁਕੜੀ ਵੱਲ ਦੇਖਦਾ ਰਹਿੰਦਾ। ਇਕ ਦਿਨ ਉਸ ਨੇ ਖੇਤੋਂ ਬਾਹਰ ਆ ਕੇ ਇਸ਼ਾਰੇ ਨਾਲ ਮੇਰੇ ਭਰਾ ਤੋਂ ਉਸ ਦੇ ਨੇੜੇ ਆਉਣ ਦੀ ਆਗਿਆ ਮੰਗੀ। ਭਰਾ ਨੇ ਫੌਜੀ ਸਾਥੀਆਂ ਨੂੰ ਸਾਵਧਾਨ ਰਹਿਣ ਦਾ ਇਸ਼ਾਰਾ ਕਰਦਿਆਂ ਬਜ਼ੁਰਗ ਨੂੰ ਕੋਲ ਸੱਦ ਲਿਆ। ਆਉਂਦਿਆਂ ਹੀ ਉਹ ਹੱਥ ਜੋੜ ਕੇ ਕਹਿਣ ਲੱਗਾ, ‘ਸਾਹਿਬ ਇਕ ਗੱਲ ਪੁੱਛਾਂ?' ਭਰਾ ਨੇ ਕਿਹਾ, ‘ਹਾਂ ਬਜ਼ੁਰਗੋ! ਜ਼ਰੂਰ ਪੁੱਛੋ।'

‘ਆਪ ਸਰਦਾਰ ਸਿੰਘ ਦੇ ਫਰਜ਼ੰਦ ਤਾਂ ਨਹੀਂ, ਜਿਨ੍ਹਾਂ ਦਾ ਪਿੰਡ ਕਾਲਾ ਗੁਜਰਾਂ (ਜ਼ਿਲਾ ਜਿਹਲਮ) ਸੀ।' ਭਰਾ ਹੈਰਾਨ! ਉਸ ਨੇ ਕਿਹਾ, ‘ਸਰਦਾਰ ਸਿੰਘ ਮੇਰੇ ਦਾਦਾ ਜੀ ਸਨ।' ਪੁੱਛਣ 'ਤੇ ਬਜ਼ੁਰਗ ਕਹਿਣ ਲੱਗਾ, ‘ਸਾਹਬ ਆਪ ਦੇ ਖੜੇ ਹੋਣ ਦੇ ਅੰਦਾਜ਼, ਨੈਣ ਨਕਸ਼ ਤੇ ਬੋਲਣ ਦੇ ਲਹਿਜੇ ਤੋਂ ਪਛਾਣ ਹੋ ਗਈ।' ਉਸ ਨੇ ਜਵਾਨੀ ਪਹਿਰੇ ਦਾਦਾ ਜੀ ਨਾਲ ਕੋਈ ਸਾਂਝਾ ਕੰਮ ਕੀਤਾ ਸੀ।..

ਤਾਸ਼ਕੰਦ ਸਮਝੌਤੇ ਮਗਰੋਂ ਫੌਜਾਂ ਦੀ ਵਾਪਸੀ ਵੇਲੇ ਉਹੀ ਬਜ਼ੁਰਗ ਬਾਸਮਤੀ ਅਤੇ ਰਾਜਮਾਂਹ ਦੇ ਦੋ ਥੈਲੇ ਭੇਟਾ ਵਜੋਂ ਲਿਆਇਆ, ਜਿਨ੍ਹਾਂ ਨੂੰ ‘ਸਰਦਾਰ ਸਿੰਘ ਦਾ ਪੋਤਾ' ਅੱਗੋਂ ‘ਦੁਸ਼ਮਣ' ਮੁਲਕ ਦਾ ਰਖਵਾਲਾ ਹੋਣ ਕਰਕੇ ਸਵੀਕਾਰ ਨਹੀਂ ਸੀ ਕਰ ਸਕਦਾ। ਫਿਰ ਵੀ ਬਜ਼ੁਰਗ ਨੇ ਆਪਣੇ ਮੋਢੇ 'ਤੇ ਰੱਖੇ ਪਰਨੇ ਦੇ ਦੋ ਟੋਟੇ ਕੀਤੇ ਅਤੇ ਇਕ-ਇਕ ਰੁਗ ਦੋਵਾਂ ਚੀਜ਼ਾਂ ਦਾ ਬੰਨ੍ਹ ਦਿੱਤਾ, ਜਿਸ ਨੂੰ ਭਰਾ ਦੇ ਛੁੱਟੀ ਆਉਣ 'ਤੇ ਅਸੀਂ ਸਾਰੇ ਟੱਬਰ ਨੇ ਰਿੰਨ੍ਹ ਕੇ ਦੋਵਾਂ ਬਜ਼ੁਰਗਾਂ ਦੀ ਯਾਦ ਵਿੱਚ ਸੀਤ ਪ੍ਰਸ਼ਾਂਦ ਵਾਂਗ ਛਕਿਆ।

# ਵਿਆਹ ਤੋਂ ਮੁੜਦੇ ਫੌਜੀ ਦੀ ਕਾਰ ਰੁੱਖ ਨਾਲ ਵੱਜ ਕੇ ਤਿੰਨ ਮੌਤਾਂ

ਬਟਾਲਾ, 17 ਜੂਨ (ਪੋਸਟ ਬਿਊਰੋ)- ਵਿਆਹ ਤੋਂ ਮੁੜ ਰਹੇ ਫੌਜੀ ਦੀ ਓਵਰ ਸਪੀਡ ਕਾਰ ਬਟਾਲਾ-ਜਲੰਧਰ ਰੋਡ 'ਤੇ ਪਿੰਡ ਨੱਤ ਦੇ ਨੇੜੇ ਸੰਤੁਲਨ ਵਿਗੜਨ ਪਿੱਛੋਂ ਰੁੱਖ ਨਾਲ ਜਾ ਟਕਰਾਈ ਤਾਂ ਹਾਦਸੇ ਵਿੱਚ ਬੱਚੀ ਸਮੇਤ ਤਿੰਨ ਔਰਤਾਂ ਦੀ ਮੌਤ ਹੋ ਗਈ ਅਤੇ ਫੌਜੀ ਸਮੇਤ ਤਿੰਨ ਲੋਕ ਜ਼ਖਮੀ ਹੋ ਗਏ।

ਪਤਾ ਲੱਗਾ ਹੈ ਕਿ ਚਾਹਲ ਕਲਾਂ ਦਾ ਕੁਲਬੀਰ ਸਿੰਘ ਫੌਜੀ ਛੁੱਟੀ ਆਇਆ ਹੈ। ਕੱਲ੍ਹ ਉਸ ਦੇ ਰਿਸ਼ਤੇਦਾਰੀ ਵਿੱਚ ਵਿਆਹ ਸੀ। ਕੱਲ੍ਹ ਉਹ ਆਪਣੀ ਪਤਨੀ ਕੁਲਜੀਤ ਕੌਰ, ਬੇਟੀ ਓਂਕਾਰਪ੍ਰੀਤ ਕੌਰ, ਭਰਜਾਈ ਸਰਬਜੀਤ ਕੌਰ, ਸੱਸ ਹਰਭਜਨ ਕੌਰ ਤੇ ਬੇਟੇ ਯੁਵਰਾਜ ਸਿੰਘ ਨਾਲ ਬਰਾਤ ਵਿੱਚ ਸ਼ਾਮਲ ਹੋ ਕੇ ਆਪਣੇ ਪਿੰਡ ਤੋਂ ਕੇਵਲ ਚਾਰ ਕਿਲੋਮੀਟਰ ਦੂਰ ਅੰਮੋਨੰਗਲ ਦੇ ਪ੍ਰੀਤ ਮੈਰਿਜ ਪੈਲੇਸ ਵਿੱਚ ਗਿਆ ਸੀ। ਸ਼ਾਮ ਕਰੀਬ ਚਾਰ ਵਜੇ ਉਹ ਾਰ ਵਿੱਚ ਵਾਪਸ ਪਿੰਡ ਆ ਰਿਹਾ ਸੀ। ਪਿੰਡ ਨੱਤ ਦੇ ਨੇੜੇ ਕਾਰ ਸੜਕ ਵਿੱਚ ਪਏ ਟੋਏ ਕਾਰਨ ਸੰਤੁਲਨ ਵਿਗੜ ਗਿਆ ਤੇ ਕਿਨਾਰੇ ਸਫੈਦੇ ਦੇ ਰੁੱਖ ਨਾਲ ਜਾ ਕਾਰ ਜਾ ਵੱਜੀ। ਹਾਦਸੇ ਵਿੱਚ ਕੁਲਬੀਰ ਸਿੰਘ ਦੀ ਬੇਟੀ ਓਂਕਾਰਪ੍ਰੀਤ ਕੌਰ (3), ਭਰਜਾਈ ਸਰਬਜੀਤ ਕੌਰ (50) ਅਤੇ ਸੱਸ ਹਰਭਜਨ ਕੌਰ (73) ਦੀ ਮੌਕੇ 'ਤੇ ਮੌਤ ਹੋ ਗਈ। ਕੁਲਬੀਰ ਸਿੰਘ, ਉਸ ਦੀ ਪਤਨੀ ਕੁਲਜੀਤ ਕੌਰ ਅਤੇ ਬੇਟਾ ਯੁਵਰਾਜ ਸਿੰਘ ਜ਼ਖਮੀ ਹੋ ਗਏ। ਉਨ੍ਹਾਂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਪਰੰਤੂ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਤਿੰਨਾਂ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿੱਚ ਰੈਫਰ ਕਰ ਦਿੱਤਾ।







## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date



Jagdish Grewal
Sales Representative

Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਮੋਦੀ ਜਦੋਂ 'ਝਾਂਸਾ' ਦੇ ਰਹੇ ਸਨ ਤਾਂ ਕਾਂਗਰਸੀ ਕੀ ਕਰਦੇ ਸਨ

-ਵਿਜੇ ਵਿਦਰੋਹੀ-

ਲੋਕ ਸਭਾ ਚੋਣਾਂ 'ਚ ਕਰਾਰੀ ਹਾਰ ਤੋਂ ਬਾਅਦ ਕਾਂਗਰਸ 'ਚ ਮੰਥਨ ਤੋਂ ਲੈ ਕੇ ਮਹਾਮੰਥਨ ਦਾ ਦੌਰ ਜਾਰੀ ਹੈ। ਰਾਹੁਲ ਗਾਂਧੀ ਰੋਸ ਭਵਨ ਵਿੱਚੋਂ ਨਿਕਲੇ ਅਤੇ ਵਾਇਨਾਡ ਜਾ ਕੇ ਉਥੋਂ ਦੀ ਜਨਤਾ ਨੂੰ ਜਿੱਤ ਦੀ ਵਧਾਈ ਦੇ ਆਏ ਹਨ। ਸੋਨੀਆ ਗਾਂਧੀ ਵੀ ਪ੍ਰਿਅੰਕਾ ਗਾਂਧੀ ਨਾਲ ਰਾਇਬਰੇਲੀ ਦਾ ਦੌਰਾ ਕਰ ਚੁੱਕੀ ਹੈ। ਪ੍ਰਿਅੰਕਾ ਗਾਂਧੀ ਰਾਇਬਰੇਲੀ ਵਿੱਚ ਪਾਰਟੀ ਵਰਕਰਾਂ ਨਾਲ ਬੈਠਕ ਵੀ ਕਰ ਰਹੀ ਹੈ ਤਾਂ ਕਿ ਹਾਰ ਦੇ ਕਾਰਨ ਲੱਭੇ ਜਾ ਸਕਣ ਅਤੇ ਉਨ੍ਹਾਂ ਤੋਂ ਸਬਕ ਲੈਂਦੇ ਹੋਏ ਯੂ ਪੀ ਦੀਆਂ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਮਰ ਕੱਸੀ ਜਾ ਸਕੇ। ਖਬਰਾਂ ਆ ਰਹੀਆਂ ਹਨ ਕਿ ਬੈਠਕ 'ਚ ਮੌਜੂਦ ਨੇਤਾਵਾਂ ਨੇ ਇਕ ਦੂਜੇ 'ਤੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ, ਭਾਵ ਕਾਂਗਰਸ ਨੂੰ ਨਿਪਟਾਉਣ 'ਚ ਕਾਂਗਰਸ ਦੇ ਹੀ ਲੋਕਾਂ ਦਾ ਹੱਥ ਹੈ। ਸੁਣਿਆ ਹੈ ਕਿ ਪ੍ਰਿਅੰਕਾ ਗਾਂਧੀ ਨੇਤਾਵਾਂ ਦੀ ਆਪਸੀ ਸਿਰ ਪਾੜਨ ਵਾਲੀ ਬਿਆਨਬਾਜ਼ੀ ਤੋਂ ਇੰਨੀ ਨਾਰਾਜ਼ ਹੋਈ ਕਿ ਡੇਢ ਘੰਟੇ ਵਿੱਚ ਹੀ ਤਿੰਨ ਬੈਠਕਾਂ ਨਿਪਟਾ ਦਿੱਤੀਆਂ। ਪਤਾ ਇਹ ਲੱਗਾ ਹੈ ਕਿ ਬੈਠਕ 'ਚ ਪ੍ਰਿਅੰਕਾ ਗਾਂਧੀ ਨੂੰ ਯੂ ਪੀ ਵਿਧਾਨ ਸਭਾ ਚੋਣਾਂ 'ਚ ਮੁੱਖ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਬਣਾ ਕੇ ਉਤਾਰਨ ਦੀ ਮੰਗ ਕੀਤੀ ਗਈ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਰਾਹੁਲ ਗਾਂਧੀ ਨੇ ਚੋਣ ਜਿੱਤਣ ਦੇ ਮਾਹਰ ਪ੍ਰਸ਼ਾਂਤ ਕਿਸ਼ੋਰ ਦੀ ਮਦਦ ਲਈ ਸੀ। ਸੁਣਿਆ ਹੈ ਕਿ ਉਨ੍ਹਾਂ ਨੇ ਵੀ ਪ੍ਰਿਅੰਕਾ ਗਾਂਧੀ ਨੂੰ ਮੁੱਖ ਮੰਤਰੀ ਦਾ ਦਾਅਵੇਦਾਰ ਦੱਸ ਕੇ ਚੋਣ ਮੈਦਾਨ ਵਿੱਚ ਉਤਾਰਨ ਦੀ ਸਲਾਹ ਦਿੱਤੀ ਸੀ, ਪਰ ਉਦੋਂ ਇਸ ਨੂੰ ਹਾਸ਼ੀਏ 'ਤੇ ਪਾ ਦਿੱਤਾ ਗਿਆ, ਕਿਉਂਕ ਕਾਂਗਰਸ ਨੂੰ ਲੱਗਾ ਕਿ ਇਸ ਨਾਲ ਪਾਰਟੀ ਵਿੱਚ ਦੋ ਪਾਵਰ ਸੈਂਟਰ ਹੋ ਜਾਣਗੇ ਤੇ ਮੀਡੀਆ ਰਾਹੁਲ ਤੇ ਪ੍ਰਿਅੰਕਾ ਦੀ ਤੁਲਨਾ ਕਰਨ ਬੈਠ ਜਾਵੇਗਾ। ਇਸ ਨਾਲ ਕਾਂਗਰਸ ਨੂੰ ਵੀ ਨੁਕਸਾਨ ਹੋਵੇਗਾ ਅਤੇ ਉਸ ਤੋਂ ਵੱਧ ਰਾਹੁਲ ਗਾਂਧੀ ਨੂੰ ਸਿਆਸੀ ਨੁਕਸਾਨ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਸੀ।

ਹਾਲਾਤ ਤੇਜ਼ੀ ਨਾਲ ਬਦਲੇ ਹਨ। ਇਸ ਤਰ੍ਹਾਂ ਕਿਹਾ ਜਾਵੇ ਕਿ ਕਾਂਗਰਸ ਦੀ ਹਾਲਤ ਹੋਰ ਜ਼ਿਆਦਾ ਖਸਤਾ ਹੋਈ ਹੈ। ਹਾਲਾਂਕਿ ਉਸ ਨੂੰ 20 ਕਰੋੜ ਲੋਕਾਂ ਨੇ ਵੋਟਾਂ ਪਾਈਆਂ, ਪਰ ਦੇਸ਼ ਦੀ 20 ਫੀਸਦੀ ਆਬਾਦੀ ਨੇ ਵੋਟਾਂ ਪਾਈਆਂ, ਜੋ ਆਸ ਤੋਂ ਬਹੁਤ ਘੱਟ ਹਨ ਅਤੇ ਸੱਤਾ 'ਚ ਆਉਣ ਲਾਇਕ ਤਾਂ ਬਿਲਕੁਲ ਨਹੀਂ, ਪਰ ਸਵਾਲ ਉਠਦਾ ਹੈ ਕਿ ਕਾਂਗਰਸ ਖੁਦ ਦੇ ਵਜੂਦ ਨੂੰ ਬਣਾਈ ਰੱਖਣ ਲਈ ਕੀ ਠੋਸ ਕੰਮ ਕਰ ਰਹੀ ਹੈ? ਕਿਸ ਰਣਨੀਤੀ ਉਤੇ ਅਮਲ ਕਰ ਰਹੀ ਹੈ ਅਗਲੇ ਮਹੀਨੇ ਹੋਣ ਵਾਲੀਆਂ ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਲੈ ਕੇ ਅਗਲੇ ਸਾਲ ਦੀਆਂ ਬਿਹਾਰ, ਦੋ ਸਾਲਾਂ ਬਾਅਦ ਯੂ ਪੀ ਦੀਆਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ 2024 ਦੀਆਂ ਆਮ ਚੋਣਾਂ ਬਾਰੇ ਕਿੰਨੀ ਤਿਆਰੀ ਹੈ। ਰਾਇਬਰੇਲੀ ਦੀ ਬੈਠਕ 'ਚ ਜੋ ਕੁਝ ਹੋਇਆ, ਉਹੀ ਹੋਰਨਾਂ ਰਾਜਾਂ 'ਚ ਹੋ ਰਿਹਾ ਹੈ। ਹਰ ਜਗ੍ਹਾ ਨੇਤਾ ਹੀ ਨੇਤਾ ਨੂੰ ਨਜਿੱਠਣ 'ਚ ਲੱਗੇ ਹਨ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਕਹਿ ਰਹੇ ਹਨ ਕਿ ਪ੍ਰਦੇਸ਼ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੂੰ ਘੱਟੋ-ਘੱਟ ਜੋਧਪੁਰ 'ਚ ਆਪਣੇ (ਗਹਿਲੋਤ ਦੇ) ਬੇਟੇ ਵੈਭਵ ਗਹਿਲੋਤ ਦੇ ਹਾਰਨ ਦੀ ਜ਼ਿੰਮੇਵਾਰੀ ਤਾਂ ਲੈਣੀ ਹੀ ਚਾਹੀਦੀ ਹੈ। ਸਚਿਨ ਪਾਇਲਟ ਸੂਬੇ ਦੇ ਸਾਰੇ 51 ਹਜ਼ਾਰ ਬੂਥਾਂ ਦੇ ਸਾਰੇ ਅੰਕੜੇ ਮੰਗ ਰਹੇ ਹਨ ਤਾਂ ਕਿ ਹਰ ਥਾਂ ਹਾਰ ਜਿੱਤ ਦੀ ਜ਼ਿੰਮੇਵਾਰੀ ਤੈਅ ਕੀਤੀ ਜਾ ਸਕੇ। 2013 ਵਿੱਚ ਮੱਧ ਪ੍ਰਦੇਸ਼ ਦੀ ਵਿਧਾਨ ਸਭਾ ਚੋਣ ਹਾਰਨ 'ਤੇ ਪੱਤਰਕਾਰਾਂ ਨੇ ਸੋਨੀਆ ਗਾਂਧੀ ਨੂੰ ਪੁੱਛਿਆ ਸੀ ਕਿ ਕੀ ਹਾਰ ਦਾ ਕਾਰਨ ਉਥੇ ਕਿਸੇ ਇਕ ਨੇਤਾ ਨੂੰ ਅੱਗੇ ਨਾ ਕਰਨਾ ਰਿਹਾ, ਇਸ 'ਤੇ ਹੱਸਦਿਆਂ ਸੋਨੀਆ ਗਾਂਧੀ ਨੇ ਕਿਹਾ ਸੀ ਕਿ ਉਨ੍ਹਾਂ ਦੀ ਨਜ਼ਰ 'ਚ ਜ਼ਿਆਦਾ ਨੇਤਾਵਾਂ ਦਾ ਹੋਣਾ ਹੀ ਹਾਰ ਦਾ ਕਾਰਨ ਸੀ। ਸੋਨੀਆ ਗਾਂਧੀ ਬੇਸ਼ੱਕ ਇਹ ਸਭ ਵਿਅੰਗ ਵਜੋਂ ਕਹਿ ਰਹੀ ਹੋਵੇਗੀ, ਪਰ ਉਹ ਸਮਝਦੀ ਨਹੀਂ ਕਿ ਕਾਂਗਰਸ ਦੀ ਹਾਰ ਦਾ ਕਾਰਨ ਨੇਤਾਵਾਂ ਦੀ ਆਪਸੀ ਗੁੱਟਬਾਜ਼ੀ ਅਤੇ ਧੜੇਬੰਦੀ ਹੈ।

ਸਵਾਲ ਉਠਦਾ ਹੈ ਕਿ ਜਦੋਂ ਬੀਮਾਰੀ ਪਕੜ 'ਚ ਆ ਗਈ ਤਾਂ ਇਸ ਦਾ ਇਲਾਜ ਕਿਉਂ ਨਹੀਂ ਹੋ ਰਿਹਾ? ਪੰਜਾਬ 'ਚ ਕਾਂਗਰਸ ਦੇ ਵਰਕਰ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਦੇ ਝਗੜੇ ਸੁਣ-ਸੁਣ ਕੇ ਤੰਗ ਆ ਚੁੱਕੇ ਹਨ ਅਤੇ ਹਾਈ ਕਮਾਨ (ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ) ਕਦੇ ਕੈਪਟਨ ਨੂੰ ਦਿੱਲੀ ਤਲਬ ਕਰਦੀ ਤਾਂ ਕਦੇ ਨਵਜੋਤ ਸਿੰਘ ਨੂੰ ਪਰ ਝਗੜਾ ਸੁਲਝਣ ਦਾ ਨਾਂ ਨਹੀਂ ਲੈ ਰਿਹਾ। ਭਾਜਪਾ ਦੇ ਇਕ ਵੱਡੇ ਨੇਤਾ ਦਾ ਕਹਿਣਾ ਸੀ ਕਿ ਪਾਰਟੀ ਸ਼ਾਸਿਤ ਇਕ ਸੂਬੇ ਵਿੱਚ ਵੀ ਦੋ ਨੇਤਾਵਾਂ ਵਿਚਾਲੇ ਅਜਿਹਾ ਕੁਝ ਹੀ ਚੱਲ ਰਿਹਾ ਹੈ। ਅਮਿਤ ਸ਼ਾਹ ਨੇ ਦੋਵਾਂ ਨੂੰ ਦਿੱਲੀ ਬੁਲਾਇਆ, ਇਕ ਕਮਰੇ ਵਿੱਚ ਬਿਠਾ ਕੇ ਕਿਹਾ ਕਿ ਝਗੜਾ ਸੁਲਝਾ ਕੇ ਬਾਹਰ ਨਿਕਲਣਾ, ਜੇ ਅਜਿਹਾ ਨਹੀਂ ਕਰ ਸਕੇ ਤਾਂ ਦੋਵੇਂ ਅਸਤੀਫਾ ਦੇ ਕੇ ਘਰ ਜਾਣ, ਅੱਧੇ ਘੰਟੇ ਵਿੱਚ ਦੋਵੇਂ ਨੇਤਾ ਮੁਸਕਰਾਉਂਦੇ ਹੋਏ ਬਾਹਰ ਨਿਕਲ ਆਏ। ਅਜਿਹਾ ਹੀ ਕੁਝ ਪੰਜਾਬ ਅਤੇ ਰਾਜਸਥਾਨ 'ਚ ਕਿਉਂ ਨਹੀਂ ਹੋ ਸਕਦਾ। ਜੇ ਰਾਜਸਥਾਨ 'ਚ ਗਹਿਲੋਤ ਅਤੇ ਸਚਿਨ ਆਪਸ ਵਿੱਚ ਤਣਾਅ ਨੂੰ ਖਤਮ ਨਹੀਂ ਕਰ ਸਕਦੇ ਤਾਂ ਕੀ ਕਿਸੇ ਤੀਜੇ ਨੂੰ ਮੁੱਖ ਮੰਤਰੀ ਦੀ ਅਤੇ ਚੌਥੇ ਨੂੰ ਪ੍ਰਦੇਸ਼ ਪ੍ਰਧਾਨ ਦੀ ਕਮਾਨ ਨਹੀਂ ਸੌਂਪੀ ਜਾ ਸਕਦੀ? ਧਮਕੀ ਹੀ ਕੰਮ ਆ ਸਕਦੀ ਹੈ, ਬਸ਼ਰਤੇ ਉਹ ਦਮਦਾਰ ਅੰਦਾਜ਼ ਵਿੱਚ ਦਿੱਤੀ ਗਈ ਹੋਵੇ, ਅਮਿਤ ਸ਼ਾਹ ਵਾਂਗ।

ਬਹੁਤ ਸਾਲ ਪਹਿਲਾਂ ਸੋਨੀਆ ਗਾਂਧੀ ਦਾ ਜੈਪੁਰ ਆਉਣਾ ਹੋਇਆ ਸੀ, ਸੇਵਾ ਦਲ ਦੇ ਕਿਸੇ ਪ੍ਰੋਗਰਾਮ ਵਿੱਚ। ਉਥੇ ਸੋਨੀਆ ਨੇ ਸੇਵਾ ਦਲ ਦੇ ਵਰਕਰਾਂ ਨੂੰ ਆਰ ਐਸ ਐਸ (ਰਾਸ਼ਟਰੀ ਸਵੈਮ ਸੇਵਕ ਸੰਘ) ਤੋਂ ਪ੍ਰੇਰਨਾ ਲੈਣ ਲਈ ਕਿਹਾ ਸੀ। ਦੋਵੇਂ ਸੰਗਠਨ 1925 ਦੇ ਆਸ ਪਾਸ ਵਜੂਦ ਵਿੱਚ ਆਏ ਸਨ, ਪਰ ਅੱਜ ਸੰਘ ਕਿੱਥੇ ਹੈ ਅਤੇ ਸੇਵਾ ਦਲ ਕਿੱਥੇ, ਰਾਹੁਲ ਗਾਂਧੀ ਨੂੰ ਚਾਹੀਦਾ ਹੈ ਕਿ ਉਹ ਅੱਜ ਆਪਣੇ ਵਰਕਰਾਂ ਨੂੰ ਭਾਜਪਾ ਦੇ ਵਰਕਰਾਂ ਤੋਂ ਸਿੱਖਿਆ ਲੈਣ ਲਈ ਕਹਿਣ, ਜਿੰਨਾ ਸਮਰਪਣ ਭਾਜਪਾ 'ਚ ਦਿਸਦਾ ਹੈ, ਉਸ ਦਾ ਛਟਾਂਕ ਵੀ ਕਾਂਗਰਸ ਵਿੱਚ ਨਹੀਂ। ਰਾਜਸਥਾਨ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਕੁਝ ਜਗ੍ਹਾ ਤਾਂ ਕਾਂਗਰਸ ਦਾ ਵਰਕਰ ਦੁਪਹਿਰ ਬਾਅਦ ਬੂਥ 'ਚ ਦਿਸਿਆ ਹੀ ਨਹੀਂ। ਕੁਝ ਜਗ੍ਹਾ ਵਰਕਰਾਂ ਨੂੰ 2000 ਰੁਪਏ ਦੇਣ ਦੀ ਗੱਲ ਹੋਈ, ਪਰ ਵਿਚਲੇ ਲੋਕ 500 ਰੁਪਏ ਖਾ ਗਏ, ਸ਼ਿਕਾਇਤ ਹੋਣ 'ਤੇ ਕੁਝ ਨੇ ਪੈਸਾ ਵਾਪਸ ਕੀਤਾ। ਹੁਣ ਅਜਿਹੀ ਹਾਲਤ ਵਿੱਚ ਰਾਹੁਲ ਗਾਂਧੀ ਕਰਨ ਤਾਂ ਕੀ ਕਰਨ?

ਸਭ ਤੋਂ ਜ਼ਰੂਰੀ ਗੱਲ ਇਹ ਕਿ ਹਾਰ ਤੋਂ ਬਾਅਦ ਕਾਂਗਰਸ ਦੇ ਵੱਡੇ ਨੇਤਾ ਕਹਿੰਦੇ ਹਨ ਕਿ ਮੋਦੀ ਝੂਠ ਬੋਲ ਕੇ ਜਿੱਤ ਗਏ। ਮੋਦੀ ਨੇ ਲੋਕਾਂ ਨੂੰ ਬੇਵਕੂਫ ਬਣਾਇਆ, ਮੋਦੀ ਨੇ ਮੁੱਖ ਮੁੱਦਿਆਂ ਵੱਲ ਲੋਕਾਂ ਦਾ ਧਿਆਨ ਵੰਡਾਇਆ, ਮੋਦੀ ਨੇ ਝੂਠੇ ਸੁਪਨੇ ਦਿਖਾਏ, ਮੋਦੀ ਨੇ ਅੰਕੜੇ ਲੁਕੋਏ, ਮੋਦੀ ਨੇ ਰਾਸ਼ਟਰਵਾਦ ਵਧਾ ਚੜ੍ਹਾਅ ਕੇ ਪੇਸ਼ ਕੀਤਾ, ਮੋਦੀ ਨੇ ਭਾਰਤੀਆਂ ਨੂੰ ਪਾਕਿਸਤਾਨ ਦਾ ਝੂਠਾ ਡਰ ਦਿਖਾਇਆ ਆਦਿ। ਸਵਾਲ ਉਠਦਾ ਹੈ ਕਿ ਜੇ ਬੇਰੋਜ਼ਗਾਰੀ ਅਤੇ ਕਿਸਾਨਾਂ ਦਾ ਦਰਦ ਅਸਲ 'ਚ ਇੰਨੇ ਵੱਡੇ ਮੁੱਦੇ ਸਨ ਤਾਂ ਲੋਕਾਂ ਨੂੰ ਕਿਵੇਂ ਮਹਿਸੂਸ ਨਹੀਂ ਹੋਏ ਅਤੇ ਕਿਵੇਂ ਸਭ ਦੇ ਸਭ ਮੋਦੀ ਦੇ ਝਾਂਸੇ 'ਚ ਆ ਗਏ? ਸਵਾਲ ਉਠਦਾ ਹੈ ਕਿ ਕਿਸਾਨਾਂ ਦੇ ਦਰਦ ਦਾ ਇਲਾਜ ਕਾਂਗਰਸ ਨੇ ਕਰਜ਼ਾ ਮੁਆਫੀ 'ਚ ਦੇਖਿਆ ਅਤੇ ਚੋਣਾਂ ਹਾਰ ਗਈ, ਪਰ ਮੋਦੀ 2-2 ਹਜ਼ਾਰ ਰੁਪਏ ਦੀਆਂ ਤਿੰਨ ਕਿਸ਼ਤਾਂ ਦਾ ਵਾਅਦਾ ਕਰਕੇ ਚੋਣਾਂ ਜਿੱਤ ਗਏ। ਸਵਾਲ ਉਠਦਾ ਹੈ ਕਿ ਜੇ ਮੋਦੀ ਕੁਝ ਵੀ ਨਾ ਕਰਦੇ ਹੋਏ (ਜਿਵੇਂ ਕਾਂਗਰਸ ਦਾ ਦਾਅਵਾ ਹੈ), ਚੋਣ ਜਿੱਤ ਸਕਦੇ ਹਨ ਤਾਂ ਫਿਰ ਕਾਂਗਰਸ ਕੋਲ ਲੋੜਨ ਲਈ ਹੁਣ ਕਿਹੜਾ ਹਥਿਆਰ ਬਚਦਾ ਹੈ? ਸਵਾਲ ਉਠਦਾ ਹੈ ਕਿ ਰਾਹੁਲ ਗਾਂਧੀ ਦੇ 'ਨਿਆਂ' ਉਤੇ ਲੋਕਾਂ ਨੇ ਯਕੀਨ ਕਿਉਂ ਨਹੀਂ ਕੀਤਾ? ਸਵਾਲ ਉਠਦਾ ਹੈ ਕਿ ਕਾਂਗਰਸ 'ਚੌਕੀਦਾਰ ਚੋਰ ਹੈ' ਦਾ ਨਾਅਰਾ ਹੀ ਲਾਉਂਦੀ ਰਹਿ ਗਈ ਅਤੇ ਕਥਿਤ ਚੋਰ ਸੱਤਾ ਹਥਿਆ ਕੇ ਕਿਵੇਂ ਲੈ ਗਿਆ? ਸਵਾਲ ਉਠਦਾ ਹੈ ਕਿ ਕਾਂਗਰਸ ਨੂੰ ਲੋਕਾਂ ਨੇ ਬਦਲ ਵਜੋਂ ਕਿਉਂ ਨਹੀਂ ਦੇਖਿਆ? ਸਵਾਲ ਉਠਦਾ ਹੈ ਕਿ ਕਾਂਗਰਸ ਨੇ ਬੇਰੋਜ਼ਗਾਰੀ ਦੂਰ ਕਰਨ ਦੇ ਉਪਾਅ ਕਿਉਂ ਨਹੀਂ ਦੱਸੇ? ਸਵਾਲ ਉਠਦਾ ਹੈ ਕਿ ਜਦੋਂ ਮੋਦੀ ਜਨਤਾ ਨੂੰ ਝਾਂਸਾ ਦੇ ਰਹੇ ਸਨ ਤਾਂ ਕਾਂਗਰਸ ਦੇ ਨੇਤਾ ਕੀ ਕਰ ਰਹੇ ਸਨ?

ਸਭ ਤੋਂ ਵੱਡੀ ਗੱਲ ਹੈ ਕਿ ਜੇ ਅਸਲ 'ਚ ਕਾਂਗਰਸ ਹਾਈ ਕਮਾਨ ਨੂੰ ਲੱਗਦਾ ਹੈ ਕਿ ਮੋਦੀ ਕੁਝ ਨਾ ਕਰਦੇ ਹੋਏ ਵੀ ਬਾਜ਼ੀ ਜਿੱਤ ਗਏ ਤੇ ਕਾਂਗਰਸ ਸਭ ਕੁਝ ਕਰਕੇ ਵੀ ਹਾਰ ਗਈ ਤਾਂ ਕਾਂਗਰਸ ਕੋਲ ਲੜਨ ਲਈ ਕੀ ਬਚਦਾ ਹੈ? ਇਸ ਦਾ ਤੋੜ ਲੱਭਣਾ ਤਾਂ ਹੋਰ ਵੀ ਵੱਧ ਮੁਸ਼ਕਿਲ ਹੈ। ਇਨ੍ਹਾਂ ਬਿਆਨਾਂ ਨਾਲ ਫਿਰ ਹੇਠਾਂ ਤੱਕ ਦੇ ਵਰਕਰ ਕੋਲ ਕੀ ਸੰਦੇਸ਼ ਜਾਂਦਾ ਹੈ? ਅਜਿਹੇ ਨਾਂਹ ਪੱਖੀ ਸੰਦੇਸ਼ ਨਾਲ ਕਾਂਗਰਸ ਦਾ ਭਲਾ ਹੋਣ ਵਾਲਾ ਨਹੀਂ। ਨਿਰਾਸ਼ ਵਰਕਰ ਨੂੰ ਜਗਾਉਣ ਦਾ ਕੰਮ ਕਰਨਾ ਹੈ ਅਤੇ ਇਹ ਰਾਹੁਲ ਗਾਂਧੀ ਨੇ ਹੀ ਕਰਨਾ ਹੈ, ਕਿਵੇਂ ਕਰਨਾ ਹੈ, ਇਹ ਵੀ ਰਾਹੁਲ ਗਾਂਧੀ ਨੂੰ ਦੱਸਣ ਦੀ ਲੋੜ ਨਹੀਂ ਹੈ।

# ਨੈਤਿਕਤਾ ਲਈ ਹੋਵੇ ਇੱਕ ਸਿਆਸੀ ਅੰਦੋਲਨ

-ਵਿਮਲ ਵਧਾਵਨ-

ਭਾਰਤ ਦੀ ਸੁਪਰੀਮ ਕੋਰਟ ਅਤੇ ਵੱਖ-ਵੱਖ ਰਾਜਾਂ ਦੀਆਂ ਹਾਈ ਕੋਰਟਾਂ ਵੱਲੋਂ ਨੈਤਿਕਤ ਸਿਖਿਆ ਦੀ ਲੋੜ ਉੱਤੇ ਅੱਜ ਤੱਕ 200 ਤੋਂ ਵੱਧ ਫੈਸਲੇ ਦਿੱਤੇ ਜਾ ਚੁੱਕੇ ਹਨ। ਇਨ੍ਹਾਂ ਸਾਰੇ ਫੈਸਲਿਆਂ 'ਚ ਜੱਜਾਂ ਨੇ ਨੈਤਿਕ ਸਿਖਿਆ ਨੂੰ ਭਾਰਤੀ ਸਮਾਜ ਅਤੇ ਮੌਜੂਦਾ ਸਥਿਤੀਆਂ ਵਿੱਚ ਬੇਹੱਦ ਜ਼ਰੂਰੀ ਦੱਸਿਆ ਹੈ, ਪਰ ਨਾਲ ਹੀ ਸਰਕਾਰਾਂ ਨੂੰ ਕੋਈ ਵੀ ਹਦਾਇਤ ਜਾਰੀ ਕਰਨ ਵਿੱਚ ਅਸਮਰੱਥਾ ਪ੍ਰਗਟਾਈ ਹੈ। ਨਿਆਂ ਪ੍ਰਣਾਲੀ ਸਰਕਾਰ ਦੇ ਕਿਸੇ ਕੰਮ, ਇਥੋਂ ਤੱਕ ਕਿ ਕਾਨੂੰਨ ਵਿੱਚ ਗਲਤੀਆਂ ਕੱਢ ਸਕਦੀ ਹੈ, ਪਰ ਸਰਕਾਰਾਂ ਨੂੰ ਇਹ ਹੁਕਮ ਨਹੀਂ ਦੇ ਸਕਦੀ ਕਿ ਕਿਹੜਾ ਕਾਨੂੰਨ ਅਤੇ ਕਿਸ ਤਰ੍ਹਾਂ ਦੀਆਂ ਵਿਵਸਥਾਵਾਂ ਦੇਸ਼ ਵਿੱਚ ਲਾਗੂ ਕੀਤੀਆਂ ਜਾਣ। ਇਹ ਕੰਮ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦਾ ਹੈ। ਖਾਸ ਤੌਰ 'ਤੇ ਦੇਸ਼ ਲਈ ਨੀਤੀ ਨਿਰਮਾਣ ਦਾ ਕੰਮ ਤਾਂ ਵਿਧਾਨ ਪਾਲਿਕਾ ਨੇ ਹੀ ਕਰਨਾ ਹੁੰਦਾ ਹੈ।

ਵਿਧਾਨ ਪਾਲਿਕਾ ਦਾ ਅਰਥ ਹੈ ਭਾਰਤ ਦੀ ਪਾਰਲੀਮੈਂਟ ਅਤੇ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਹਨ। ਵਿਧਾਨ ਪਾਲਿਕਾ ਨੂੰ ਚਲਾਉਣ ਲਈ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ। ਇਹ ਸਿਰਫ ਕਹਿਣ ਨੂੰ ਲੋਕਾਂ ਦੇ ਨੁਮਾਇੰਦੇ ਹੁੰਦੇ ਹਨ, ਜਦ ਕਿ ਅਸਲ ਵਿੱਚ ਸਾਨੂੰ ਚਿੱਟੇ ਕੁੜਤੇ-ਪਜਾਮੇ 'ਚ ਘੁੰਮਦੇ ਨੇਤਾਛਾਪ ਹੰਕਾਰੀ ਲੋਕ ਦੇਖਣ ਨੂੰ ਮਿਲਦੇ ਹਨ। ਇਨ੍ਹਾਂ ਬਾਰੇ ਆਮ ਧਾਰਨਾ ਹੈ ਕਿ ਇਹ ਲੋਕ ਅਕਸਰ ਘੱਟ ਪੜ੍ਹੇ-ਲਿਖੇ, ਕਈ ਵਾਰ ਅਪਰਾਧੀ ਬਿਰਤੀ ਵਾਲੇ, ਪਰ ਅਮੀਰ ਹੁੰਦੇ ਹਨ। ਇਨ੍ਹਾਂ ਦੀ ਅਮੀਰੀ ਦਾ ਜੇ ਡੂੰਘਾਈ ਨਾਲ ਪ੍ਰੀਖਣ ਕੀਤਾ ਜਾਵੇ ਤਾਂ ਉਸ 'ਚ ਸੱਤਾ ਦੀ ਦੁਰਵਰਤੋਂ, ਸਵਾਰਥ, ਭ੍ਰਿਸ਼ਟਾਚਾਰ ਤੋਂ ਲੈ ਕੇ ਕਈ ਤਰ੍ਹਾਂ ਦੇ ਗੰਭੀਰ ਅਪਰਾਧਾਂ ਦੀ ਸੂਚੀ ਲੱਭਦੀ ਹੈ। ਵਿਧਾਨ ਪਾਲਿਕਾ 'ਚ ਅਜਿਹੇ ਨੇਤਾਵਾਂ ਦੀ ਭਰਮਾਰ ਹੈ।

ਅੱਜ ਦੀ ਵਿਧਾਨ ਪਾਲਿਕਾ ਵਿੱਚ ਤੁਹਾਨੂੰ ਸ਼ਾਇਦ ਦੀਵਾ ਲੈ ਕੇ ਲੱਭਣ 'ਤੇ ਵੀ ਅਜਿਹਾ ਨੇਤਾ ਨਹੀਂ ਮਿਲੇਗਾ, ਜੋ ਆਪਣੀ ਸਿਖਿਆ ਦੇ ਦਮ 'ਤੇ ਬਹੁਤ ਵੱਡਾ ਦੂਰਅੰਦੇਸ਼ ਨੀਤੀਵਾਨ ਹੋਵੇ ਤਾਂ ਸਮਾਜ ਸੇਵਾ ਦੇ ਦਮ 'ਤੇ ਬਹੁਤ ਨਿਮਰ ਅਤੇ ਮਾਨਵਤਾਵਾਦੀ ਸ਼ਖਸੀਅਤ ਹੋਵੇ ਜਾਂ ਸਮਾਜ ਨੂੰ ਨੈਤਿਕ ਅਤੇ ਅਧਿਆਤਮਕ ਮਾਰਗਦਰਸ਼ਨ ਦੇਣ ਵਾਲਾ ਵਿਅਕਤੀ ਹੋਵੇ। ਇਨ੍ਹਾਂ ਸਥਿਤੀਆਂ 'ਚ ਸੱਤਾ ਦੀ ਦੁਰਵਰਤੋਂ ਕਰਨ ਵਾਲੇ ਸਵਾਰਥੀ, ਭ੍ਰਿਸ਼ਟਾਚਾਰੀ ਅਤੇ ਅਪਰਾਧੀ ਬਿਰਤੀ ਵਾਲੇ ਨੇਤਾਵਾਂ ਤੋਂ ਇਹ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਕਿ ਉਹ ਦੇਸ਼ ਦੀ ਸਿਖਿਆ ਪ੍ਰਣਾਲੀ ਵਿੱਚ ਨੈਤਿਕਤਾ ਨੂੰ ਪੂਰੀ ਤਰ੍ਹਾਂ ਸ਼ਾਮਲ ਕਰਨ ਦੀ ਯੋਜਨਾ 'ਤੇ ਕੰਮ ਕਰਨਗੇ।

ਨੈਤਿਕਤਾ ਕੀ ਹੈ ਅਤੇ ਨੀਤੀਵਾਨ ਲੋਕ ਇਸ ਨੂੰ ਇੰਨਾ ਅਹਿਮ ਕਿਉਂ ਸਮਝਦੇ ਹਨ? ਨੈਤਿਕਤਾ ਦਾ ਸਿੱਧਾ ਅਰਥ ਇਹ ਹੈ ਕਿ ਸਮਾਜ ਦਾ ਹਰ ਆਦਮੀ ਕਦਮ ਕਦਮ 'ਤੇ ਜਿਹੋ ਜਿਹੇ ਸਲੂਕ ਕਰਦਾ ਹੈ ਜਾਂ ਫੈਸਲਾ ਲੈਂਦਾ ਹੈ, ਉਸ ਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਉਸ ਦੇ ਕੀਤੇ ਕੰਮ ਨਾਲ ਪੂਰੇ ਸਮਾਜ ਦੀ ਭਲਾਈ ਕਿਵੇਂ ਸੰਭਵ ਹੈ। ਇਸ ਦੇ ਉਲਟ ਜੇ ਉਹ ਆਦਮੀ ਸਿਰਫ ਆਪਣੀ ਭਲਾਈ 'ਤੇ ਕੇਂਦਰਿਤ ਰਹਿੰਦਾ ਹੈ ਅਤੇ ਉਸ ਕਾਰਨ ਬਾਕੀਆਂ ਨੂੰ ਭਵਿੱਖ ਵਿੱਚ ਭਾਰੀ ਤਕਲੀਫ ਉਠਾਉਣੀ ਪੈਂਦੀ ਹੈ ਤਾਂ ਅਜਿਹੇ ਆਦਮੀ ਨੂੰ ਅਨੈਤਿਕ ਕਿਹਾ ਜਾਂਦਾ ਹੈ।

ਨੀਤੀਵਾਨ ਆਦਮੀ ਕਿਸੇ ਵੀ ਸਮਾਜ ਦੀਆਂ ਸਭ ਸਮੱਸਿਆਵਾਂ ਦਾ ਹੱਲ ਸਿਰਫ ਨੈਤਿਕਤਾ ਨੂੰ ਮੰਨਦਾ ਹੈ। ਇਸ ਨੀਤੀ ਦੀ ਮਹੱਤਤਾ ਨੂੰ ਸਮਝਣ ਲਈ ਭਾਰਤ ਦੀਆਂ ਕਈ ਸਮੱਸਿਆਵਾਂ ਨੂੰ ਇੱਕ ਨਜ਼ਰੀਏ ਨਾਲ ਦੇਖਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਅੱਜ ਭਾਰਤ ਵਿੱਚ ਅਪਰਾਧ ਵਧਦੇ ਜਾਂਦੇ ਹਨ, ਔਰਤਾਂ ਸੁਰੱਖਿਅਤ ਹਨ, ਕੰਨਿਆ ਭਰਣ ਹੱਤਿਆ ਤੋਂ ਲੈ ਕੇ ਡਿਪਰੈਸ਼ਨ, ਤਣਾਅ ਆਦਿ ਕਾਰਨ ਆਏ ਦਿਨ ਹੋਣ ਵਾਲੀਆਂ ਖੁਦਕੁਸ਼ੀਆਂ ਦਾ ਸਿਲਸਿਲਾ ਅਤੇ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਰੁਕ ਨਹੀਂ ਰਿਹਾ। ਸਰਕਾਰੀ ਵਿਕਾਸ ਕਾਰਜਾਂ ਲਈ ਜਾਰੀ ਹੋਣ ਵਾਲੀਆਂ ਰਕਮਾਂ ਦਾ ਵੱਡਾ ਹਿੱਸਾ ਸਿਆਸੀ ਦਲਾਲਾਂ ਦੀ ਜੇਬ ਵਿੱਚ ਚਲਾ ਜਾਂਦਾ ਹੈ ਜਿਸ ਕਾਰਨ ਵਿਕਾਸ ਦੇ ਕੰਮ ਲੰਬੇ ਸਮੇਂ ਤੱਕ ਲਟਕੇ ਰਹਿੰਦੇ ਹਨ। ਠੇਕੇਦਾਰਾਂ ਵੱਲੋਂ ਬਣਾਈਆਂ ਸੜਕਾਂ ਹਰ ਸਾਲ ਟੁੱਟ ਜਾਂਦੀਆਂ ਹਨ। ਸਰਕਾਰ ਤਾਂ ਸੜਕਾਂ ਬਣਾਉਣ ਲਈ ਪੂਰਾ ਪੈਸਾ ਦਿੰਦੀ ਹੈ, ਪਰ ਉਸ ਰਕਮ ਦਾ ਕੁਝ ਹਿੱਸਾ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਜਾਂਦਾ ਹੈ। ਸਿਹਤ ਅਤੇ ਸਿਖਿਆ ਦੇ ਖੇਤਰ ਵਿੱਚ ਸਰਕਾਰੀ ਸੇਵਾਵਾਂ ਦੇ ਘਟੀਆਪਨ ਦਾ ਵੀ ਇਹੋ ਕਾਰਨ ਹੈ। ਸਰਕਾਰੀ ਨੌਕਰੀਆਂ ਲਈ ਚੋਣ ਪ੍ਰਕਿਰਿਆ ਹੋਵੇ ਜਾਂ ਜੱਜਾਂ ਦੀ ਨਿਯੁਕਤੀ ਤੋਂ ਖੇਡਾਂ ਦੇ ਖੇਤਰ ਵਿੱਚ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਖੇਡਣ ਵਾਲੇ ਖਿਡਾਰੀਆਂ ਦੀ ਚੋਣ ਹੋਵੇ, ਹਰ ਜਗ੍ਹਾ ਰਿਸ਼ਵਤਖੋਰੀ ਅਤੇ ਭਾਈ ਭਤੀਜਾਵਾਦ ਚਲਦਾ ਹੈ, ਜਿਸ ਕਾਰਨ ਚੰਗੀਆਂ ਪ੍ਰਤਿਭਾਵਾਂ ਨੂੰ ਅੱਗੇ ਆਉਣ ਦਾ ਮੌਕਾ ਨਹੀਂ ਮਿਲਦਾ।

ਭਾਰਤ ਹੀ ਨਹੀਂ, ਕੌਮਾਂਤਰੀ ਪੱਧਰ ਦੇ ਬੁੱਧੀਜੀਵੀ ਵੀ ਇਹ ਮਹਿਸੂਸ ਕਰਨ ਲੱਗੇ ਹਨ ਕਿ ਹਰ ਨਾਗਰਿਕ ਸਿਰਫ ਮਾਸ ਅਤੇ ਹੱਡੀਆਂ ਦਾ ਪੁਤਲਾ ਨਹੀਂ, ਹਰ ਮਨੁੱਖ ਵਿੱਚ ਮਾਨਸਿਕਤਾ ਦਾ ਵਿਕਾਸ ਉਸ ਦੇ ਸਰੀਰਕ ਵਿਕਾਸ ਨਾਲੋਂ ਵੱਧ ਅਹਿਮ ਹੁੰਦਾ ਹੈ। ਮਾਨਸਿਕ ਵਿਕਾਸ ਆਪਣੇ ਆਪ ਨਹੀਂ ਹੁੰਦਾ, ਇਸ ਦੇ ਲਈ ਆਪਣੇ ਆਪ ਪਰਵਾਰ ਅਤੇ ਸਮਾਜ ਦਾ ਮਾਹੌਲ, ਸਿਖਿਆ ਦੇ ਤੌਰ-ਤਰੀਕੇ ਜ਼ਿੰਮੇਵਾਰ ਹੁੰਦੇ ਹਨ। ਪਰਵਾਰ, ਸਿਖਿਆ ਅਤੇ ਸਮਾਜ ਜਦੋਂ ਪੂਰੀ ਤਰ੍ਹਾਂ ਨੈਤਿਕ ਢੰਗ ਨਾਲ ਆਚਰਣ ਕਰਨ ਲੱਗਦਾ ਹੈ ਤਾਂ ਅਜਿਹੇ ਮਾਹੌਲ ਵਿੱਚ ਰਹਿਣ ਵਾਲਾ ਹਰੇਕ ਆਦਮੀ ਸੁਭਾਵਿਕ ਤੌਰ 'ਤੇ ਨੈਤਿਕਤਾ ਦਾ ਧਨੀ ਬਣ ਜਾਂਦਾ ਹੈ। ਦੇਸ਼ ਦੀਆਂ ਅਦਾਲਤਾਂ ਨੇ ਨੈਤਿਕ ਮਾਹੌਲ ਬਣਾਉਣ ਦੇ ਸੰਬੰਧ ਵਿੱਚ ਸਰਕਾਰਾਂ ਨੂੰ ਦਿਸ਼ਾ ਨਿਰਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਸਰਕਾਰਾਂ ਚਲਾਉਣ ਵਾਲੇ ਲੋਕ ਖੁਦ ਹੀ ਸਵਾਰਥ ਦਾ ਪਾਲਣ ਪੋਸ਼ਣ ਕਰਦੇ ਕਰਦੇ ਪੂਰੀ ਤਰ੍ਹਾਂ ਅਨੈਤਿਕ ਜੀਵਨ ਦੇ ਆਦੀ ਹੋ ਚੁੱਕੇ ਹਨ। ਅਜਿਹੀ ਸਥਿਤੀ ਵਿੱਚ ਨੈਤਿਕਤਾ ਦਾ ਝੰਡਾ ਕਿਵੇਂ ਬੁਲੰਦ ਹੋਵੇਗਾ? ਇਸ ਦੇ ਲਈ ਇੱਕ ਸਿਆਸੀ ਅੰਦੋਲਨ ਦੀ ਲੋੜ ਹੈ।

ਕੁਝ ਸਾਲ ਪਹਿਲਾਂ ਅੰਨਾ ਹਜ਼ਾਰੇ ਅੰਦੋਲਨ ਦੇ ਨਾਂਅ 'ਤੇ ਭ੍ਰਿਸ਼ਟਾਚਾਰ ਵਿਰੁੱਧ ਇੱਕ ਹਨੇਰੀ ਚੱਲੀ ਸੀ। ਭ੍ਰਿਸ਼ਟਾਚਾਰ ਇੱਕ ਨਾਂਹ ਪੱਖੀ ਸ਼ਬਦ ਹੈ ਅਤੇ ਇਸ ਦਾ ਹਾਂਪੱਖੀ ਸ਼ਬਦ ਹੈ ਨੈਤਿਕਤਾ। ਭ੍ਰਿਸ਼ਟਾਚਾਰ ਦੇ ਪਿੱਛੇ ਭੱਜਣ ਨਾਲ ਇਹ ਖਤਮ ਨਹੀਂ ਹੋਵੇਗਾ। ਇੱਕ ਵਿਸ਼ਾਲ ਲੀਡਰਸ਼ਿਪ ਨੂੰ ਪੂਰੀ ਨੈਤਿਕਤਾ ਨਾਲ ਅਜਿਹੀ ਇੱਕ ਹਨੇਰੀ ਚਲਾਉਣ ਪਵੇਗੀ ਅਤੇ ਆਪਣੇ ਨਾਲ ਨੈਤਿਕ ਸਿਧਾਂਤਾਂ 'ਤੇ ਚੱਲਣ ਵਾਲੇ ਲੋਕਾਂ ਨੂੰ ਜੋੜਨਾ ਪਵੇਗਾ।

ਨੈਤਿਕਤਾ ਦੀ ਮੰਗ ਵਾਲਾ ਅਜਿਹਾ ਅੰਦੋਲਨ ਜੇ ਸਫਲ ਸਿਆਸੀ ਅੰਦੋਲਨ ਬਣ ਸਕਿਆ ਅਤੇ ਸੱਤਾ 'ਤੇ ਅਧਿਕਾਰ ਜਮ੍ਹਾ ਸਕਿਆ ਤਾਂ ਪੂਰੀ ਸੰਭਾਵਨਾ ਹੈ ਕਿ ਦੇਸ਼ ਦੀ ਸਿਖਿਆ ਪ੍ਰਣਾਲੀ ਵਿੱਚ ਕਿਤਾਬਾਂ ਦੇ ਹਰ ਸਫੇ 'ਤੇ ਨੈਤਿਕਤਾ ਦੀ ਛਾਪ ਦਿਖਾਈ ਦੇਵੇਗੀ। ਜਿਸ ਦਿਨੇ ਅਜਿਹੀ ਕੋਸ਼ਿਸ਼ ਸ਼ੁਰੂ ਹੋਵੇਗੀ, ਉਸ ਦਿਨ ਤੋਂ ਇਹ ਉਮੀਦ ਕੀਤੀ ਜਾ ਸਕੇਗੀ। 15 ਸਾਲਾਂ ਬਾਅਦ ਸਾਡੇ ਸਮਾਜ ਵਿੱਚ ਨੈਤਿਕਤਾ ਇੱਕ ਸਰਬ ਵਿਆਪਕ ਵਿਵਸਥਾ ਬਣ ਸਕਦੀ ਹੈ।

# ਵਿਛੜੇ ਪ੍ਰੀਵਾਰਾਂ ਦਾ ਇਤਿਹਾਸ



ਡਾ. ਸ.ਸ. ਛੀਨਾ

ਲਹੌਰ ਦੇ ਕੇਂਦਰੀ ਰੇਲਵੇ ਸਟੇਸ਼ਨ ਦੇ ਬਿਲਕੁਲ ਨਾਲ ਸਥਿਤ ਗੁਰਦਵਾਰਾ ਸਿੰਘ ਸਿੰਘਣੀਆਂ ਵਿਚ ਮੈਂ ਠਹਿਰਿਆ ਹੋਇਆ ਸਾਂ। ਗੁਰਦਵਾਰੇ ਦੀ ਬਹੁਤ ਹੀ ਖੂਬਸੂਰਤ ਇਮਾਰਤ ਵਿਚ ਇਕ ਗੈਸਟ ਹਾਊਸ ਬਣਿਆ ਹੋਇਆ ਹੈ ਜਿਸ ਨੂੰ ਵਿਦੇਸ਼ੀ ਸਿਖਾਂ ਖਾਸ ਕਰਕੇ ਇੰਗਲੈਂਡ ਦੇ ਸਿਖਾਂ ਨੇ ਯਾਤਰੀਆਂ ਲਈ ਬਣਵਾਇਆ ਹੈ। ਦਸਿਆ ਗਿਆ ਹੈ ਕਿ ਇਸ ਇਤਿਹਾਸਕ ਜਗਾਹ ਨੂੰ ਪਾਕਿਸਤਾਨ ਵਿਚ ਰਹਿਣ ਵਾਲੇ ਸਿਖਾਂ ਨੇ ਇਕ ਮੁਕਦਮੇਂ ਵਿਚ, ਆਪਣਾ ਹਕ ਜਤਾ ਕੇ ਲਿਆ ਸੀ। ਉਸ ਸਮੇਂ ਮੇਰੇ ਨਾਲ ਅੰਮ੍ਰਿਤਸਰ ਤੋਂ ਹੀ ਦੋ ਹੋਰ ਪ੍ਰੀਵਾਰ ਵੀ ਇਸ ਗੁਰਦੁਆਰੇ ਵਿਚ ਠਹਿਰੇ ਹੋਏ ਸਨ। ਸਾਡੇ ਕੋਲ ਵਾਪਸੀ ਤੇ ਆਉਣ ਲਈ ਸਿਰਫ ਇਕ ਰੇਲ ਗਡੀ ਦਾ ਹੀ ਸਾਧਨ ਸੀ। ਅਸੀਂ ਵਾਹਗੇ ਤੋਂ ਪੈਦਲ ਆ ਕੇ ਬਾਰਡਰ ਪਾਰ ਨਹੀਂ ਸਾਂ ਕਰ ਸਕਦੇ ਕਿਉਂ ਜੋ ਪੈਦਲ ਲੰਘਣ ਲਈ ਇਕ ਵਖਰੀ ਇਜਾਜਤ ਚਾਹੀਦੀ ਸੀ ਜੋ ਸਾਡੇ ਕੋਲ ਨਹੀਂ ਸੀ। ਅਜ ਤੋਂ ਬਾਦ ਜਦ ਫਿਰ ਗੱਡੀ ਆਉਣੀ ਤੇ ਜਾਣੀ ਸੀ ਉਸ ਦਿਨ ਤਕ ਸਾਡਾ ਵੀਜਾ ਖਤਮ ਹੋ ਜਾਣਾ ਸੀ, ਜਿਸ ਕਰਕੇ ਸਾਨੂੰ ਹੋਰ ਉਲਝੰਨਾਂ ਵਿਚੋਂ ਲੰਘਣਾਂ ਪੈਣਾ ਸੀ। ਇਸ ਲਈ ਜਿਸ ਦਿਨ ਸਵੇਰੇ ਮੈਂ ਵਾਪਿਸ ਅੰਮ੍ਰਿਤਸਰ ਆਉਣਾ ਸੀ ਮੈਂ ਰਾਤ ਨੂੰ ਹੀ ਇਸ ਬਾਰੇ ਬਹੁਤ ਸੁਚੇਤ ਸਾਂ ਕਿ ਗੱਡੀ ਨਾ ਲੰਘ ਜਾਵੇ। ਸ਼ਾਮ ਮੇਰੇ ਕੋਲ ਇਕ ਵਿਅਕਤੀ ਆਇਆ ਜੋ ਅੰਮ੍ਰਿਤਸਰ ਯੂਨੀਵਰਸਿਟੀ ਦੇ ਕਿਸੇ ਪ੍ਰੋਫੈਸਰ ਔਰਤ ਦਾ ਵਾਕਫ ਸੀ ਅਤੇ ਉਸ ਨੇ ਮੈਨੂੰ ਦੋ ਵੱਡੇ ਵੱਡੇ ਪੈਕਟ ਦਿਤੇ ਜਿੰਨਾਂ ਵਿਚੋਂ ਇਕ ਉਸ ਪ੍ਰੋਫੈਸਰ ਨੂੰ ਦੇਣਾ ਅਤੇ ਇਕ ਮੇਰੇ ਲਈ ਸੀ। ਜਦੋਂ ਉਸ ਨੇ ਇਹ ਦਸਿਆ ਕਿ ਇਹ ਦੋ ਕੇਕ ਹਨ ਤਾਂ ਮੈਨੂੰ ਆਪਣੀ ਪੜ੍ਹੀ ਲਿਖੀ ਜਮਾਤ ਦੀ ਸਿਆਣਪ, ਜਿੰਦਾਦਿਲੀ ਅਤੇ ਵਾਹਗੇ ਵਾਲੀ ਲਕੀਰ ਨੂੰ ਪਾਰ ਕਰਨ ਲਈ ਸਮਾਨ ਦੀ ਚੋਣ ਸਬੰਧੀ ਸੋਚ ਤੇ ਕਈ ਸ਼ੰਕੇ ਪੈਦਾ ਹੋਏ। ਉਹ ਦੋਵੇਂ ਕੇਕ ਮੈਂ ਰਖ ਤਾਂ ਲਏ ਪਰ ਬਾਦ ਵਿਚ ਰੇਲਵੇ ਸਟੇਸ਼ਨ ਤੇ ਪਹੁੰਚਣ ਤਕ ਕਈ ਵਾਰ ਉਹਨਾਂ ਨੂੰ ਨਾਲ ਲਿਆਉਣ ਜਾਂ ਉਥੇ ਛੱਡ ਆਉਣ ਦੀ ਦੂਚਿਤੀ ਵਿਚ ਰਿਹਾ ਕਿਉਂ ਜੋ ਜਿੰਨਾਂ ਅਕਾਰ ਮੇਰੇ ਬਰੀਫਕੇਸ ਦਾ ਸੀ ਉਨਾਂ ਹੀ ਇੰਨਾਂ ਦੋ ਕੇਕਾਂ ਦਾ ਸੀ, ਜਿਸ ਨੂੰ ਉਹ ਪ੍ਰੋਫੈਸਰ ਅੰਮ੍ਰਿਤਸਰ ਦੇ ਪ੍ਰੋਫੈਸਰ ਲਈ ਤੋਹਫੇ ਦੇ ਤੌਰ ਤੇ ਭੇਜ ਰਿਹਾ ਸੀ।

ਮੈਂ ਸਵੇਰੇ ਪੈਦਲ ਹੀ ਸਟੇਸ਼ਨ ਤੇ ਪਹੁੰਚ ਗਿਆ ਅਤੇ ਅਟਾਰੀ ਦੀ ਟਿਕਟ ਲੈ ਕੇ ਸੱਜੇ ਹਥ ਵਾਲੇ ਪਲੇਟਫਾਰਮ ਵੱਲ ਆ ਗਿਆ। ਅਜੇ ਬਹੁਤ ਹੀ ਥੋੜੇ ਜਿਹੇ ਲੋਕ ਆਏ ਸਨ। ਗੱਡੀ ਪਲੇਟਫਾਰਮ ਤੇ ਲਗੀ ਹੋਈ ਸੀ, ਮੈਂ ਆਪਣਾ ਸਮਾਨ ਗਡੀ ਦੀ ਸੀਟ ਤੇ ਰੱਖ ਕੇ ਪਲੇਟਫਾਰਮ ਦੀ ਰੌਣਕ ਅਤੇ ਜਾਣ ਵਾਲੇ ਵਿਅਕਤੀਆਂ ਵਲ ਵੇਖਣ ਲਈ ਬਾਹਰ ਆ ਕੇ ਖੜਾ ਹੋ ਗਿਆ। ਕੁਝ ਚਿਰ ਬਾਅਦ ਹੀ ਮੇਰੇ ਨਾਲ ਗੁਰਦਵਾਰੇ ਵਿਚ ਰਹਿ ਰਿਹਾ ਪਰਿਵਾਰ ਵੀ ਆ ਕੇ ਇਕ ਡਬੇ ਵਿਚ ਵੜ ਗਿਆ। ਜਿਆਦਾਤਰ ਯਾਤਰੀ ਪਾਕਿਸਤਾਨ ਤੋਂ ਭਾਰਤ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਜਾ ਰਹੇ ਸਨ ਜਾਂ, ਪਹਿਲਾਂ ਭਾਰਤ ਤੋਂ ਪਾਕਿਸਤਾਨ ਵਿਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਵਾਲੇ ਜਾਪਦੇ ਸਨ, ਜੋ ਉਹਨਾਂ ਦੇ ਪਹਿਰਾਵੇ ਅਤੇ ਗਲਬਾਤ ਤੋਂ ਲੱਗ ਰਿਹਾ ਸੀ। ਹੌਲੀ ਹੌਲੀ ਸਟੇਸ਼ਨ ਤੇ ਕਾਫੀ ਭੀੜ ਹੋ ਰਹੀ ਸੀ। ਪਰ ਹਰ ਇਕ ਜਾਣ ਵਾਲੇ ਦੇ ਨਾਲ ਤਕਰੀਬਨ ਉਨੇ ਹੀ ਉਹਨਾਂ ਨੂੰ ਰੁਖਸਤ ਕਰਨ ਵਾਲੇ ਜਾਪਦੇ ਸਨ।

ਫਿਰ ਇਕ ਵੱਡਾ ਗਰੁੱਪ ਜਿਸ ਵਿਚ ਔਰਤਾਂ, ਮਰਦ ਅਤੇ ਬੱਚੇ ਸਨ। ਉਹਨਾਂ ਨੇ ਬੜੇ ਸਧਾਰਣ ਜਿਹੇ ਕਪੜੇ ਪਾਏ ਹੋਏ ਸਨ, ਇਕੱਠੇ ਹੀ ਆ ਰਹੇ ਸਨ ਅਤੇ ਉਹਨਾਂ ਦੇ ਵਿਚ ਇਕ ਸਿੱਖ ਸਰਦਾਰ, ਕੋਈ 6 ਕੁ ਫੁੱਟ ਉਚਾਈ ਅਤੇ ਕਾਫੀ ਚੰਗੀ ਸਿਹਤ ਵਾਲਾ ਕੋਈ 70 ਕੁ ਸਾਲ ਦੀ ਉਮਰ, ਹੱਥ ਵਿਚ ਇਕ ਕਪੜੇ ਦਾ ਵੱਡਾ ਸਾਰਾ ਥੈਲਾ ਲੈ ਕੇ ਆ ਰਹੇ ਸਨ।

ਉਹਨਾਂ ਵਿਚੋਂ ਇਕ ਬਜੁਰਗ ਮਾਤਾ ਨੇ ਮੇਰੇ ਕੋਲ ਆ ਕੇ ਮੈਨੂੰ ਜਫੀ ਪਾ ਲਈ ਅਤੇ ਬੜੀ ਅਪਣਤ ਨਾਲ ਕਹਿਣ ਲੱਗੀ, "ਆਪਣੇ ਵੀਰ ਨੂੰ ਵੀ ਨਾਲ ਲੈ ਜਾ, ਰਸਤੇ ਵਿਚ ਇਸ ਦਾ ਖਿਆਲ ਰਖੀਂ।" ਉਸਦੇ ਕਹਿਣ ਦਾ ਢੰਗ ਇਸ ਤਰ੍ਹਾਂ ਸੀ ਜਿਵੇਂ ਉਹ ਮੈਨੂੰ ਸਦੀਆਂ ਤੋਂ ਜਾਣਦੀ ਹੋਵੇ ਪਰ ਮੈਂ ਅਜੇ ਉਸ ਵਕਤ ਤਕ ਉਹਨਾਂ ਬਾਰੇ ਕੁਝ ਵੀ ਨਹੀਂ ਸਾਂ ਸਮਝ ਸਕਿਆ। ਇਸ ਦੇ ਨਾਲ ਉਹਨਾਂ ਰੁਖਸਤ ਕਰਨ ਵਾਲਿਆਂ ਵਿਚੋਂ ਮਰਦਾਂ ਅਤੇ ਲੜਕਿਆਂ ਨੇ ਮੇਰੇ ਨਾਲ ਹਥ ਮਿਲਾਏ ਅਤੇ ਉਹ ਸਿਖ ਸਰਦਾਰ ਵੀ ਆ ਕੇ ਮਿਲਿਆ।

"ਕਿਥੇ ਜਾਣਾ ਹੈ ਤੁਸੀ?"

"ਅੰਮ੍ਰਿਤਸਰ"। ਮੈਂ ਜਵਾਬ ਦਿਤਾ ਅਤੇ ਨਾਲ ਹੀ ਬੜੀ ਉਤਸੁਕਤਾ ਨਾਲ ਪੁਛਣ ਲੱਗ ਪਿਆ ਕਿ ਤੁਸੀਂ ਕਦੋਂ ਆਏ ਸੀ? ਕਿਥੋਂ ਆਏ ਅਤ। ਇਹ ਸਭ ਲੋਕ ਕੌਣ ਹਨ।

"ਮੈਂ ਮੋਗੇ ਦੇ ਲਾਗੇ ਇਕ ਪਿੰਡ ਤੋਂ ਹਾਂ, ਇਹ ਮੇਰੀ ਭੂਆ ਅਤੇ ਉਹ ਦੋਵੇਂ ਮੇਰੀਆਂ ਸਕੀਆਂ ਭੈਣਾਂ ਹਨ। ਉਹ ਮੇਰੇ ਭਣਵਈਆ ਹੈ, ਇਹ ਲੜਕੇ ਮੇਰੇ ਭਣੇਵੇ ਹਨ, ਇਹ ਮੇਰੀਆਂ ਭੈਣਾਂ ਹਨ, ਇਹ ਮੇਰੀਆਂ ਭਣੇਵੀਆਂ ਹਨ ਅਤੇ ਇਹ ਮੇਰੀ ਭਣੇਵੀ ਦਾ ਪਤੀ ਹੈ ਅਤੇ ਉਹ ਦੂਰ ਖੜੇ ਮੇਰੀ ਭੂਆ ਦੇ ਜਵਾਈ, ਮੇਰੇ ਭਣਵਈਏ ਹਨ।"

ਇਨੇ ਨੂੰ ਉਹ ਦੂਰ ਖੜੋਤੇ ਉਸ ਦੀ ਭੂਆ ਦੇ ਜਵਾਈ ਵੀ ਮੇਰੇ ਕੋਲ ਆ ਗਏ ਅਤੇ ਮੈਨੂੰ ਮਿਲੇ। ਪਰ ਮੈਨੂੰ ਇਹ ਸਭ ਕੁਝ ਜਾਨਣ ਦੀ ਉਤਸੁਕਤਾ ਵਧਦੀ ਗਈ। ਪਰ ਮੈਂ ਉਹ ਸਮਾਂ ਅਜੇ ਯੋਗ ਨਾ ਸਮਝਿਆ। ਪਰ ਮੈਨੂੰ ਇੰਨੀ ਕੁ ਸਮਝ ਤਾਂ ਲਗ ਗਈ ਸੀ ਕਿ ਇਹ ਇਕ ਵਿਛੜਿਆ ਪਰਿਵਾਰ ਹੈ। ਫਿਰ ਦਲੀਪ ਸਿੰਘ ਆਪ ਹੀ ਦੱਸਣ ਲੱਗ ਪਿਆ, "ਮੈਂ ਆਪਣੀ ਭੂਆ ਅਤੇ ਭੈਣ ਨੂੰ 59 ਸਾਲਾਂ ਤੋਂ ਬਾਅਦ ਮਿਲਿਆ ਹਾਂ ਅਤੇ ਇਸ ਮਿਲਣ ਲਈ ਕਿੰਨੀਆਂ ਕੋਸ਼ਿਸ਼ਾਂ ਕੀਤੀਆਂ ਹਨ, ਇਹ ਮੈਂ ਹੀ ਜਾਣਦਾ ਹਾਂ ਅਤੇ ਹੁਣ ਅਗੋਂ ਕਿਥੇ ਮਿਲਣਾ ਹੈ......."।

ਉਸ ਦੀ ਭੂਆ ਬਾਰ-ਬਾਰ ਉਸ ਨੂੰ ਜਫੀਆਂ ਪਾ ਰਹੀ ਸੀ, "ਮੇਰੇ ਪੇਕਿਆਂ ਦੀ ਨਿਸ਼ਾਨੀ ਪਰ ਹੁਣ ਕਦੋਂ ਮਿਲਾਂਗੇ?"

ਉਸ ਦੀਆਂ ਦੋਵੇਂ ਛੋਟੀਆਂ ਭੈਣਾਂ ਉਸ ਨੂੰ ਬਾਰ-ਬਾਰ ਮਿਲ ਰਹੀਆਂ ਸਨ, "ਭਾ ਜੀ ਆਪਣੇ ਪੋਤਰੇ ਦੇ ਵਿਆਹ ਦਾ ਕਾਰਡ ਭੇਜ ਦੇਣਾ, ਅਸੀਂ ਵੀਜਾ ਲੈ ਕੇ ਜਰੂਰ ਆਵਾਂਗੀਆਂ, ਵਿਹਾਹ ਤੋਂ ਬਹੁਤ ਦਿਨ ਪਹਿਲਾਂ ਕਾਰਡ ਭੇਜਣਾ, ਬਹੁਤ ਸਮਾਂ ਲਗ ਜਾਂਦਾ ਹੈ ਵੀਜਾ ਲੈਣ ਲਈ, ਇਸਲਾਮਾਬਾਦ ਤੋਂ ਵੀਜਾ ਮਿਲਦਾ ਹੈ, ਬੜੀ ਕੋਸ਼ਿਸ਼ ਕਰਨੀ ਪੈਂਦੀ ਹੈ।"

"ਤੁਸੀਂ ਕਦੋਂ ਆਏ ਸੀ?"

"ਤਿੰਨ ਚਾਰ ਦਿਨ ਹੋਏ ਹਨ"

"ਕਿਸ ਜਗਾਹ ਤੋਂ ਆਏ ਹੋ?"

ਦੂਸਰਾ ਪੁਛ ਰਿਹਾ ਸੀ "ਕਿੰਨੀ ਦੂਰ ਹੈ ਅੰਮ੍ਰਿਤਸਰ, ਲਾਹੌਰ ਤੋਂ, ਕਦੋਂ ਪਹੁੰਚ ਜਾਉਗੇ"

ਉਹ ਸੁਆਲ ਜਿਆਦਾ ਪੁੱਛ ਰਹੇ ਸਨ ਅਤੇ ਮੇਰੇ ਜਵਾਬ ਦੇਣ ਤੋਂ ਪਹਿਲਾਂ ਜਾਂ ਮੇਰੇ ਵਲੋਂ ਕੁਝ ਪੁਛਣ ਤੋਂ ਪਹਿਲਾਂ ਹੀ ਉਹ ਹੋਰ ਸੁਆਲ ਕਰ ਦਿੰਦੇ ਸਨ। ਪਰ ਮੈਂ ਉਹਨਾਂ ਕੋਲੋਂ ਬਹੁਤ ਕੁਝ ਪੁਛਣਾ ਚਾਹੁੰਦਾ ਸਾਂ।

"ਕਿਹੜੀ ਜਗਾਹ ਤੋਂ ਆਏ ਹੋ"

"ਵੱਖ-ਵੱਖ ਪਿੰਡਾਂ ਤੋਂ",

ਸਾਰੇ ਹੀ ਰਿਸ਼ਤੇਦਾਰ ਵੱਖ-ਵੱਖ ਪਿੰਡਾਂ ਵਿਚ ਰਹਿੰਦੇ ਸਨ ਅਤੇ ਛੋਟੀ ਕ੍ਰਿਸਾਨੀ ਨਾਲ ਸੰਬੰਧਿਤ ਸਨ। ਦਲੀਪ ਸਿੰਘ ਅਤੇ ਉਹਨਾਂ ਦੇ ਪਰਿਵਾਰ ਬਾਰੇ ਉਹਨਾਂ ਦੇ ਭਣਵਈਏ, ਬਹੁਤ ਕੁਝ ਸੁਣਦੇ ਤਾਂ ਰਹੇ ਸਨ ਪਰ ਮਿਲੇ ਪਹਿਲੀ ਵਾਰ ਸਨ। ਸਾਡਾ ਪ੍ਰਾਹੁਣਾ (ਦਲੀਪ ਸਿੰਘ) ਸ਼ਰਾਬ ਦਾ ਬਹੁਤ ਸ਼ੁਕੀਨ ਸੀ, ਸਾਡੇ ਵਿਚੋਂ ਕੋਈ ਵੀ ਨਹੀਂ ਪੀਂਦਾ ਪਰ ਅਸੀਂ ਰੋਜਾਨਾ ਹੀ ਇਸ ਲਈ ਇੰਤਜਾਮ ਕਰਦੇ ਰਹੇ ਹਾਂ, ਇਥੇ ਇਸ ਦਾ ਇੰਤਜਾਮ ਕਰਨਾ ਪੈਂਦਾ ਹੈ, ਖੁੱਲ੍ਹੀ ਨਹੀਂ ਮਿਲਦੀ। ਹਰ ਘਰ ਵਿਚ ਇਸ ਦਾ ਸੁਆਗਤ ਹੁੰਦਾ ਰਿਹਾ ਹੈ। ਪਤਾ ਹੀ ਨਹੀਂ ਲੱਗਾ ਕਿ ਇਹ 13 ਦਿਨ ਕਿਵੇਂ ਨਿਕਲ ਗਏ ਹਨ, ਇਸ ਤਰ੍ਹਾਂ ਲਗਦਾ ਹੈ ਜਿਵੇਂ ਕਲ੍ਹ ਇਸ ਨੂੰ ਲਹੌਰੋਂ ਲੈ ਕੇ ਗਏ ਸਾਂ ਅਤੇ ਅੱਜ ਛੱਡਣ ਵੀ ਆ ਗਏ ਹਾਂ। ਅਜੇ ਤਾਂ ਅਸੀਂ ਇਸ ਦੇ ਪੂਰੇ ਪਰਿਵਾਰ ਬਾਰੇ ਵਾਕਫੀ ਵੀ ਨਹੀਂ ਕਰ ਸਕੇ, ਇਸ ਨੂੰ ਪਹਿਲੀ ਵਾਰ ਮਿਲੇ ਹਾਂ, ਇਥੇ ਲੜਕੇ, ਲੜਕੀਆਂ, ਪੋਤਰੇ, ਪੋਤਰੀਆਂ, ਨੂੰਹਾਂ ਕਿਸੇ ਬਾਰੇ ਵੀ ਕੁਝ ਵੀ ਨਹੀਂ ਪੁਛਿਆ। ਉਹ ਤਾਂ ਇਧਰ ਆ ਵੀ ਨਹੀਂ ਸਕਦੇ, ਵੀਜਾ ਮਿਲਣਾ ਇਕ ਵੱਡੀ ਮੁਸ਼ਕਲ ਹੈ, ਰਿਸ਼ਤੇਦਾਰ ਵੀ ਮਿਲਣ ਲਈ 59 ਸਾਲ ਉਡੀਕਦੇ ਰਹੇ ਅਤੇ ਉਹਨਾਂ ਵਲੋਂ ਦਸੀਆਂ ਗਲਾਂ ਭਾਵੇਂ ਬਹੁਤ ਕੁਝ ਆਪਣੇ ਆਪ ਦਸ ਰਹੀਆਂ ਸਨ, ਪਰ ਮੈਨੂੰ ਅਜੇ ਵੀ ਕੁਝ ਪਤਾ ਨਹੀਂ ਸੀ ਲੱਗ ਰਿਹਾ ਅਤੇ ਮੈਂ ਬੜੀ ਉਤਸੁਕਤਾ ਨਾਲ ਇਸ ਬਾਰੇ ਜਾਨਣਾ ਚਾਹੁੰਦਾ ਸਾਂ। ਇੰਨੇ ਨੂੰ ਗੱਡੀ ਦੀ ਪਹਿਲੀ ਵਿਸਲ ਵੱਜ ਗਈ। ਦਲੀਪ ਸਿੰਘ ਸਾਰਿਆਂ ਨੂੰ ਵਾਰੀ-ਵਾਰੀ ਮਿਲਣ ਲੱਗਾ। ਪਰ ਹਰ ਇਕ ਦੀਆਂ ਅੱਖਾਂ ਵਿਚੋਂ ਅਥਰੂ ਵਗ ਰਹੇ ਸਨ, ਕੋਈ ਵੀ ਬੋਲ ਨਹੀਂ ਸੀ ਰਿਹਾ। ਦਲੀਪ ਸਿੰਘ ਦੇ ਨਾਲ ਹਰ ਕੋਈ ਵਾਰ-ਵਾਰ ਮਿਲ ਰਿਹਾ ਸੀ ਅਤੇ ਗੱਡੀ ਦੀ ਜਦੋਂ ਦੂਸਰੀ ਵਿਸਲ ਵੱਜੀ ਤਾਂ ਉਸਦੀ ਭੂਆ ਫਿਰ ਆ ਕੇ ਉਸ ਨੂੰ ਮਿਲੀ ਅਤੇ ਹਥ ਫੜ ਕੇ ਡੱਬੇ ਦੇ ਕੋਲ ਲੈ ਆਈ ਅਤੇ ਮੈਨੂੰ ਸੰਬੋਧਨ ਕਰ ਕੇ ਫਿਰ ਕਹਿਣ ਲੱਗੀ, "ਵੀਰ ਦਾ ਖਿਆਲ ਰੱਖੀਂ" ਮੈਨੂੰ ਦਲੀਪ ਸਿੰਘ ਅਤੇ ਉਸ ਦੀ ਸਾਰੀ ਕਹਾਣੀ ਸੁਨਣ ਦੀ ਕਾਹਲੀ ਸੀ, ਉਸ ਨਾਲ ਹਮਦਰਦੀ ਹੋ ਰਹੀ ਸੀ। ਮੈਂ ਅਤੇ ਦਲੀਪ ਸਿੰਘ ਗੱਡੀ ਵਿਚ ਇਕਠੇ ਬੈਠ ਗਏ। ਮੇਰੇ ਪੁਛਣ ਤੋਂ ਪਹਿਲਾਂ ਹੀ ਦਲੀਪ ਸਿੰਘ ਦੱਸਣ ਲੱਗ ਪਿਆ। "ਜਦੋਂ ਪਾਕਿਸਤਾਨ ਬਣਿਆ, ਮੈਂ 11 ਕੁ ਸਾਲ ਦਾ ਸਾਂ, ਮੈਨੂੰ ਪੂਰੀ ਹੋਸ਼ ਹੈ। ਕਈ ਦਿਨ ਚਰਚਾ ਚਲਦੀ ਰਹੀ, ਸਾਡਾ ਪਿੰਡ ਪਾਕਿਸਤਾਨ ਵਿਚ ਨਹੀਂ ਜਾਵੇਗਾ। ਮੈਨੂੰ ਅਜੇ ਵੀ ਯਾਦ ਹੈ ਪਿੰਡ ਦੇ ਮੁਸਲਮਾਨ ਅਤੇ ਸਿੱਖ ਵੱਖ-ਵੱਖ ਥਾਵਾਂ ਤੇ ਰੋਜ ਇਕੱਠੇ ਹੁੰਦੇ ਸਨ, ਉਹ ਕਈ ਮਤੇ ਪਕਾਉਂਦੇ ਸਨ ਅਤੇ ਗੁਪਤ ਤੌਰ ਤੇ ਹਥਿਆਰ ਵੀ ਇਕੱਠੇ ਕਰਦੇ ਰਹਿੰਦੇ ਸਨ। ਪਰ ਪਿੰਡ ਦੇ ਮੁਸਲਮਾਨ ਅਤੇ ਸਿੱਖ ਇਕ ਦੂਜੇ ਦੀ ਮਦਦ ਵੀ ਕਰਦੇ ਸਨ। ਉਹਨਾਂ ਨੇ ਇਕ ਦੂਜੇ ਦੀ ਮਦਦ ਕੀਤੀ ਵੀ। ਜਦੋਂ ਇਹ ਤਹਿ ਹੋ ਗਿਆ ਕਿ ਸਾਡਾ ਪਿੰਡ ਹੁਣ ਪਾਕਿਸਤਾਨ ਵਿਚ ਆਉਣਾ ਹੈ ਤਾਂ ਪਿੰਡ ਦੇ ਸਿੱਖ, ਹਿੰਦੂ ਉਥੋਂ ਜਾਣ ਲਈ ਤਿਆਰ ਹੋਣ ਲਗ ਪਏ ਪਿੰਡ ਦੇ ਮੁਸਲਮਾਨ ਉਹਨਾਂ ਨੂੰ ਕੈਂਪ ਵਿਚ ਛੱਡਣ ਲਈ ਜਾਂਦੇ ਸਨ ਜਿਸ ਦਿਨ ਅਸੀਂ ਆਏ ਕਈ ਮੁਸਲਮਾਨ ਛੱਡਣ ਆ ਰਹੇ ਸਨ, ਉਹਨਾਂ ਨੇ ਸਾਡਾ ਸਮਾਨ ਚੁਕਿਆ ਹੋਇਆ ਸੀ ਪਰ ਰਸਤੇ ਵਿਚ ਹੋਰ ਪਿੰਡਾਂ ਦੇ ਮੁੰਡਿਆਂ ਨੇ ਸਾਡੇ ਤੇ ਹਮਲਾ ਕਰ ਦਿੱਤਾ। ਮੇਰਾ ਬਾਪ, ਦੋ ਭਰਾ ਮਾਰੇ ਗਏ, ਮੇਰੀ ਮਾਂ ਜਦੋਂ ਅਗੇ ਹੋ ਕੇ ਆਪਣੇ ਬੱਚਿਆਂ ਨੂੰ ਬਚਾਉਣ ਲੱਗੀ ਤਾਂ ਉਸ ਦੀ ਵੱਖੀ ਵਿਚ ਵੀ ਬਰਛੀ ਵਜੀ, ਉਹ ਲਹੂ ਲੁਹਾਨ ਹੋ ਗਈ ਅਤੇ ਉਸ ਨੇ ਮੈਨੂੰ ਇੰਨਾ ਹੀ ਕਿਹਾ ਕਿ ਭਜ ਜਾ, ਅਤੇ ਦਮ ਤੋੜ ਦਿਤੇ। ਉਹਨਾਂ ਗੁੰਡਿਆਂ ਨੇ ਮੇਰੀ ਭੂਆ ਅਤੇ ਭੈਣਾਂ ਨੂੰ ਘੋੜੀਆਂ ਤੇ ਬਿਠਾ ਲਿਆ। ਸਾਡੇ ਪਿੰਡ ਦੇ ਮੁਸਲਮਾਨ ਲੜਕਿਆਂ ਨੇ ਸਾਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਫਿਰ ਵੀ ਚਾਰ ਲੜਕੇ ਸਾਡੀ ਮਦਦ ਕਰਦੇ ਮਾਰੇ ਗਏ।" ਉਹ ਇਕ ਸਾਹੇ ਹੀ ਇੰਨਾ ਕੁਝ ਦਸ ਗਿਆ।

"ਤੁਸੀਂ ਕਿੰਨੇ ਆਦਮੀ ਬਚ ਗਏ ਸੀ।" ਮੈਂ ਪੁਛਿਆ

"ਸਾਡੇ ਪਰਿਵਾਰ ਵਿਚੋਂ ਸਿਰਫ ਮੈਂ ਅਤੇ ਮੇਰਾ ਚਾਚਾ ਅਸੀਂ ਤਾਂ ਆਪਣੇ ਜੀਆਂ ਦੀਆਂ ਲਾਸ਼ਾਂ ਦਾ ਸਸਕਾਰ ਵੀ ਨਹੀਂ ਸੀ ਕਰ ਸਕੇ। ਮਿਲਟਰੀ ਵਾਲਿਆਂ ਨੇ ਸਾਨੂੰ ਸੁਰਖਿਅਤ ਜਗਾਹ ਪਹੁੰਚਣ ਦੀ ਕਾਹਲੀ ਪਾਈ ਹੋਈ ਸੀ। ਪਤਾ ਨਹੀਂ ਉਸ ਹਮਲੇ ਵਿਚ ਮਾਰੇ ਗਏ 25-30 ਮਰਦਾਂ ਔਰਤਾਂ ਦਾ ਸਸਕਾਰ ਕਿੰਨੇ ਕੀਤਾ, ਕੀਤਾ ਵੀ ਕਿ ਨਹੀਂ ਕੀਤਾ, ਮੈਨੂੰ ਅੱਜ ਤਕ ਵੀ ਉਹ ਸੀਨ ਨਹੀਂ ਭੁਲਿਆ। ਮੇਰੀ ਭੂਆ ਅਤੇ ਭੈਣਾਂ ਨੇ ਬੜੇ ਦੁਖ ਵੇਖੇ, ਸਾਰੇ ਬੱਚੇ ਇਕੋ ਜਿਹੇ ਨਹੀਂ ਹੁੰਦੇ ਫਿਰ ਇਕ ਮੁਸਲਮਾਨ ਚੌਧਰੀ ਨੇ ਇੰਨਾਂ ਦੇ ਵਿਆਹ ਕਰਵਾ ਦਿੱਤੇ। ਜਦੋਂ ਸਰਕਾਰ ਵਲੋਂ ਇਸ ਤਰ੍ਹਾਂ ਦੀਆਂ ਔਰਤਾਂ ਨੂੰ ਵਾਪਿਸ ਭੇਜਣ ਦੇ ਯਤਨ ਹੋ ਰਹੇ ਸਨ ਤਾਂ ਚਾਚੇ ਨੇ ਕੋਸ਼ਿਸ਼ ਤਾਂ ਕੀਤੀ ਪਰ ਅੱਧੇ ਜਿਹੇ ਮਨ ਨਾਲ, ਉਹ ਜਿਆਦਾ ਹੀ ਡਿਪਰੈਸ਼ਨ ਵਿਚ ਸੀ, ਮੈਂ ਛੋਟਾ ਸਾਂ।"

"ਕੋਈ ਪੰਜ ਸਾਲ ਤੋਂ ਮੇਰੀ ਭੂਆ ਅਤੇ ਭੈਣਾਂ ਬਾਰੇ ਮੈਨੂੰ ਪਤਾ ਲੱਗਾ, ਅਤੇ ਇੰਨੀਆਂ ਕੋਸ਼ਿਸ਼ਾਂ ਤੋਂ ਬਾਅਦ ਮੈਂ ਪਹਿਲੀ ਵਾਰ ਉਹਨਾਂ ਨੂੰ ਮਿਲਣ ਆਇਆ ਸਾਂ। ਮੈਂ ਤਾਂ ਭੂਆ ਨੂੰ ਪਹਿਚਾਣ ਲਿਆ ਪਰ ਉਹਨਾਂ ਦੇ ਬਚਿਆਂ, ਜਿੰਨਾਂ ਨੂੰ ਮੈਂ ਪਹਿਲੀ ਵਾਰ ਮਿਲਿਆ, ਉਹ ਤਾਂ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਕਈ ਸਦੀਆਂ ਤੋਂ ਵਾਕਿਫ ਹੋਣ। ਬਾਰ-ਬਾਰ ਕਹਿੰਦੇ ਸਨ, "ਮਾਮਾ ਇਥੇ ਹੀ ਰਹੋ, ਹਰ ਘਰ ਵਿਚ ਮੈਂ ਜਾਂਦਾ ਸਾਂ, ਹਰ ਘਰ ਵਿਚ ਸ਼ਾਮ ਨੂੰ ਪਤਾ ਨਹੀਂ ਕਿਵੇਂ ਸ਼ਰਾਬ ਦਾ ਇੰਤਜਾਮ ਕੀਤਾ ਹੁੰਦਾ ਸੀ, ਰੋਜਾਨਾਂ ਵੱਖ-ਵੱਖ ਘਰ ਵਿਚ ਬੁਲਾਉਂਦੇ, ਪਰ ਸਾਰੇ ਰਿਸ਼ਤੇਦਾਰ ਸ਼ਾਮ ਨੂੰ ਇਕੱਠੇ ਹੋ ਜਾਂਦੇ ਸਨ, ਦੂਸਰੇ ਪਿੰਡਾਂ ਤੋਂ ਵੀ ਆ ਜਾਂਦੇ ਸਨ। ਰਾਤ ਨੂੰ ਤਕਰੀਬਨ ਇਕ-ਦੋ, ਵੱਜ ਜਾਂਦੇ ਸਨ, ਗਲਾਂ ਹੀ ਨਹੀਂ ਸਨ ਮੁਕਦੀਆਂ।"

ਫਿਰ ਉਸ ਨੇ ਸਮਾਨ ਵੱਲ ਉਂਗਲ ਕਰ ਕੇ ਦਸਿਆ ਇਹ ਜਿਹੜਾ ਸਮਾਨ ਪਿਆ ਹੈ, ਇਸ ਤੋਂ ਦੁਗਣਾਂ ਮੈਂ ਛਡ ਆਇਆ ਹਾਂ। ਇੰਨਾਂ ਤਾਂ ਮੈਂ ਲਿਜਾ ਵੀ ਨਹੀਂ ਸਾਂ ਸਕਦਾ। ਸਮਾਨ ਵਿਚ ਕੱਪੜੇ, ਭਾਂਡੇ, ਖਾਣ ਦੀਆਂ ਚੀਜਾਂ, ਖੋਏ ਦੀਆਂ ਪਿੰਨੀਆਂ, ਗੁੜ ਜਿਸ ਵਿਚ ਮੇਵੇ, ਬਦਾਮਾਂ ਦੀਆਂ ਗਿਰੀਆਂ, ਸੌਂਫ ਆਦਿ ਕਈ ਕੁਝ ਪਿਆ ਹੋਇਆ ਸੀ ਅਤੇ ਇਥੋਂ ਤਕ ਕਿ ਤਿਲ ਸਨ।

"ਮੈਂ ਬਹੁਤ ਮਨਾਹ ਕੀਤਾ ਪਰ ਉਹਨਾਂ ਨੇ ਬਦੋ ਬਦੀ ਇਹ ਸਮਾਨ ਨਾਲ ਖੜਣ ਦੀ ਜਿਦ ਕੀਤੀ ਅਤੇ ਮੈਂ ਵੀ ਨਾਂਹ ਨਹੀਂ ਕਰ ਸਕਿਆ ਜਿਸ ਪਿਆਰ ਨਾਲ ਉਹ ਸਮਾਨ ਲੈ ਕੇ ਆਈਆਂ ਸਨ ਜੇ ਮੈਂ ਨਾ ਖੜਦਾ ਤਾਂ ਚੰਗਾ ਨਾ ਲੱਗਦਾ।

ਉਸ ਵਕਤ ਮੈਂ ਉਸ ਗੁੜ ਦਾ ਆਪਣੇ ਕੋਲ ਪਏ ਕੇਕਾਂ ਨਾਲ ਮੁਕਾਬਲਾ ਕਰ ਰਿਹਾ ਸਾਂ ਅਤੇ ਮੈਨੂੰ ਉਹਨਾਂ ਦਾ ਭਾਰ ਇਸ ਸਮਾਨ ਦੇ ਭਾਰ ਤੋਂ ਕਿਤੇ ਜਿਆਦਾ ਲੱਗ ਰਿਹਾ ਸੀ। ਇੰਨਾ ਮਗਰ ਛਿਪੇ ਜਜਬਾਤਾਂ ਵਿਚ ਜਮੀਨ-ਅਸਮਾਨ ਦਾ ਫਰਕ ਸੀ।

ਪਤਾ ਨਹੀਂ ਲਗਾ ਜਕਦੋਂ ਗੱਡੀ ਆ ਕੇ ਵਾਹਗਾ ਦੇ ਸਟੇਸ਼ਨ ਤੇ ਖੜੋ ਗਈ। ਉਸ ਨੇ ਦੋਹਾਂ ਹੱਥਾਂ ਵਿਚ ਕੁਝ ਸਮਾਨ ਵਾਲੇ ਕੱਪੜੇ ਦੇ ਝੋਲੇ ਚੁਕ ਲਏ ਅਤੇ ਇਕ ਤੋੜਾ ਸਿਰ ਤੇ ਚੁੱਕ ਲਿਆ।

ਜਦੋਂ ਅਸੀਂ ਪਾਸਪੋਰਟ ਚੈਕ ਕਰਵਾ ਕੇ ਸਮਾਨ ਨੂੰ ਐਕਸਰੇ ਵਾਲੀ ਮਸ਼ੀਨ ਤੇ ਰਖਿਆ ਅਤੇ ਦੂਸਰੀ ਤਰ ਸਮਾਨ ਲੈਣ ਆਏ ਤਾਂ ਐਕਸਰੇ ਨੂੰ ਵੇਖ ਰਿਹਾ ਕਰਮਚਾਰੀ ਦਲੀਪ ਸਿੰਘ ਨੂੰ ਸੰਬੋਧਿਤ ਹੋ ਕੇ ਕਹਿਣ ਲੱਗਾ "ਸਰਦਾਰ ਜੀ ਇਹ ਗੁੜ, ਤਿਲ ਭਾਰਤ ਵਿਚ ਨਹੀਂ ਮਿਲਦੇ?"।

"ਸਭ ਕੁਝ ਹੀ ਮਿਲਦਾ ਹੈ ਭਾਰਤ ਵਿਚ, ਪਰ ਭੈਣਾਂ ਅਤੇ ਭੂਆ ਵਲ... ਦਿੱਤਾ ਇਹ ਗੁੜ ਅਤੇ ਤਿਲ ਨਹੀਂ ਮਿਲਦੇ" ਨਾਲ ਦੇ ਖੜ੍ਹੇ ਕਰਮਚਾਰੀ ਨੇ ਦਲੀਪ ਸਿੰਘ ਵਲ ਇਸ ਤਰ੍ਹਾਂ ਵੇਖਿਆ, ਜਿਵੇਂ ਉਸ ਨੂੰ ਸ਼ਕ ਹ...ਵੇ ਕਿ ਇਸ ਸਰਦਾਰ ਦੀਆਂ ਭੈਣਾਂ ਅਤੇ ਭੂਆ ਪਾਕਿਸਤਾਨ ਵਿਚ ਹ... ਸਕਦੀਆਂ ਹਨ। ਪਰ ਦਲੀਪ ਸਿੰਘ ਦੀਆਂ ਅੱਖਾਂ ਵਿਚ ਇਸ ਦੁਖਾਂਤ ਦਾ ਵੱਡਾ ਇਤਿਹਾਸ ਲੁਕਿਆ ਨਜ਼ਰ ਆ ਰਿਹਾ ਸੀ।



## ਬਹਿਬਲ ਕਲਾਂ ਗੋਲੀ ਕਾਂਡ

# ਬਾਦਲ ਪਿਤਾ-ਪੁੱਤਰ ਦੇ ਦਬਾਅ ਹੇਠ ਦਿੱਤੀ ਸੀ ਸਿਰਸਾ ਡੇਰੇ ਦੇ ਮੁਖੀ ਨੂੰ ਅਕਾਲ ਤਖਤ ਤੋਂ ਮੁਆਫੀ

ਫਰੀਦਕੋਟ, 17 ਜੂਨ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਂਗ ਕਰਨ ਦੇ ਦੋਸ਼ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਉਸ ਵਕਤ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਪੁੱਤਰ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਦਬਾਅ ਹੇਠ ਦਿੱਤੀ ਗਈ ਸੀ। ਇਹ ਦਾਅਵਾ ਸਾਲ 2015 ਦੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਨ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਚਾਰਜਸ਼ੀਟ ਵਿੱਚ ਸ਼ਾਮਲ ਸ੍ਰੀ ਪਟਨਾ ਸਾਹਿਬ ਦੇ ਉਸ ਵਕਤ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਪੱਤਰ ਵਿੱਚ ਕੀਤਾ ਗਿਆ ਹੈ। ਬਹਿਬਲ ਕਲਾਂ ਗੋਲੀਕਾਂਡ ਦੀਆਂ ਘਟਨਾਵਾਂ ਨੂੰ ਐੱਸ ਆਈ ਟੀ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਿਲੀ ਮੁਆਫੀ ਦੇ ਨਾਲ ਜੋੜ ਕੇ ਵੇਖ ਰਹੀ ਅਤੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਡੇਰਾ ਮੁਖੀ ਤੋਂ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਸੰਬੰਧ ਵਿੱਚ ਐੱਸ ਆਈ ਟੀ ਨੇ ਫਰੀਦਕੋਟ ਦੀ ਅਦਾਲਤ ਨੂੰ ਜਿਹੜੀ ਚਾਰਜਸ਼ੀਟ ਪੇਸ਼ ਕੀਤੀ ਹੈ, ਉਸ ਵਿੱਚ ਗਿਆਨੀ ਇਕਬਾਲ ਸਿੰਘ ਦਾ ਇੱਕ ਪੱਤਰ ਸ਼ਾਮਲ ਕੀਤਾ ਹੈ, ਜਿਹੜਾ ਗਿਆਨੀ ਇਕਬਾਲ ਸਿੰਘ ਨੇ ਐੱਸ ਆਈ ਟੀ ਦੇ ਮੈਂਬਰ ਅਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਲਿਖਿਆ ਸੀ। ਇਸ ਵਿੱਚ ਉਨ੍ਹਾਂ ਨੇ 24 ਸਤੰਬਰ 2015 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਪੂਰੇ ਕੇਸ ਦਾ ਜ਼ਿਕਰ ਕੀਤਾ ਹੈ। ਚਾਰਜਸ਼ੀਟ ਦੇ ਨਾਲ ਲਾਏ ਗਏ ਇਸ ਸੱਤ ਸਫਿਆਂ ਦੇ ਪੱਤਰ ਵਿੱਚ ਗਿਆਨੀ ਇਕਬਾਲ ਸਿੰਘ ਨੇ ਇਹ ਲਿਖਿਆ ਹੈ ਕਿ 23 ਸਤੰਬਰ 2015 ਨੂੰ ਉਹ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਸੱਦਣ ਉੱਤੇ ਬੈਠਕ ਲਈ ਅੰਮ੍ਰਿਤਸਰ ਗਏ ਤਾਂ ਉਨ੍ਹਾਂ ਨੂੰ ਬੈਠਕ ਦੇ ਵਿਸ਼ੇ ਦਾ ਪਤਾ ਨਹੀਂ ਸੀ। ਅਗਲੇ ਦਿਨ 24 ਸਤੰਬਰ ਨੂੰ ਉਹ



* ਸਾਬਕਾ ਜਥੇਦਾਰ ਦਾ ਪੱਤਰ ਚਾਰਜਸ਼ੀਟ ਵਿੱਚ ਸ਼ਾਮਲ

ਤੈਅ ਸਮੇਂ ਅਕਾਲ ਤਖਤ ਸਾਹਿਬ ਪਹੁੰਚੇ ਤੇ ਅਕਾਲ ਤਖਤ ਦੇ ਓਦੋਂ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲੇ ਤਾਂ ਉਥੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮਲ ਸਿੰਘ ਅਤੇ ਤਖਤ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਰਾਮ ਸਿੰਘ ਵੀ ਸਨ। ਇਸ ਪੱਤਰ ਅਨੁਸਾਰ ਗਿਆਨੀ ਇਕਬਾਲ ਸਿੰਘ ਨੂੰ ਜਦ ਬੈਠਕ ਦਾ ਏਜੰਡਾ ਪਤਾ ਲੱਗਾ ਤਾਂ ਉਨ੍ਹਾਂ ਨੇ ਡੇਰਾ ਮੁਖੀ ਨੂੰ ਮੁਆਫੀ ਦੇਣ ਦਾ ਵਿਰੋਧ ਕੀਤਾ। ਉਨ੍ਹਾਂ ਦੇ ਵਾਰ ਵਾਰ ਵਿਰੋਧ ਕਰਨ ਉੱਤੇ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਡੇਰਾ ਮੁਖੀ ਨੂੰ ਮੁਆਫੀ ਦੇਣੀ ਪੈਣੀ ਹੈ, ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਇਹੋ ਇੱਛਾ ਜਤਾਈ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਪੱਤਰ ਵਿੱਚ ਗਿਆਨੀ ਇਕਬਾਲ ਸਿੰਘ ਨੇ ਦਾਅਵਾ ਕੀਤਾ ਕਿ ਮੁਆਫੀਨਾਮੇ ਲਈ ਵਿਖਾਈ ਗਈ ਡੇਰਾ ਮੁਖੀ ਦੀ ਚਿੱਠੀ ਵਿੱਚ ਮੁਆਫੀ ਦੀ ਗੱਲ ਹੀ ਨਹੀਂ ਸੀ ਤੇ ਗਿਆਨੀ ਇਕਬਾਲ ਸਿੰਘ ਦੇ ਵਿਰੋਧ ਦੇ ਬਾਅਦ ਚਿੱਠੀ ਵਿੱਚ ਖੁਦ ਹੀ ਖਿਮਾ ਯਾਚਨਾ ਸ਼ਬਦ ਜੋੜਿਆ ਗਿਆ ਤੇ ਉਨ੍ਹਾਂ ਨੂੰ ਧਮਕੀਆਂ ਦੇ ਕੇ ਦਸਖਤ ਕਰਵਾਏ ਗਏ ਸਨ। ਇਸ ਪੱਤਰ ਵਿੱਚ ਇਹ ਵੀ ਲਿਖਿਆ ਹੈ ਕਿ ਮੁਆਫੀਨਾਮੇ ਬਾਰੇ ਬੈਠਕ ਵਿੱਚ ਗਿਆਨੀ ਗੁਰ-ਬਚਨ ਸਿੰਘ ਤੇ ਗਿਆਨੀ ਗੁਰਮੁਖ ਸਿੰਘ ਦੇ ਕੋਲ ਵਾਰ-ਵਾਰ ਸੁਖਬੀਰ ਸਿੰਘ ਬਾਦਲ ਦਾ ਫੋਨ ਆ ਰਿਹਾ ਸੀ। ਸੁਖਬੀਰ ਦੇ ਧਾਰਮਿਕ ਮਾਮਲਿਆਂ ਦੇ ਪੀ ਏ ਅਵਤਾਰ ਸਿੰਘ ਵੀ ਬੈਠਕ ਵਿੱਚ ਸਨ। ਫਿਰ 16 ਅਕਤੂਬਰ 2015 ਨੂੰ ਡੇਰਾ ਸਿਰਸਾ ਦੇ ਮੁਖੀ ਨੂੰ ਦਿਤਾ ਮੁਆਫੀਨਾਮਾ ਵਾਪਸ ਲਿਆ ਤਾਂ ਇਸ ਵੇਲੇ ਦੀ ਬੈਠਕ ਵਿੱਚ ਤਖਤ ਹਜ਼ੂਰ ਸਾਹਿਬ ਤੋਂ ਕੋਈ ਸਿੰਘ ਸਾਹਿਬ ਨਹੀਂ ਪਹੁੰਚੇ ਅਤੇ ਹਰਿਮੰ-ਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਘੁਬੀਰ ਸਿੰਘ ਨੂੰ ਸੱਦ ਕੇ ਕੋਰਮ ਪੂਰਾ ਕੀਤਾ ਗਿਆ ਅਤੇ ਫਿਰ ਮੁਆਫੀਨਾਮਾ ਰੱਦ ਕੀਤਾ ਗਿਆ ਸੀ। ਗਿਆਨੀ ਇਕਬਾਲ ਸਿੰਘ ਦਾ ਦੋਸ਼ ਹੈ ਕਿ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਫੈਸਲੇ ਵਿੱਚ ਅਕਾਲੀ ਦਲ ਦੇ ਜਨਰਲ ਸੈਕਟਰੀ ਦਲਜੀਤ ਸਿੰਘ ਚੀਮਾ ਦੀ ਖਾਸ ਭੂਮਿਕਾ ਸੀ। ਉਨ੍ਹਾਂ ਨੂੰ ਪਤਾ ਲੱਗਾ ਕਿ ਮੁਆਫੀ ਦਿੱਤੇ ਜਾਣ ਤੋਂ ਪਹਿਲਾਂ ਗਿਆਨੀ ਗੁਰ-ਬਚਨ ਸਿੰਘ, ਗਿਆਨੀ ਗੁਰਮੁਖ ਸਿੰਘ ਅਤੇ ਗਿਆਨੀ ਮਲ ਸਿੰਘ ਨੂੰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਕੋਠੀ ਸੱਦਿਆ ਗਿਆ ਸੀ।

## ਗੁਰੂਸਰ ਦੇ ਗੁਰਦੁਆਰੇ ਵਿੱਚ ਗੁਰੂ ਗੋਬਿੰਦ ਸਿੰਘ ਦੀ ਮੂਰਤੀ ਹੋਣ ਦਾ ਵਿਵਾਦ ਛਿੜਿਆ

ਮੁਕਤਸਰ ਸਾਹਿਬ, 17 ਜੂਨ (ਪੋਸਟ ਬਿਊਰੋ)- ਹਲਕਾ ਗਿੱਦੜਬਾਹਾ ਦੇ ਪਿੰਡ ਗੁਰੂਸਰ ਦੇ ਇਤਿਹਾਸਕ ਗੁਰਦੁਆਰੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੂਰਤੀ ਲਾਉਣ ਦਾ ਮਾਮਲਾ ਸਾਹਮਣੇ ਆਉਣ 'ਤੇ ਇਲਾਕੇ ਦੀ ਸਿੱਖ ਸੰਗਤ ਵਿੱਚ ਗੰਭੀਰ ਚਰਚਾ ਛਿੜੀ ਹੋਈ ਹੈ। ਮੂਰਤੀ ਵਣ ਦੇ ਰੁੱਖ ਦੇ ਕੋਲ ਸਰੋਵਰ ਕਿਨਾਰੇ ਖੁੱਲ੍ਹੇ ਥਾਂ ਲਾਈ ਗਈ ਹੈ।

ਵਰਨਣ ਯੋਗ ਹੈ ਕਿ ਇਹ ਗੁਰਦੁ-ਆਰਾ ਨਿਹੰਗ ਸਿੰਘਾਂ ਦੇ ਕਬਜ਼ੇ ਵਿੱਚ ਹੈ ਅਤੇ ਇਸ ਦਾ ਸਾਰਾ ਪ੍ਰਬੰਧ ਜਥੇਦਾਰ ਬਲਬੀਰ ਸਿੰਘ ਦੀ ਅਗਵਾਈ ਵਾਲੇ ਬਾਬਾ ਬੁੱਢਾ ਦਲ ਪਾਸ ਹੈ। ਇਸ ਬਾਰੇ ਗੁਰਦੁਆਰਾ ਸਾਹਿਬ ਦੇ ਇੱਕ ਸੇਵਾਦਾਰ ਗੁਰਦਿੱਤ ਸਿੰਘ ਨੇ ਦੱਸਿਆ ਕਿ ਕਰੀਬ ਤਿੰਨ ਸਾਲ ਪਹਿਲਾਂ ਮੂਰਤੀ ਕੋਈ ਸ਼ਰਧਾਲੂ ਲਗਵਾ ਗਿਆ ਸੀ। ਉਨ੍ਹਾਂ ਇਹ ਵੀ ਮੰਨਿਆ ਕਿ ਸਿੱਖ ਮਰਿਆਦਾ ਅਨੁਸਾਰ ਮੂਰਤੀ ਨਹੀਂ ਲੱਗ ਸਕਦੀ, ਪਰ ਇਥੇ ਮੂਰਤੀ ਲੰਬੇ ਸਮੇਂ ਤੋਂ ਲੱਗੀ ਹੈ ਤੇ ਇਥੇ ਇਸ ਬਾਰੇ ਕਦੇ ਰੋਕ ਟੋਕ ਨਹੀਂ ਹੋਈ। ਪਿੰਡ ਦੇ ਸਰਪੰਚ ਬੇਅੰਤ ਸਿੰਘ ਦੇ ਮੁਤਾਬਕ ਕਈ ਸਾਲਾਂ ਤੋਂ ਗੁਰਦੁਆਰਾ ਸਾਹਿਬ ਦੀ ਜ਼ਮੀਨ ਬਾਰੇ ਵਿਵਾਦ ਚੱਲ ਰਿਹਾ ਹੈ, ਜਿਸ ਦੌਰਾਨ ਪਿੰਡ ਦੇ ਕਈ ਵਿਅਕਤੀ ਮਾਰੇ ਗਏ ਸਨ, ਪਰ ਫਿਰ ਇਹ ਮਸਲਾ ਸੁਲਝ ਗਿਆ ਸੀ, ਕਿਉਂਕਿ ਗੁਰਦੁਆਰਾ ਸਾਹਿਬ ਦੀ ਸੰਭਾਲ ਬੁੱਢਾ ਦਲ ਦੇ ਜਥੇ ਨੇ ਆਪਣੇ ਹੱਥ ਲੈ ਲਈ ਸੀ ਅਤੇ ਲੋਕ ਅਮਨ ਸ਼ਾਂਤੀ ਨਾਲ ਰਹਿ ਰਹੇ ਹਨ ਤੇ ਗੁਰਦੁਆਰੇ ਪ੍ਰਤੀ ਸ਼ਰਧਾ ਕਾਇਮ ਹੈ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸਥਾਪਤ ਮੂਰਤੀ ਬਾਰੇ ਉਹ ਜਵਾਬ ਨਹੀਂ ਦੇ ਸਕੇ। ਓਧਰ ਸ੍ਰੀ ਦਰਬਾਰ ਸਾਹਿਬ ਮੁਕਤਸਰ ਦੇ ਮੈਨੇਜਰ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਪਿੰਡ ਗੁਰੂਸਰ ਦਾ ਗੁਰਦੁ-ਆਰਾ ਸ਼੍ਰੋਮਣੀ ਕਮੇਟੀ ਕੋਲ ਨਹੀਂ, ਇਸ ਦਾ ਪ੍ਰਬੰਧ ਨਿਹੰਗ ਸਿੰਘਾਂ ਕੋਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਮਰਿਆਦਾ ਅਨੁਸਾਰ ਕਿਸੇ ਵੀ ਗੁਰਦੁਆਰੇ ਵਿੱਚ ਮੂਰਤੀ ਲਾਉਣੀ ਮਨ੍ਹਾ ਹੈ।

## ਮਾਛੀਵਾੜਾ ਖੇਤਰ ਵਿੱਚ ਧਰਤੀ ਹੇਠ ਪੈਟਰੋਲੀਅਮ ਪਦਾਰਥ ਹੋਣ ਦੀ ਆਸ

ਮਾਛੀਵਾੜਾ ਸਾਹਿਬ, 17 ਜੂਨ (ਪੋਸਟ ਬਿਊਰੋ)- ਮਾਛੀਵਾੜਾ ਇਲਾਕੇ ਦੇ ਆਲੇ ਦੁਆਲੇ ਦੇ ਕਈ ਪਿੰਡਾਂ ਵਿੱਚ ਧਰਤੀ ਹੇਠਾਂ ਪੈਟਰੋਲੀਅਮ ਪਦਾਰਥ ਹੋਣ ਦੀ ਆਸ ਕੀਤੀ ਜਾ ਰਹੀ ਹੈ। ਇਸ ਕੰਮ ਲਈ ਓ ਐਨ ਜੀ ਸੀ ਵੱਲੋਂ ਇਕ ਪ੍ਰਾਈਵੇਟ ਕੰਪਨੀ ਨੂੰ ਠੇਕਾ ਦੇ ਕੇ ਧਰਤੀ ਹੇਠਾਂ ਡੂੰਘੇ ਬੋਰ ਕਰਕੇ ਜਾਂਚ ਕਰਵਾਈ ਜਾ ਰਹੀ ਹੈ।

ਇਸ ਸੰਬੰਧ ਵਿੱਚ ਮਾਛੀਵਾੜਾ ਦੇ ਪਿੰਡਾਂ ਝੜੌਦੀ, ਲੱਖੋਵਾਲ ਅਤੇ ਰੱਤੀਪੁਰ ਨੇੜੇ ਧਰਤੀ ਹੇਠਾਂ ਸਰਵੇ ਕਰ ਰਹੀ ਕੰਪਨੀ ਅਲਫਾ ਜੀ ਈ ਓ ਦੇ ਅਧਿਕਾਰੀਆਂ ਕਈ ਕਿਸਾਨਾਂ ਦੇ ਖੇਤਾਂ ਵਿੱਚ ਸੈਂਕੜੇ ਬੋਰ ਕਰਵਾਏ ਹਨ ਤਾਂ ਜੋ ਧਰਤੀ ਹੇਠਾਂ ਪੈਟਰੋਲੀਅਮ ਪਦਾਰਥਾਂ ਦੀ ਜਾਣਕਾਰੀ ਮਿਲ ਸਕੇ। ਕੰਪਨੀ ਦੇ ਅਧਿਕਾਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਧਰਤੀ ਹੇਠਾਂ ਖਣਿਜ ਪਦਾਰਥਾਂ ਦੀ ਸੰਭਾਲ ਕਰਨ ਵਾਲੀ ਸਰਕਾਰੀ ਕੰਪਨੀ ਆਇਲ ਐਂਡ ਨੈਚਰਲ ਗੈਸ ਕਮਿਸ਼ਨ (ਓ ਐਨ ਜੀ ਸੀ) ਨੂੰ ਸੈਟੀਲਾਈਟ ਰਾਹੀਂ ਜਾਣਕਾਰੀ ਮਿਲੀ ਹੈ ਕਿ ਪਾਣੀਪਤ ਤੋਂ ਗੁਰਦਾਸਪੁਰ ਤੱਕ ਕੁਝ ਥਾਵਾਂ ਉੱਤੇ ਪੈਟਰੋਲੀਅਮ ਪਦਾਰਥ ਅਤੇ ਗੈਸ ਹੋ ਸਕਦੀ ਹੈ। ਭਾਰਤ ਸਰਕਾਰ ਨੇ ਅਲਫਾ ਜੀਓ ਨੂੰ ਇਹ ਜ਼ਿੰਮੇਵਾਰ ਸੌਂਪਦੀਆਂ ਸੈਟੀਲਾਈਟ ਰਾਹੀਂ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਅਤੇ ਉਹ ਪਾਣੀਪਤ ਤੋਂ ਗੁਰਦਾਸਪੁਰ ਤੱਕ ਵੱਖ-ਵੱਖ ਥਾਵਾਂ 'ਤੇ ਬੋਰ ਕਰਕੇ ਰਿਪੋਰਟ ਤਿਆਰ ਕਰ ਰਹੇ ਹਨ। ਕੱਲ੍ਹ ਮਾਛੀਵਾੜਾ ਦੇ ਵੱਖ-ਵੱਖ ਪਿੰਡਾਂ 'ਚ ਅਲਫਾ ਜੀਓ ਵੱਲੋਂ ਮਸ਼ੀਨਾਂ ਰਾਹੀਂ ਕਰੀਬ 80 ਫੁੱਟ ਡੂੰਘੇ ਬੋਰ ਕੀਤੇ ਗਏ ਤੇ ਉਸ ਪਿੱਛੋਂ ਡੂੰਘੇ ਬੋਰਾਂ ਵਿੱਚ ਤਾਰ ਪਾ ਕੇ ਆਧੁਨਿਕ ਮਸ਼ੀਨਾਂ ਰਾਹੀਂ ਬਲਾਸਟ ਕਰਕੇ ਇਕ ਫਲੋਪੀ ਤਿਆਰ ਕੀਤੀ ਗਈ। ਭੁਪਿੰਦਰ ਸਿੰਘ ਨੇ ਦੱਸਿਆ ਕਿ ਇਹ 2 ਡੀ ਪ੍ਰਾਜੈਕਟ ਹੈ, ਜਿਸ ਦੀ ਫਲੋਪੀ ਹੈਦਰਾਬਾਦ ਖੋਜ ਕੇਂਦਰ ਨੂੰ ਭੇਜੀ ਜਾਵੇਗੀ। ਕੁਝ ਮਹੀਨਿਆਂ ਬਾਅਦ ਉਥੋਂ ਪੂਰੀ ਰਿਪੋਰਟ ਮਿਲੇਗੀ ਕਿ ਕਿਸ ਪਿੰਡ ਦੀ ਜ਼ਮੀਨ ਹੇਠਾਂ ਕਿੰਨੀ ਮਾਤਰਾ ਪੈਟਰੋਲੀਅਮ ਪਦਾਰਥ ਹਨ ਤੇ ਉਸ ਤੋਂ ਬਾਅਦ ਪ੍ਰਾਜੈਕਟ ਸ਼ੁਰੂ ਹੋਵੇਗਾ। ਮਾਛੀਵਾੜਾ ਦੇ ਪਿੰਡਾਂ ਰੱਤੀਪੁਰ, ਲੱਖੋਵਾਲ ਝੜੌਦੀ ਵਿਖੇ ਅਲਫਾ ਜੀਓ ਕੰਪਨੀ ਨੇ 80 ਫੁੱਟ ਡੂੰਘੇ ਬੋਰ ਕਰਨ ਪਿੱਛੋਂ ਉਸ ਵਿੱਚ ਬਲਾਸਟ ਕੀਤੇ ਹਨ।

## ਪੰਜਾਬ ਵਿੱਚ ਕਾਰ ਧੋਣ, ਪਾਣੀ ਛਿੜਕਣ, ਬਗੀਚੇ ਨੂੰ ਪਾਣੀ ਪਾਏ ਤੋਂ ਜੁਰਮਾਨਾ ਲੱਗੇਗਾ

ਚੰਡੀਗੜ੍ਹ, 17 ਜੂਨ (ਪੋਸਟ ਬਿਊਰੋ)- ਲੋਕਲ ਬਾਡੀਜ਼ ਵਿਭਾਗ ਦੇ ਵਿਸ਼ੇਸ਼ ਸਕੱਤਰ ਨੇ ਸ਼ਹਿਰੀ ਖੇਤਰ ਵਿੱਚ ਪਾਣੀ ਦੀ ਨਾਜਾਇਜ਼ ਵਰਤੋਂ ਰੋਕਣ ਲਈ ਸਖਤ ਹੁਕਮ ਜਾਰੀ ਕੀਤੇ ਹਨ, ਜਿਨ੍ਹਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਨੂੰ ਜੁਰਮਾਨਾ ਲੱਗੇਗਾ। ਇਸ ਬਾਰੇ ਪੰਜਾਬ ਦੇ ਸਾਰੇ ਨਗਰ ਨਿਗਮਾਂ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਫਸਰਾਂ ਨੂੰ ਪੱਤਰ ਰਾਹੀਂ ਸੂਚਿਤ ਕੀਤਾ ਗਿਆ ਹੈ।

ਅਸਲ ਵਿੱਚ ਪੰਜਾਬ ਵਿੱਚ ਪਾਣੀ ਦੀ ਦੁਰਵਰਤੋਂ ਰੋਕਣ ਲਈ ਰਾਜ ਸਰਕਾਰ ਪੂਰੀ ਤਰ੍ਹਾਂ ਚਿੰਤਤ ਹੈ। ਭਾਰਤ ਦੇ ਕਈ ਰਾਜਾਂ ਵਿੱਚ ਸੋਕੇ ਵਰਗੇ ਹਾਲਾਤ ਹੋਣ ਕਾਰਨ ਪੀਣ ਵਾਲੇ ਪਾਣੀ ਦੀ ਘਾਟ ਨਾਲ ਹਾਹਾਕ-ਾਰ ਮੱਚੀ ਪਈ ਹੈ। ਸੋਕੇ ਵਾਲੇ ਰਾਜਾਂ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਦੂਜੇ ਰਾਜਾਂ ਵੱਲ ਮੂੰਹ ਕਰਨਾ ਪੈ ਰਿਹਾ ਹੈ। ਪੰਜਾਬ ਦੇ ਸ਼ਹਿਰਾਂ ਅੰਦਰ ਕੁਝ ਲੋਕ ਆਪਣੀਆਂ ਗੱਡੀਆਂ ਧੋਣ, ਘਰਾਂ ਦੇ ਵਿਹੜੇ ਵਿੱਚ ਪਾਣੀ ਦਾ ਛਿੜਕਣ ਤੇ ਫੁਲ-ਬੂਟਿਆਂ ਲਈ



ਪਾਣੀ ਛੱਡ ਕੇ ਇਸ ਦੀ ਦੁਰਵਰਤੋਂ ਕਰਦੇ ਹਨ। ਇਸ ਤਰ੍ਹਾਂ ਪਾਣੀ ਦੀ ਦੁਰਵਰਤੋਂ ਰੋਕਣ ਲਈ ਇਹ ਕਦਮ ਚੁੱਕਣੇ ਪਏ ਹਨ ਤਾਂ ਕਿ ਪੀਣ ਦੇ ਪਾਣੀ ਨੂੰ ਸੰਜਮ ਨਾਲ ਵਰਤ ਕੇ ਇਸ ਦੀ ਘਾਟ ਦੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ।

ਲੋਕਲ ਬਾਡੀਜ਼ ਵਿਭਾਗ ਨੇ ਸਾਰੇ ਸਥਾਨਕ ਅਦਾਰਿਆਂ ਨੂੰ ਭੇਜੀ ਚਿੱਠੀ ਦੇ ਮੁਤਾਬਕ ਇਹ ਹਦਾਇਤ ਮੰਨਣ ਤੋਂ ਇਨਕਾਰ ਕਰਨ ਵਾਲੇ ਲੋਕਾਂ ਨੂੰ ਜੁਰਮਾਨੇ ਕੀਤੇ ਜਾਣਗੇ। ਪੰਜਾਬ ਦੇ ਸਾਰੇ ਸ਼ਹਿਰਾਂ ਵਿਚ ਸਿੱਧੀ ਪਾਈਪ ਲਾ ਕੇ ਗੱਡੀਆਂ, ਫਰਸ਼ ਅਤੇ ਵਿਹੜੇ ਧੋਣ ਦੀ ਪਹਿਲੀ ਉਲੰਘਣਾ ਲਈ ਇਕ ਹਜ਼ਾਰ ਰੁਪਏ ਜੁਰਮਾਨਾ, ਦੂਜੀ ਵਾਰ ਦੋ ਹਜ਼ਾਰ ਰੁਪਏ ਤੇ ਤੀਜੀ ਵਾਰ ਉਲੰਘਣਾ ਕਰਨ ਉੱਤੇ ਪਾਣੀ ਦਾ ਕੁਨੈਕਸ਼ਨ ਕੱਟਣ ਤੇ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਲੈ ਕੇ ਕੁਨੈਕਸ਼ਨ ਦੇਣ ਦੀ ਹਦਾਇਤ ਹੈ। ਇਸ ਦੇ ਨਾਲ ਕਿਹਾ ਗਿਆ ਹੈ ਕਿ ਬੂਟਿਆਂ-ਬਗੀਚਿਆਂ ਨੂੰ ਪਾਣੀ ਪਾਈਪ ਨਾਲ ਸਿਰਫ ਸ਼ਾਮ ਨੂੰ ਲਾਇਆ ਜਾਵੇ। ਵਿਭਾਗ ਨੇ ਸਾਫ ਕਿਹਾ ਹੈ ਕਿ ਇਹ ਹੁਕਮ ਵਿਭਾਗ ਦੇ ਮੰਤਰੀ ਦੀ ਪ੍ਰਵਾਨਗੀ ਨਾਲ ਲਿਆ ਗਿਆ ਹੈ। ਵਿਭਾਗ ਨੇ ਇਸ ਪੱਤਰ ਦੀ ਜਾਣਕਾਰੀ ਸਬੰਧਤ ਵਿਭਾਗਾਂ ਨੂੰ ਦੇ ਦਿੱਤੀ ਹੈ।

## ਸ਼ਿਵ ਸੈਨਾ ਦੇ ਦਫ਼ਤਰ ਉੱਤੇ ਨੌਜਵਾਨ ਨੇ ਇੱਟਾਂ ਵਰ੍ਹਾਈਆਂ

ਛੇਹਰਟਾ, 17 ਜੂਨ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਲਹਿੰਦੇ ਪਾਸੇ ਬਣਾਏ ਗਏ ਇੰਡੀਆ ਗੇਟ ਨੇੜੇ ਸ਼ਿਵ ਸੈਨਾ ਪੰਜਾਬ ਦੇ ਇਕ ਦਫ਼ਤਰ ਦੇ ਅੱਗੇ ਇਕ ਨੌਜਵਾਨ ਵੱਲੋਂ ਸ਼ਿਵ ਸੈਨਾ ਪੰਜਾਬ ਦੇ ਵਿਪਨ ਨਈਅਰ ਵੱਲੋਂ ਲਾਏ ਬੋਰਡ ਨੂੰ ਇੱਟਾਂ ਮਾਰ ਕੇ ਪਾੜਨ ਅਤੇ ਓਥੇ ਕੰਮ ਕਰਦੇ ਇਕ ਨੌਕਰ ਤੇ ਮਾਲਕ ਦੇ ਪਿਤਾ ਨੂੰ ਸ਼ਰੇਆਮ ਧਮਕਾਉਣ ਦੀ ਖਬਰ ਮਿਲੀ ਹੈ। ਇਹ ਸਾਰੀ ਘਟਨਾ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋ ਗਈ ਹੈ ਅਤੇ ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਇਸ ਬਾਰੇ ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਦੇ ਮੁਖੀ ਵਿਪਨ ਨਈਅਰ ਨੇ ਥਾਣਾ ਛੇਹਰਟਾ ਵਿਚ ਲਿਖਤੀ ਦਰਖਾਸਤ ਦੇ ਕੇ ਕਾਰਵਾਈ ਦੀ ਮੰਗ ਕੀਤੀ ਤੇ ਨਾਲ ਖਾਲਿਸਤਾਨ ਸਮੱਰਥਕਾਂ ਨੂੰ ਉਤਸ਼ਾਹ ਦੇਣ ਵਾਲਿਆਂ ਦੇ ਖਿਲਾਫ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਵਿਪਨ ਨਈਅਰ ਨੇ ਦੱਸਿਆ ਹੈ ਕਿ ਸਵੇਰੇ ਤੜਕੇ ਇਕ ਨੌਜਵਾਨ ਨੇ ਉਨ੍ਹਾਂ ਦੇ ਮੁੱਖ ਦਫ਼ਤਰ ਦੇ ਬਾਹਰ ਲੱਗੇ ਇਕ ਫਲੈਕਸ ਬੋਰਡ ਅਤੇ ਦਰਵਾਜ਼ਿਆਂ ਉੱਤੇ ਸ਼ਰੇਆਮ ਇੱਟਾਂ ਚਲਾਈਆਂ ਤੇ ਓਥੇ ਮੌਜੂਦ ਉਨ੍ਹਾਂ ਦੇ ਨੌਕਰ ਤੇ ਪਿਤਾ ਨੂੰ ਇਹ ਧਮਕੀਆਂ ਦਿੱਤੀਆਂ ਕਿ ਜੇ ਇਹ ਫਲੈਕਸ ਬੋਰਡਾ ਲਾਹ ਕੇ ਛੇਤੀ ਦਫ਼ਤਰ ਬੰਦ ਨਾ ਕੀਤਾ ਤਾਂ ਇਸ ਦਾ ਖਮਿਆਜ਼ਾ ਭੁਗਤਣ ਨੂੰ ਤਿਆਰ ਰਹਿਣ। ਉਨ੍ਹਾਂ ਦੱਸਿਆ ਕਿ ਇਹ ਸਾਰਾ ਘਟਨਾਕਰਮ ਉਨ੍ਹਾਂ ਦੇ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋ ਗਿਆ ਹੈ, ਜਿਸ ਦੀ ਜਾਣਕਾਰੀ ਉਨ੍ਹਾਂ ਥਾਣਾ ਛੇਹਰਟਾ ਦੀ ਪੁਲਿਸ ਨੂੰ ਦੇ ਦਿੱਤੀ ਅਤੇ ਥਾਣਾ ਛੇਹਰਟਾ ਦੇ ਸਬ ਇੰਸਪੈਕਟਰ ਗੁਲਸ਼ਨ ਲਾਲ ਨੇ ਮੌਕੇ ਉੱਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਵਿਪਨ ਨਈਅਰ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਸ ਬਾਰੇ ਛੇਤੀ ਜਾਂਚ ਕਰ ਕੇ ਕਾਰਵਾਈ ਕਰਨ ਤੇ ਸ਼ਰਾਰਤੀ ਅਨਸਰਾਂ ਖਿਲਾਫ ਕੇਸ ਦਰਜ ਕੀਤੇ ਜਾਣ। ਸਬ ਇੰਸਪੈਕਟਰ ਗੁਲਸ਼ਨ ਲਾਲ ਨੇ ਦੱਸਿਆ ਕਿ ਵਿਪਨ ਨਈਅਰ ਵੱਲੋਂ ਦਿੱਤੀ ਦਰਖਾਸਤ ਉੱਤੇ ਸੀ ਸੀ ਟੀ ਵੀ ਫੁਟੇਜ ਦੇ ਆਧਾਰ ਉੱਤੇ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਇਸ ਮਾਮਲੇ ਦਾ ਖੁਲਾਸਾ ਕਰ ਦਿੱਤਾ ਜਾਵੇਗਾ।

## ਸਾਬਕਾ ਫੌਜੀ ਨੇ ਥਾਣੇ ਅੰਦਰ ਮੁਨਸ਼ੀ ਨੂੰ ਗੋਲੀ ਮਾਰ ਕੇ ਮਾਰਿਆ

ਮਾਹਿਲਪੁਰ, 17 ਜੂਨ (ਪੋਸਟ ਬਿਊਰੋ)- ਹੁਸ਼ਿਆਰਪੁਰ ਜ਼ਿਲੇ ਦੇ ਥਾਣਾ ਮਾਹਿਲਪੁਰ ਵਿੱਚ ਕੱਲ੍ਹ ਦੁਪਹਿਰ ਬਾਅਦ ਇੱਕ ਸਾਬਕਾ ਫੌਜੀ ਨੇ ਥਾਣੇ ਦੇ ਅੰਦਰ ਹੀ ਮੁਨਸ਼ੀ ਅਮਰਜੀਤ ਸਿੰਘ ਨੂੰ ਦੋਨਾਲੀ ਰਾਈਫਲ ਨਾਲ ਗੋਲੀ ਮਾਰ ਕੇ ਮਾਰ ਦਿੱਤਾ। ਪਤਾ ਲੱਗਾ ਹੈ ਕਿ ਦੋਸ਼ੀ ਨੇ ਉਥੇ ਮੌਜੂਦ ਇੱਕ ਏ ਐੱਸ ਆਈ 'ਤੇ ਵੀ ਗੋਲੀ ਦਾਗੀ, ਪਰ ਉਹ ਬਚ ਗਿਆ।

ਪੁਲਸ ਅਧਿਕਾਰੀਆਂ ਦੇ ਦੱਸਣ ਮੁਤਾਬਕ ਸੁਰਿੰਦਰ ਕੁਮਾਰ ਫੌਜੀ ਥਾਣੇ ਵਿੱਚ ਆਪਣੀ ਰਾਈਫਲ ਲੈ ਕੇ ਗਿਆ ਤਾਂ ਗੇਟ ਉੱਤੇ ਸੰਤਰੀ ਨੇ ਉਸ ਨੂੰ ਅੰਦਰ ਜਾਣ ਤੋਂ ਰੋਕਿਆ ਅਤੇ ਹਥਿਆਰ ਲਿਆਉਣ ਦਾ ਕਾਰਨ ਪੁੱਛਿਆ। ਇਸ 'ਤੇ ਦੋਸ਼ੀ ਨੇ ਉਸ ਨੂੰ ਦੱਸਿਆ ਕਿ ਉਹ ਆਪਣੀ ਲਾਇਸੈਂਸੀ ਰਾਈਫਲ ਥਾਣੇ ਜਮ੍ਹਾ ਕਰਾਉਣ ਆਇਆ ਹੈ। ਸੰਤਰੀ ਨੇ ਉਸ ਨੂੰ ਥਾਣੇ ਦੇ ਮੁਨਸ਼ੀ ਅਮਰਜੀਤ ਸਿੰਘ ਕੋਲ ਭੇਜ ਦਿੱਤਾ। ਮਾਹਿਲਪੁਰ ਦੇ ਬਘੌਰਾ ਰੋਡ ਉੱਤੇ ਵਾਰਡ ਨੰਬਰ 11 ਦੇ ਵਾਸੀ ਸੁਰਿੰਦਰ ਕੁਮਾਰ ਫੌਜੀ ਨੇ ਅੰਦਰ ਜਾਂਦੇ ਹੀ ਬਿਨਾਂ ਉਕਸਾਵੇ ਦੇ ਆਪਣੀ ਰਾਈਫਲ ਨਾਲ ਹੌਲਦਾਰ ਅਮਰਜੀਤ ਸਿੰਘ 'ਤੇ ਬਹੁਤ ਨੇੜਿਉਂ ਇੱਕ ਰਾਊਂਡ ਫਾਇਰ ਕਰ ਦਿੱਤਾ, ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਤੇ ਬਾਅਦ ਵਿੱਚ ਉਸ ਦੀ ਹਸਪਤਾਲ ਵਿੱਚ ਮੌਤ ਹੋ ਗਈ। ਫਿਰ ਉਥੇ ਮੌਜੂਦ ਏ ਐੱਸ ਆਈ ਸ਼ਾਮ ਲਾਲ ਦੋਸ਼ੀ ਨੂੰ ਫੜਨ ਲਈ ਅੱਗੇ ਵਧਿਆ ਤਾਂ ਦੋਸ਼ੀ ਨੇ ਉਸ ਉੱਤੇ ਵੀ ਗੋਲੀ ਦਾਗ ਦਿੱਤੀ, ਪਰ ਇੱਕ ਪਾਸੇ ਹਟ ਕੇ ਉਹ ਬਚ ਗਿਆ। ਗੋਲੀ ਦੀ ਆਵਾਜ਼ ਸੁਣ ਕੇ ਕਮਰੇ ਵਿੱਚ ਪਹੁੰ-ਚੇ ਪੁਲਸ ਮੁਲਾਜ਼ਮਾਂ ਨੇ ਦੋਸ਼ੀ ਨੂੰ ਦਬੋਚ ਲਿਆ। ਮੁਨਸ਼ੀ ਨੂੰ ਗੰਭੀਰ ਹਾਲਤ ਵਿੱਚ ਮਾਹਿਲਪੁਰ ਸਿਵਲ ਹਸਪਤਾਲ ਲਿਜ-ਾਇਆ ਗਿਆ ਅਤੇ ਉਸ ਦੀ ਗੰਭੀਰ ਹਾਲਤ ਨੂੰ ਦੇਖ ਕੇ ਹੁਸ਼ਿਆਰਪੁਰ ਦੇ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਪਹੁੰਚਦੇ ਹੀ ਡਾਕਟਰਾਂ ਨੇ ਅਮਰਜੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ।

ਇਸ ਘਟਨਾ ਦਾ ਪਤਾ ਲੱਗਦੇ ਸਾਰ ਜ਼ਿਲ੍ਹੇ ਦੇ ਐੱਸ ਐੱਸ ਪੀ ਏਲਨਚੇਜ਼ੀਅਨ ਅਤੇ ਹੋਰ ਪੁਲਸ ਅਧਿਕਾਰੀ ਥਾਣਾ ਮਾਹਿਲਪੁਰ ਪਹੁੰਚੇ। ਦੱਸਿਆ ਜਾਂਦਾ ਹੈ ਕਿ ਦੋਸ਼ੀ 2002 ਵਿੱਚ ਫੌਜ ਤੋਂ ਰਿਟਾਇਰ ਹੋਇਆ ਸੀ। ਉਸ ਦੇ ਬਾਅਦ ਉਸ ਨੇ ਲਾਇਸੈਂਸੀ ਦੋਨਾਲੀ ਰਾਈਫਲ ਲਈ ਅਤੇ ਕਈ ਬੈਂਕਾਂ ਵਿੱਚ ਗਾਰਡ ਦਾ ਕੰਮ ਕਰ ਚੁੱਕਾ ਸੀ। ਸੂਤਰਾਂ ਮੁਤਾਬਕ ਉਹ ਸ਼ਰਾਬੀ ਕਿਸਮ ਦਾ ਵਿਅਕਤੀ ਹੋਣ ਕਾਰਨ ਕਿਤੇ ਟਿਕ ਕੇ ਕੰਮ ਨਹੀਂ ਕਰਦਾ ਸੀ।

## ਪ੍ਰੇਮਿਕਾ ਨਾਲ ਰੰਗਰਲੀਆਂ ਮਨਾਉਂਦਾ ਈਸਾਈ ਆਗੂ ਕੁੱਟ-ਕੁੱਟ ਕੇ ਮਾਰਿਆ

ਅਟਾਰੀ, 17 ਜੂਨ (ਪੋਸਟ ਬਿਊਰੋ)- ਈਸਾਈ ਭਾਈਚਾਰੇ ਦੇ ਪ੍ਰਚਾਰਕ ਨੂੰ ਪ੍ਰੇਮ ਸੰਬੰਧਾਂ ਦੇ ਕਾਰਨ ਆਪਣੀ ਜਾਨ ਤੋਂ ਹੱਥ ਧੋਣਾ ਪੈ ਗਿਆ ਹੈ। ਕੱਲ੍ਹ ਰਾਤ ਉਸ ਨੇ ਆਪਣੀ ਪ੍ਰੇਮਿਕਾ ਨੂੰ ਪਾਕਿਸਤਾਨ ਨੂੰ ਜਾਣ ਵਾਲੇ ਗੰਦੇ ਪਾਣੀ ਵਾਲੀ ਡਿਫੈਂਸ ਨਹਿਰ ਉੱਤੇ ਰਾਤ ਅੱਠ ਵਜੇ ਮਿਲਣ ਲਈ ਬੁਲਾਇਆ ਸੀ। ਇਸ ਬਾਰੇ ਵਿੱਚ ਉਸ ਦੀ ਪ੍ਰੇਮਿਕਾ ਦੇ ਸਹੁਰੇ ਪਰਵਾਰ ਨੂੰ ਪਤਾ ਲੱਗ ਗਿਆ। ਜਦ ਉਹ ਰੰਗਰਲੀਆਂ ਮਨਾ ਰਹੇ ਸਨ ਤਾਂ ਉਸ ਪਰਵਾਰ ਨੇ ਉਥੇ ਜਾ ਕੇ ਇੱਟਾਂ ਅਤੇ ਡੰਡਿਆਂ ਨਾਲ ਹਮਲਾ ਕਰ ਕੇ ਪ੍ਰਚਾਰਕ ਨੂੰ ਜ਼ਖਮੀ ਕਰ ਦਿੱਤਾ। ਉਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਲਿਆਂਦਾ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮ੍ਰਿਤਕ ਦੀ ਪਛਾਣ ਨਰਿੰਦਰ ਸਿੰਘ ਉਰਫ ਬੋਹੜ (45) ਵਾਸੀ ਨਿਊ ਦੀਪ ਸਿੰਘ ਕਲੋਨੀ ਮੁਹੱਲਾ ਨਾਨਕਸਰ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ।

ਥਾਣਾ ਘਰਿੰਡਾ ਦੇ ਐੱਸ ਐੱਸ ਓ ਇੰਸਪੈਕਟਰ ਰਣਧੀਰ ਸਿੰਘ ਨੇ ਦੱਸਿਆ ਕਿ ਨਰਿੰਦਰ ਸਿੰਘ ਸਰਹੱਦੀ ਪਿੰਡ ਮੋਦੇ ਦਾ ਰਹਿਣ ਵਾਲਾ ਸੀ ਤੇ ਕੁਝ ਸਾਲ ਪਹਿਲਾਂ ਤਰਨ ਤਾਰਨ ਵਿੱਚ ਵਸ ਗਿਆ ਸੀ। ਉਸ ਦੀ ਭੈਣ ਮਨਜੀਤ ਕੌਰ ਦਾ



ਪਿੰਡ ਮੋਦੇ ਵਿੱਚ ਵਿਆਹ ਹੋਇਆ ਸੀ ਅਤੇ ਮੋਦੇ ਵਿੱਚ ਉਹ ਬੰਦਗੀ ਦੇ ਨਾਲ ਲੱਕੀ ਡ੍ਰਾਅ ਪਾਉਂਦਾ ਸੀ, ਜਿਸ ਕਾਰਨ ਉਸ ਦਾ ਪਿੰਡ ਮੋਦੇ ਵਿੱਚ ਆਉਣ-ਜਾਣਾ ਲੱਗਾ ਰਹਿੰਦਾ ਸੀ। ਪਿੰਡ ਮੋਦੇ ਦੀ ਇੱਕ ਔਰਤ ਨਾਲ ਉਸ ਦੇ ਸੰਬੰਧ ਉਸ ਦੀ ਮੌਤ ਦਾ ਕਾਰਨ ਬਣ ਗਏ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਮ੍ਰਿਤਕ ਨਰਿੰਦਰ ਸਿੰਘ ਮਸੀਹ ਭਾਈਚਾਰੇ ਦਾ ਪ੍ਰਚਾਰ ਕਰਦਾ ਤਾਂ ਔਰਤ ਨੂੰ ਨਾਲ ਲੈ ਜਾਂਦਾ ਸੀ। ਥਾਣਾ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਨਰਿੰਦਰ ਸਿੰਘ ਦੇ ਬੇਟੇ ਮਨਜਿੰਦਰ ਸਿੰਘ ਦੇ ਬਿਆਨ ਤੇ ਸਤਨਾਮ ਸਿੰਘ, ਗੁਰਜੰਟ ਸਿੰਘ, ਗੁਰਵੇਲ ਸਿੰਘ ਅਤੇ ਪੂਨਮ ਕੌਰ ਦੇ ਖਿਲਾਫ ਕੇਸ ਦਰਜ ਕੀਤਾ ਹੈ ਜਿਸ ਵਿੱਚੋਂ ਇੱਕ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਵਪਾਰੀ ਤੋਂ ਕਿਡਨੀ ਦੇਣ ਬਹਾਨੇ 15 ਲੱਖ ਠੱਗਣ ਵਾਲੀ ਗ੍ਰਿਫਤਾਰ

ਲੁਧਿਆਣਾ, 17 ਜੂਨ (ਪੋਸਟ ਬਿਊਰੋ)- ਕਿਡਨੀ ਦੀ ਬਿਮਾਰੀ ਤੋਂ ਪੀੜਤ ਅਬੋਹਰ ਦੇ ਵਪਾਰੀ ਨੂੰ ਕਿਡਨੀ ਦਿਵਾਉਣ ਦਾ ਝਾਂਸਾ ਦੇ ਕੇ ਉਸ ਨਾਲ 15 ਲੱਖ ਦੀ ਠੱਗੀ ਕਰਨ ਦੇ ਦੋਸ਼ ਹੇਠ ਪੁਲਸ ਨੇ ਇਕ ਔਰਤ ਨੂੰ ਗ੍ਰਿਫਤਾਰ ਕੀਤਾ ਹੈ, ਜਦ ਕਿ ਉਸ ਦਾ ਸਾਥੀ ਫਰਾਰ ਦੱਸਿਆ ਜਾਂਦਾ ਹੈ।

ਪੁਲਸ ਨੇ ਇਹ ਕਾਰਵਾਈ ਅਬੋਹਰ ਦੇ ਵਸਨੀਕ ਬੀਜਾਂ ਦਾ ਕਾਰੋਬਾਰੀ ਮੁਨੀਸ਼ ਕੁਮਾਰ ਪੁੱਤਰ ਜਗੀਰ ਲਾਲ ਦੀ ਸ਼ਿਕਾਇਤ ਉੱਤੇ ਕੀਤੀ ਹੈ ਤੇ ਇਸ ਵਿੱਚ ਬੰਟੀ ਵਾਸੀ ਢੋਲੇਵਾਲ ਅਤੇ ਸ਼ਵੇਤਾ ਪਤਨੀ ਨਰੇਸ਼ ਕੁਮਾਰ ਵਾਸੀ ਢੋਲੇਵਾਲ ਦੇ ਖਿਲਾਫ ਕੇਸ ਕੀਤਾ ਹੈ। ਸ਼ਿਕਾਇਤ ਕਰਤਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੀਆਂ ਦੋਵੇਂ ਕਿਡਨੀਆਂ ਖਰਾਬ ਹਨ ਅਤੇ ਉਹ ਇਲਾਜ ਕਰਵਾਉਣ ਲਈ ਦਿਆਨੰਦ ਹਸਪਤਾਲ ਵਿਖੇ ਆਉਂਦਾ ਸੀ। ਉਸ ਨੇ ਦੱਸਿਆ ਕਿ ਡੇਢ ਸਾਲ ਪਹਿਲਾਂ ਦੋਸ਼ੀ ਸ਼ਵੇਤਾ ਉਸ ਨੂੰ ਹਸਪਤਾਲ 'ਚ ਮਿਲੀ, ਜਿਥੇ ਉਹ ਡਾਇਲੈਸਿਸ ਕਰਵਾਉਣ ਆਇਆ ਸੀ। ਉਸ ਨੇ ਦੱਸਿਆ ਕਿ ਸ਼ਵੇਤਾ ਨੇ ਖੁਦ ਨੂੰ ਹਸਪਤਾਲ ਦੀ ਡਾਕਟਰ ਦੱਸਿਆ ਅਤੇ ਉਸ ਨੂੰ ਕਿਡਨੀ ਲੈ ਕੇ ਦੇਣ ਦਾ





ਵਾਅਦਾ ਕੀਤਾ ਅਤੇ ਇਸ ਲਈ ਉਸ ਤੋਂ 25 ਲੱਖ ਰੁਪਏ ਦੀ ਮੰਗ ਕੀਤੀ। ਉਸ ਨੇ ਦੱਸਿਆ ਕਿ ਉਹ ਸ਼ਵੇਤਾ ਤੇ ਬੰਟੀ ਦੀਆਂ ਗੱਲਾਂ 'ਚ ਆ ਗਿਆ ਤੇ ਕਿਡਨੀ ਲੈਣ ਲਈ ਉਸ ਨੇ ਦੋਸ਼ੀਆਂ ਨੂੰ 15 ਲੱਖ ਰੁਪਏ ਦੇ ਦਿੱਤੇ। ਇਨ੍ਹਾਂ ਦੋਵਾਂ ਨੇ ਉਸ ਨੂੰ ਨਾ ਕਿਡਨੀ ਦਿਵਾਈ ਤੇ ਨਾ ਪੈਸੇ ਵਾਪਸ ਕੀਤੇ। ਉਸ ਨੇ ਦੱਸਿਆ ਕਿ ਪਿਛਲੇ ਡੇਢ ਸਾਲ ਤੋਂ ਉਹ ਇਨ੍ਹਾਂ ਤੋਂ ਪੈਸੇ ਲੈਣ ਲਈ ਲੁਧਿਆਣਾ ਦੇ ਕਈ ਚੱਕਰ ਲਾ ਚੁੱਕਾ ਹੈ। ਜਦੋਂ ਦੋਸ਼ੀਆਂ ਨੇ ਉਸ ਦੇ ਪੈਸੇ ਨਾ ਦਿੱਤੇ ਤਾਂ ਉਸ ਨੇ ਮਾਮਲਾ ਪੁਲਸ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ। ਪੁਲਸ ਅਧਿਕਾਰੀਆਂ ਨੇ ਇਸ ਦੀ ਜਾਂਚ ਪਿੱਛੋਂ ਇਨ੍ਹਾਂ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਲਿਆ ਅਤੇ ਪੁਲਸ ਨੇ ਸ਼ਵੇਤਾ ਨੂੰ ਗ੍ਰਿਫਤਾਰ ਕਰ ਲਿਆ ਹੈ, ਪਰ ਬੰਟੀ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।






## ਭਾਰਤ-ਮਿਆਂਮਾਰ ਦੀ ਫੌਜ ਵੱਲੋਂ ਬਾਰਡਰ ਉੱਤੇ ਵੱਡਾ ਐਕਸ਼ਨ

ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਪੂਰਬ-ਉੱਤਰ ਦੇ ਖੇਤਰਾਂ 'ਚ ਭਾਰਤ ਤੇ ਮਿਆਂਮਾਰ ਨੇ ਅੱਤਵਾਦੀ ਸੰਗਠਨਾਂ 'ਤੇ ਸਾਂਝੀ ਕਾਰਵਾਈ ਕੀਤੀ ਹੈ, ਦੋਵੇਂ ਦੇਸ਼ਾਂ ਦੀਆਂ ਫੌਜਾਂ ਨੇ ਆਪੋ-ਆਪਣੀਆਂ ਸਰਹੱਦਾਂ 'ਚ ਅੱਤਵਾਦੀ ਟਿਕਾਣਿਆਂ ਨੂੰ ਨਸ਼ਟ ਕਰ ਦਿੱਤਾ ਹੈ। ਕਾਰਵਾਈ ਦੌਰਾਨ ਹਿੱਸਾ ਲੈ ਰਹੇ ਅੱਤਵਾਦੀਆਂ ਨੂੰ ਵੀ ਫੜ ਲਿਆ ਗਿਆ ਹੈ।

ਅਖਬਾਰ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ ਫੌਜ ਨੇ ਅੱਤਵਾਦੀਆਂ ਖਿਲਾਫ ਮੁਹਿੰਮ ਨੂੰ 'ਆਪ੍ਰੇਸ਼ਨ ਸਨਸ਼ਾਈਨ-2' ਦਾ ਨਾਂਅ ਦਿੱਤਾ ਹੈ। ਭਾਰਤੀ ਫੌਜ ਅੰਦਰ ਇਸ ਆਪ੍ਰੇਸ਼ਨ ਵਿੱਚ ਇੰਡੀਅਨ ਆਰਮੀ ਦੇ ਦੋ ਬਟਾਲੀਅਨ ਤੋਂ ਇਲਾਵਾ ਵਿਸ਼ੇਸ਼ ਸੁਰੱਖਿਆ ਬਲ, ਆਸਾਮ ਰਾਈਫਲਜ਼ ਦੇ ਜਵਾਨ ਇਸ ਕਾਰਵਾਈ ਵਿੱਚ ਸ਼ਾਮਲ ਸਨ। ਮਿਆਂਮਾਰ ਦੀ ਫੌਜ ਦੇ ਚਾਰ ਬ੍ਰਿਗੇਡ ਵੀ ਅੱਤਵਾਦੀਆਂ ਖਿਲਾਫ ਐਕਸ਼ਨ 'ਚ ਸ਼ਾਮਲ ਸਨ। ਇਸ ਤੋਂ ਪਹਿਲਾਂ ਇਸੇ ਸਾਲ 22 ਤੋਂ 26 ਫਰਵਰੀ ਦੌਰਾਨ ਆਪ੍ਰੇਸ਼ਨ ਸਨਸ਼ਾਈਨ-1 ਚਲਾਇਆ ਗਿਆ ਸੀ ਅਤੇ ਉਸ ਸਮੇਂ ਭਾਰਤੀ ਫੌਜ ਨੇ ਭਾਰਤੀ ਖੇਤਰ ਅੰਦਰ ਸ਼ੱਕੀ ਬਾਗੀ ਕੈਂਪਾਂ ਉੱਤੇ ਕਾਰਵਾਈ ਕੀਤੀ ਸੀ, ਭਾਰਤੀ ਫੌਜ ਦੀ ਕਾਰਵਾਈ ਦੌਰਾਨ ਹਿੱਸਾ ਲੈ ਰਹੇ ਬਾਗੀਆਂ ਨੂੰ ਆ ਦਬੋਚਿਆ ਸੀ। ਆਪ੍ਰੇਸ਼ਨ ਸਨਸ਼ਾਈਨ-2 ਤਹਿਤ ਭਾਰਤੀ ਫੌਜ ਨੇ ਲਗਭਗ 70 ਤੋਂ 80 ਅੱਤਵਾਦੀਆਂ ਨੂੰ ਫੜਿਆ ਅਤੇ ਉਨ੍ਹਾਂ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਆਪ੍ਰੇਸ਼ਨ ਸਨਸ਼ਾਈਨ-2 ਹੇਠ ਐੱਨ ਐੱਸ ਸੀ ਐੱਨ ਦੇ ਘੱਟੋ-ਘੱਟ ਸੱਤ ਕੈਂਪਾਂ ਤੋਂ ਇਲਾਵਾ ਉਲਫਾ ਅਤੇ ਐੱਲ ਓ ਐੱਨ ਐੱਫ ਟੀ ਦੇ ਟਿਕਾਣਿਆਂ ਨੂੰ ਮਿਆਂਮਾਰ ਦੀ ਫੌਜ ਨੇ ਨਸ਼ਟ ਕਰ ਦਿੱਤਾ ਹੈ। ਰਿਪੋਰਟ ਮੁਤਾਬਕ ਸਰਕਾਰੀ ਸੂਤਰਾਂ ਨੇ ਇਸ ਕਾਰਵਾਈ ਨੂੰ ਕਾਮਯਾਬ ਦੱਸਿਆ ਹੈ। ਅਧਿਕਾਰੀ ਨੇ ਦੱਸਿਆ ਕਿ ਆਪ੍ਰੇਸ਼ਨ ਸਨਸ਼ਾਈਨ-1 ਅਨੁਸਾਰ ਦੋਵੇਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਪੈਦਾ ਹੋਏ ਭਰੋਸੇ ਦੀ ਵਜ੍ਹਾ ਨਾਲ ਇਸ ਵਾਰ ਮਿਸ਼ਨ ਕਾਮਯਾਬ ਰਿਹਾ ਹੈ। ਅਧਿਕਾਰੀ ਅਨੁਸਾਰ 2015 ਵਿੱਚ ਭਾਰਤੀ ਫੌਜ ਨੇ ਅੱਤਵਾਦੀ ਸੰਗਠਨ ਐੱਨ ਐੱਸ ਸੀ ਐੱਨ ਕੇ ਖਿਲਾਫ ਸਰਹੱਦ ਪਾਰ ਤੋਂ ਚਲਾਈ ਗਈ ਮੁਹਿੰਮ ਦੀ ਵਜ੍ਹਾ ਨਾਲ ਮਿਆਂਮਾਰ ਫੌਜ ਵਿੱਚ ਨਾਰਾਜ਼ਗੀ ਸੀ, ਪਰ ਮਿਲ ਕੇ ਕੰਮ ਕਰਨ ਦੀ ਵਜ੍ਹਾ ਨਾਲ ਪੁਰਾਣੀ ਸ਼ਿਕਾਇਤ ਇੱਕ ਤਰ੍ਹਾਂ ਨਾਲ ਖਤਮ ਹੋ ਗਈ ਹੈ।

### ਐੱਨ ਆਈ ਏ ਦਾ ਖੁਲਾਸਾ

## ਕਸ਼ਮੀਰੀ ਵੱਖਵਾਦੀ ਨੇਤਾਵਾਂ ਨੂੰ ਵਿਦੇਸ਼ਾਂ ਤੋਂ ਫੰਡਿੰਗ ਨਿੱਜੀ ਹਿੱਤਾਂ ਲਈ ਵਰਤੀ ਗਈ

ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੇ ਦੋਸ਼ ਲਾਇਆ ਹੈ ਕਿ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਦੀ ਫੰਡਿੰਗ ਦੇ ਮਾਮਲੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਕੱਟੜਪੰਥੀ ਵੱਖਵਾਦੀ ਨੇਤਾਵਾਂ ਨੂੰ ਵਿਦੇਸ਼ਾਂ ਤੋਂ ਪੈਸੇ ਆਏ ਅਤੇ ਉਨ੍ਹਾਂ ਨੇ ਇਸ ਦੀ ਵਰਤੋਂ ਆਪਣੇ ਲਈ ਜਾਇਦਾਦ ਖਰੀਦਣ ਤੋਂ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਉਣ ਦੇ ਕੰਮ ਲਈ ਵੀ ਕੀਤੀ ਸੀ।





ਜਾਂਚ ਏਜੰਸੀ ਨੇ ਹੁਰੀਅਤ ਕਾਨਫਰੰਸ ਅਤੇ ਸੰਗਠਨਾਂ ਦੇ ਕਈ ਸੀਨੀਅਰ ਨੇਤਾਵਾਂ ਤੋਂ ਪੁੱਛਗਿੱਛ ਕੀਤੀ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਆਗੂਆਂ ਨੇ ਕਸ਼ਮੀਰ ਘਾਟੀ ਵਿੱਚ ਲੋਕਾਂ ਵਿੱਚ ਵੱਖਵਾਦੀ ਭਾਵਨਾਵਾਂ ਨੂੰ ਭੜਕਾਉਣ ਲਈ ਪਾਕਿਸਤਾਨ ਤੋਂ ਫੰਡਿੰਗ ਮਿਲਣ ਦੀ ਗੱਲ ਮੰਨੀ ਹੈ। ਐੱਨ ਆਈ ਏ ਨੇ ਕੱਲ੍ਹ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਦੁਖਤਰਾਨ-ਏ-ਮਿੱਲਤ ਦੀ ਨੇਤਾ ਆਸੀਆ ਅੰਦਰਾਬੀ ਤੋਂ ਮਲੇਸ਼ੀਆ ਵਿੱਚ ਉਸ ਦੇ ਬੇਟੇ ਦੀ ਪੜ੍ਹਾਈ 'ਤੇ ਖਰਚ ਬਾਰੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਇਹ ਖਰਚਾ ਜਹੂਰ ਵਟਾਲੀ ਚੁੱਕਦਾ ਸੀ, ਜਿਸ ਨੂੰ ਅੱਤਵਾਦੀ ਫੰਡਿੰਗ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਆਸੀਆ ਅੰਦਰਾਬੀ ਨੇ ਮੰਨਿਆ ਹੈ ਕਿ ਉਸ ਨੂੰ ਵਿਦੇਸ਼ੀ ਸਰੋਤਾਂ ਤੋਂ ਪੈਸਾ ਮਿਲਦਾ ਰਿਹਾ ਹੈ ਤੇ ਦੁਖਤਰਾਨ-ਏ-ਮਿਲਤ ਘਾਟੀ ਵਿੱਚ ਮੁਸਲਿਮ ਔਰਤਾਂ ਵੱਲੋਂ ਪ੍ਰਦਰਸ਼ਨ ਕਰਾਉਂਦਾ ਹੈ। ਇੱਕ ਕੱਟੜਪੰਥੀ ਨੇਤਾ ਸ਼ੱਬੀਰ ਸ਼ਾਹ ਤੋਂ ਵੀ ਉਸ ਦੇ ਕਾਰੋਬਾਰ ਬਾਰੇ ਪੁੱਛਗਿੱਛ ਕੀਤੀ, ਜੋ ਪਾਕਿਸਤਾਨ ਤੋਂ ਮਿਲੇ ਪੈਸੇ ਨਾਲ ਚੱਲ ਰਿਹਾ ਸੀ ਅਤੇ ਇਸ 'ਚ ਪਹਿਲਗਾਮ ਵਿੱਚ ਉਸ ਦੇ ਹੋਟਲ ਦਾ ਕਾਰੋਬਾਰ ਸ਼ਾਮਲ ਹੈ। ਐੱਨ ਆਈ ਏ ਨੇ ਕਿਹਾ ਕਿ ਹਿਰਾਸਤ ਵਿੱਚ ਪੁੱਛਗਿੱਛ ਦੌਰਾਨ ਸ਼ਾਹ ਤੋਂ ਪਾਕਿਸਤਾਨੀ ਏਜੰਟਾਂ ਅਤੇ ਏ ਪੀ ਐੱਚ ਸੀ (ਆਲ ਪਾਰਟੀਜ਼ ਹੁਰੀਅਤ ਕਾਨਫਰੰਸ) ਦੇ ਅਹੁਦੇਦਾਰਾਂ ਵੱਲੋਂ ਪੈਸਾ ਭੇਜਣ ਬਾਰੇ ਪੁੱਛਿਆ ਅਤੇ ਪਹਿਲਗਾਮ ਵਿੱਚ ਵੱਖ-ਵੱਖ ਹੋਟਲਾਂ ਅਤੇ ਕਾਰੋਬਾਰ, ਜੰਮੂ, ਸ੍ਰੀਨਗਰ ਤੇ ਅਨੰਤਨਾਗ 'ਚ ਜਾਇਦਾਦਾਂ ਬਾਰੇ ਪੁੱਛਗਿੱਛ ਕੀਤੀ ਗਈ।

ਇਸ ਦੌਰਾਨ ਐੱਨ ਆਈ ਏ ਮੁਤਾਬਕ ਮੁਸਲਿਮ ਲੀਗ ਦੇ ਨੇਤਾ ਮਸੱਰਤ ਆਲਮ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਪਾਕਿਸਤਾਨ ਵਿਚਲੇ ਏਜੰਟ ਨੇ ਵਿਦੇਸ਼ ਤੋਂ ਪੈਸੇ ਹਵਾਲਾ ਕਾਰੋਬਾਰੀਆਂ ਰਾਹੀਂ ਉਸ ਨੂੰ ਜੰਮੂ-ਕਸ਼ਮੀਰ ਵਿੱਚ ਭੇਜੇ ਤੇ ਵੱਖਵਾਦੀ ਹੁਰੀਅਤ ਕਾਨਫਰੰਸ ਦੇ ਅੰਦਰ ਵਿਦੇਸ਼ ਤੋਂ ਫੰਡਿੰਗ ਅਤੇ ਉਸ ਦੀ ਵਰਤੋਂ ਬਾਰੇ ਮਤਭੇਦ ਹਨ। ਦੱਸਣ ਯੋਗ ਹੈ ਕਿ ਮਸੱਰਤ ਆਲਮ ਘਾਟੀ ਵਿੱਚ ਪੱਥਰਬਾਜ਼ਾਂ ਦਾ ਪੋਸਟਰ ਬੁਆਏ ਕਹਾਉਂਦਾ ਹੈ। ਇਸ ਨੇ ਕੱਟੜਵਾਦੀ ਹੁਰੀਅਤ ਨੇਤਾ ਸਈਅਦ ਸ਼ਾਹ ਗਿਲਾਨੀ ਸਮੇਤ ਕਈ ਵੱਖਵਾਦੀ ਨੇਤਾਵਾਂ ਦਾ ਪੈਸਾ ਟਰਾਂਸਫਰ ਕੀਤਾ ਸੀ।

## ਲੋਕ ਸਭਾ ਵਿੱਚ ਸਾਧਵੀ ਪ੍ਰਗਿਆ ਦੇ ਸਹੁੰ ਚੁੱਕਣ ਵੇਲੇ ਹੰਗਾਮਾ ਹੋ ਗਿਆ

ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਪ੍ਰਗਿਆ ਸਿੰਘ ਠਾਕੁਰ ਦੇ ਸਹੁੰ ਚੁੱਕਣ ਵੇਲੇ ਅੱਜ ਲੋਕ ਸਭਾ ਵਿੱਚ ਭਾਰੀ ਹੰਗਾਮਾ ਹੋ ਗਿਆ।

ਅਸਲ ਵਿੱਚ ਸਾਧਵੀ ਪ੍ਰਗਿਆ ਜਦੋਂ ਸਹੁੰ ਚੁੱਕਣ ਵਾਸਤੇ ਗਈ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਉਨ੍ਹਾਂ ਦੇ ਨਾਂਅ ਬਾਰੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਹੰਗਾਮਾ ਕਰਨ ਲੱਗੇ। ਪ੍ਰਗਿਆ ਸਿੰਘ ਜਦੋਂ ਸੰਸਕ੍ਰਿਤ ਵਿੱਚ ਸਹੁੰ ਚੁੱਕ ਰਹੀ ਸੀ ਤਾਂ ਉਨ੍ਹਾਂ ਨੇ ਆਪਣਾ ਜਿਹੜਾ ਨਾਂ ਪੜ੍ਹਿਆ, ਵਿਰੋਧੀਆਂ ਨੇ ਉਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਉਹ ਸਿਰਫ਼ ਆਪਣਾ ਨਾਂ ਬੋਲੇ। ਸਾਧਵੀ ਪ੍ਰਗਿਆ ਨੇ ਸੰਸਕ੍ਰਿਤ ਵਿੱਚ ਇਹ ਕਿਹਾ, 'ਮੈਂ ਸਾਧਵੀ ਪ੍ਰਗਿਆ ਸਿੰਘ ਠਾਕੁਰ ਸਵਾਮੀ ਪੂਰਨਚੇਤਨਾਨੰਦ ਅਵਧੇਸ਼ਾਨੰਦ ਗਿਰੀ ਲੋਕ ਸਭਾ ਦੇ ਮੈਂਬਰ ਦੇ ਰੂਪ ਵਿੱਚ....।' ਉਹ ਅਜੇ ਸਹੁੰ ਚੁੱਕ ਰਹੀ ਸੀ ਕਿ ਲੋਕਾਂ ਨੇ ਟੋਕਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਸਾਧਵੀ ਪ੍ਰਗਿਆ ਚੁੱਪ ਕਰ ਗਈ।



ਲੋਕ ਸਭਾ ਵਿੱਚ ਮੌਜੂਦ ਅਧਿਕਾਰੀਆਂ ਨੇ ਸਾਧਵੀ ਪ੍ਰਗਿਆ ਸਿੰਘ ਨੂੰ ਕਿਹਾ ਕਿ ਉਹ ਸਿਰਫ ਆਪਣੇ ਪਿਤਾ ਦਾ ਨਾਂ ਲੈਣ। ਇਸ ਦੌਰਾਨ ਵਿਰੋਧੀ ਧਿਰ ਦੇ ਮੈਂਬਰ ਹੰਗਾਮਾ ਕਰਦੇ ਰਹੇ, ਪਰ ਪ੍ਰੋਟੇਮ ਸਪੀਕਰ ਨੇ ਕਿਹਾ ਕਿ ਉਹ ਰਿਕਾਰਡ ਚੈੱਕ ਕਰ ਰਹੇ ਹਨ, ਕ੍ਰਿਪਾ ਕਰ ਕੇ ਮੈਂਬਰ ਸ਼ਾਂਤੀ ਬਣਾਏ ਰੱਖਣ। ਸਾਧਵੀ ਪ੍ਰਗਿਆ ਨੇ ਜਦੋਂ ਦੂਸਰੀ ਵਾਰ ਸਹੁੰ ਚੁਕਣੀ ਸ਼ੁਰੂ ਕੀਤੀ ਤਾਂ ਫਿਰ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰ ਹੰਗਾਮਾ ਕਰਨ ਲੱਗ ਪਏ। ਸਾਧਵੀ ਪ੍ਰਗਿਆ ਵੀ ਇਕ ਵਾਰ ਫਿਰ ਵਿਚਾਲੇ ਹੀ ਰੁਕ ਗਈ। ਇਸ ਤੋਂ ਬਾਅਦ ਲੋਕ ਸਭਾ ਦੇ ਅਧਿਕਾਰੀ ਵੀ ਪਾਰਲੀਮੈਂਟ ਮੈਂਬਰਾਂ ਦੇ ਰਿਕਾਰਡ ਵਾਲੀ ਫਾਈਲ ਪ੍ਰੋਟੇਮ ਸਪੀਕਰ ਡਾ. ਵੀਰੇਂਦਰ ਕੁਮਾਰ ਕੋਲ ਲੈ ਕੇ ਗਏ ਅਤੇ ਉਨ੍ਹਾਂ ਨੇ ਰਿਕਾਰਡ ਚੈੱਕ ਕੀਤਾ। ਪ੍ਰੋਟੇਮ ਸਪੀਕਰ ਨੇ ਸਾਧਵੀ ਪ੍ਰਗਿਆ ਨੂੰ ਉਨ੍ਹਾਂ ਦੇ ਚੋਣ ਹਲਕੇ ਦੇ ਚੋਣ ਅਧਿਕਾਰੀ ਵੱਲੋਂ ਦਿੱਤਾ ਜਿੱਤ ਦਾ ਪ੍ਰਮਾਣ ਪੱਤਰ ਵੀ ਮੰਗਿਆ। ਪ੍ਰੋਟੇਮ ਸਪੀਕਰ ਵਾਰ-ਵਾਰ ਵਿਰੋਧੀ ਪਾਰਲੀਮੈਂਟ ਮੈਂਬਰਾਂ ਨੂੰ ਚੁੱਪ ਕਰਵਾਉਂਦੇ ਰਹੇ। ਨਿਯਮਾਂ ਨੂੰ ਵੇਖਣ ਦੇ ਬਾਅਦ ਦੱਸੇ ਅਨੁਸਾਰ ਤੀਜੀ ਵਾਰ ਸਾਧਵੀ ਨੇ 'ਸਾਧਵੀ ਪ੍ਰਗਿਆ ਸਿੰਘ ਠਾਕੁਰ' ਵਜੋਂ ਸਹੁੰ ਚੁੱਕ ਲਈ।

## ਕੈਨੇਡਾ ਤੋਂ ਮੁੜੇ ਪੰਜਾਬ ਦੇ ਕਾਰੋਬਾਰੀ ਦੀ ਹਾਦਸੇ ਵਿੱਚ ਮੌਤ

ਪਾਣੀਪਤ, 17 ਜੂਨ (ਪੋਸਟ ਬਿਊਰੋ)- ਕੈਨੇਡਾ ਵਿੱਚ ਭਰਾ-ਬੇਟੇ ਨੂੰ ਮਿਲ ਕੇ ਘਰ ਮੁੜੇ ਪੰਜਾਬ ਦੇ ਇੱਕ ਪਰਵਾਰ ਦੀ ਸਵਿਫਟ ਡਿਜ਼ਾਇਰ ਕਾਰ ਜੀ ਟੀ ਰੋਡ ਉਤੇ ਖੜ੍ਹੇ ਕੈਂਟਰ ਵਿੱਚ ਵੱਜ ਗਈ। ਇਸ ਵਿੱਚ ਕਾਰੋਬਾਰੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਉਸ ਦੀ ਪਤਨੀ, ਬੇਟਾ ਅਤੇ ਕਾਰ ਡਰਾਈਵਰ ਗੰਭੀਰ ਜ਼ਖਮੀ ਹਨ। ਹਾਦਸਾ ਕੱਲ੍ਹ ਸਵੇਰੇ ਮਲਿਕ ਪੈਟਰੋਲ ਪੰਪ ਸਾਹਮਣੇ ਜੀ ਟੀ ਰੋਡ ਉਤੇ ਦਿੱਲੀ-ਚੰਡੀਗੜ੍ਹ ਲਾਈਨ 'ਤੇ ਹੋਇਆ। ਪੁਲਸ ਨੇ ਜ਼ਖਮੀ ਡਰਾਈਵਰ ਦੇ ਬਿਆਨ 'ਤੇ ਕੈਂਟਰ ਡਰਾਈਵਰ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਪੰਜਾਬ ਦੇ ਸਰਹਿੰਦ ਸ਼ਹਿਰ ਦੇ ਜੀ ਟੀ ਰੋਡ ਬਾਡਾ ਦੇ ਵਾਸੀ 42 ਸਾਲਾ ਬਲਜੀਤ ਸਿੰਘ ਉਰਫ ਡਿੰਪਲ ਪੁੱਤਰ ਸੁਰਿੰਦਰਪਾਲ ਦਾ ਹਾਰਡਵੇਅਰ ਦਾ ਸਟੋਰ ਹੈ। ਉਨ੍ਹਾਂ ਦੇ ਪਿਤਾ ਦੇ ਮੁਤਾਬਕ ਛੋਟਾ ਬੇਟਾ ਜਗਜੀਤ ਸਿੰਘ ਕੈਨੇਡਾ ਵਿੱਚ ਪਿੱਜਾ ਸਟੋਰ ਚਲਾਉਂਦਾ ਹੈ। ਬਲਜੀਤ ਦਾ ਵੱਡਾ ਬੇਟਾ ਗੁਰਪ੍ਰੀਤ ਵੀ ਉਨ੍ਹਾਂ ਕੋਲ ਰਹਿੰਦਾ ਹੈ। ਬਲਜੀਤ, ਉਸਦੀ ਪਤਨੀ ਕਰਮਜੀਤ ਕੌਰ ਅਤੇ 16 ਸਾਲਾ ਬੇਟਾ ਕਰਣਪ੍ਰੀਤ ਭਰਾ-ਬੇਟੇ ਨੂੰ ਮਿਲਣ ਲਈ 23 ਮਈ ਨੂੰ ਕੈਨੇਡਾ ਗਏ ਸਨ। ਕੱਲ੍ਹ ਤੜਕੇ ਤਿੰਨੇ ਫਲਾਈਟ ਤੋਂ ਦਿੱਲੀ ਏਅਰਪੋਰਟ 'ਤੇ ਉਤਰੇ ਸਨ। ਉਥੋਂ ਕਿਰਾਏ 'ਤੇ ਟੈਕਸੀ ਕਰ ਕੇ ਤਿੰਨੇ ਘਰ ਜਾ ਰਹੇ ਸਨ। ਕਾਰ ਪਟਿਆਲਾ ਜ਼ਿਲੇ ਦੇ ਨਾਭਾ ਦਾ ਅੰਮ੍ਰਿਤਪਾਲ ਚਲਾ ਰਿਹਾ ਸੀ। ਅੰਮ੍ਰਿਤਪਾਲ ਨੇ ਦੱਸਿਆ ਕਿ ਮਲਿਕ ਪੈਟਰੋਲ ਪੰਪ ਨੇੜੇ ਰਾਜਸਥਾਨ ਨੰਬਰ ਦਾ ਕੈਂਟਰ ਜੀ ਟੀ ਰੋਡ 'ਤੇ ਖੜ੍ਹਾ ਸੀ, ਜਿਸ ਦਾ ਇੰਡੀਕੇਟਰ ਨਾ ਜਗਣ ਕਾਰਨ ਕੈਂਟਰ ਦੂਰ ਤੋਂ ਨਹੀਂ ਦਿੱਸਿਆ। ਕੈਂਟਰ ਨਜ਼ਰ ਆਉਣ 'ਤੇ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਕਾਰ ਖੜ੍ਹੇ ਕੈਂਟਰ ਵਿੱਚ ਜਾ ਵੱਜੀ। ਰਾਹਗੀਰਾਂ ਨੇ ਕੱਚ ਅਤੇ ਗੇਟ ਤੋੜ ਕੇ ਸਾਰਿਆਂ ਨੂੰ ਹਾਈਵੇ ਪੁਲਸ ਟਰੈਫਿਕ ਦੀ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ, ਜਿੱਥੇ ਬਲਜੀਤ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।





## ਕਾਰਬੇਟ ਨੈਸ਼ਨਲ ਪਾਰਕ ਵਿੱਚ ਹਾਥੀਆਂ ਨੂੰ ਮਾਰ ਕੇ ਖਾ ਰਹੇ ਹਨ ਚੀਤੇ



ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਉਤਰਾਖੰਡ ਦੇ ਕਾਰਬੇਟ ਨੈਸ਼ਨਲ ਪਾਰਕ ਵਿੱਚ ਚੀਤੇ ਹਾਥੀਆਂ ਦੀ ਜਾਨ ਲੈ ਰਹੇ ਹਨ ਅਤੇ ਕੁਝ ਕੇਸਾਂ ਵਿੱਚ ਉਨ੍ਹਾਂ ਨੂੰ ਖਾ ਵੀ ਰਹੇ ਹਨ।

ਇਕ ਅਧਿਕਾਰਿਕ ਅਧਿਐਨ ਵਿੱਚ ਦੱਸਿਆ ਗਿਆ ਕਿ ਚੀਤੇ ਖਾਸ ਕਰਕੇ ਘੱਟ ਉਮਰ ਦੇ ਹਾਥੀਆਂ ਨੂੰ ਸ਼ਿਕਾਰ ਬਣਾ ਰਹੇ ਹਨ। ਜੰਗਲੀ ਜੀਵ ਮਾਹਰਾਂ ਦਾ ਕਹਿਣਾ ਹੈ ਕਿ ਪਾਰਕ ਦੇ ਅਧਿਕਾਰੀਆਂ ਵੱਲੋਂ ਦੇ ਅਧਿਐਨ ਤੋਂ ਚਿੰਤਾਜਨਕ ਰੁਝਾਨ ਸਾਹਮਣੇ ਆਏ ਹਨ, ਕਿਉਂਕਿ ਚੀਤਾ ਸਾਧਾਰਨ ਤੌਰ 'ਤੇ ਹਾਥੀਆਂ ਨੂੰ ਨਹੀਂ ਖਾਂਦੇ। ਅਧਿਐਨ ਮੁਤਾਬਕ 2014 ਤੋਂ 31 ਮਈ 2019 ਦੇ ਵਿਚਾਲੇ ਜਨਵਰਾਂ ਦੇ ਵਿਚਾਲੇ ਲੜਾਈ ਵਿੱਚ ਕੁੱਲ 9 ਚੀਤੇ, 21 ਹਾਥੀ ਅਤੇ ਛੇ ਚੀਤੇ ਮ੍ਰਿਤਕ ਪਾਏ ਗਏ। ਸੀਨੀਅਰ ਆਈ ਐਫ ਐਸ ਅਧਿਕਾਰੀ ਤੇ ਪਾਰਕ ਦੇ ਇੰਚਾਰਜ ਸੰਜੀਵ ਚਤੁਰਵੇਦੀ ਨੇ ਕਿਹਾ ਕਿ ਚੀਤਿਆਂ ਵੱਲੋਂ ਹਾਥੀਆਂ ਦੇ ਖਾਣ ਦੀ ਘਟਨਾ ਅਜੀਬ ਹੈ। ਪਾਰਕ ਦੇ ਡਾਇਰੈਕਟਰ ਚਤੁਰਵੇਦੀ ਨੇ ਕਿਹਾ, 'ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਸਾਂਬਰ ਅਤੇ ਚੀਤਲ ਵਰਗੀਆਂ ਨਸਲਾਂ ਦੇ ਸ਼ਿਕਾਰ ਦੀ ਤੁਲਨਾ ਵਿੱਚ ਹਾਥੀ ਦੇ ਸ਼ਿਕਾਰ ਵਿੱਚ ਚੀਤਿਆਂ ਨੂੰ ਘੱਟ ਊਰਜਾ ਅਤੇ ਯਤਨ ਦੀ ਜ਼ਰੂਰਤ ਪੈਂਦੀ ਹੈ।'

## ਹਾਥੀ ਨੇ ਬਜ਼ੁਰਗ ਜੋੜੇ ਨੂੰ ਕੁਚਲ ਕੇ ਮਾਰ ਦਿੱਤਾ



ਹਰਿਦੁਆਰ, 17 ਜੂਨ (ਪੋਸਟ ਬਿਊਰੋ)- ਰਿਸ਼ਤੇਦਾਰੀ ਤੋਂ ਵਾਪਸ ਆ ਰਹੇ ਬਜ਼ੁਰਗ ਜੋੜੇ ਨੂੰ ਜੰਗਲੀ ਹਾਥੀ ਨੇ ਮਾਰ ਦਿੱਤਾ। ਵਣ ਵਿਭਾਗ ਦੇ ਅਧਿਕਾਰੀਆਂ ਦੇ ਮੌਕੇ 'ਤੇ ਨਾ ਪਹੁੰਚਣ ਤੋਂ ਭੜਕੇ ਪਿੰਡ ਵਾਸੀਆਂ ਨੇ ਬਿਹਾਰੀਗੜ੍ਹ-ਰੋਸ਼ਨਾਬਾਦ ਰੋਡ 'ਤੇ ਜਾਮ ਲਾ ਦਿੱਤਾ। ਪੁਲਸ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਲਾਸ਼ ਨਹੀਂ ਚੁੱਕਣ ਦਿੱਤੀ। ਦੇਰ ਸ਼ਾਮ ਪਹੁੰਚੇ ਡੀ ਐਫ ਓ ਆਕਾਸ਼ ਵਰਮਾ ਨੂੰ ਵੀ ਪਿੰਡ ਵਾਸੀਆਂ ਨੇ ਘੇਰ ਲਿਆ। ਕਾਫੀ ਦੇਰ ਬਾਅਦ ਅੰਤਿਮ ਸੰਸਕਾਰ ਲਈ 10 ਹਜ਼ਾਰ ਰੁਪਏ ਤੇ ਮੁਆਵਜ਼ੇ ਦੇ ਭਰੋਸੇ 'ਤੇ ਪਿੰਡ ਵਾਸੀ ਸ਼ਾਂਤ ਹੋਏ।

ਪਿੰਡ ਡਾਲੂਵਾਲਾ ਮਜਬਤਾ ਦੇ ਬੰਜਾਰਾ ਕਰਮ ਸਿੰਘ (65) ਆਪਣੀ ਪਤਨੀ ਲੀਲਾ (60) ਦੇ ਨਾਲ ਬੀਤੇ ਦਿਨੀਂ ਹਜਾਰਾਗ੍ਰਾਂਟ ਪਿੰਡ ਵਿੱਚ ਆਪਣੀ ਰਿਸ਼ਤੇਦਾਰੀ ਵਿੱਚ ਗਏ ਸਨ। ਕੱਲ੍ਹ ਜਦ ਮਾਤਾ ਪਿਤਾ ਘਰ ਵਾਪਸ ਨਾ ਆਏ ਤਾਂ ਬੇਟੇ ਵਿਨੋਦ ਕੁਮਾਰ ਨੇ ਰਿਸ਼ਤੇਦਾਰਾਂ ਨਾਲ ਸੰਪਰਕ ਕੀਤਾ ਅਤੇ ਪਤਾ ਲੱਗਾ ਕਿ ਉਨ੍ਹਾਂ ਦੇ ਮਾਤਾ ਪਿਤਾ ਕੱਲ੍ਹ ਸ਼ਾਮ ਪੰਜ ਵਜੇ ਹੀ ਚਲੇ ਗਏ ਸੀ। ਇਸ ਦੇ ਬਾਅਦ ਵਿਨੋਦ ਨੇ ਪਿੰਡ ਵਾਸੀਆਂ ਦੇ ਨਾਲ ਮਾਤਾ ਪਿਤਾ ਦੀ ਭਾਲ ਸ਼ੁਰੂ ਕੀਤੀ। ਦੁਪਹਿਰ ਨੂੰ ਇਕ ਕਿਲੋਮੀਟਰ ਦੂਰ ਕੱਚੇ ਜੰਗਲ ਮਾਰਗ ਉੱਤੇ ਹਜਾਰਾ ਵਣ ਚੌਕੀ ਨੇੜੇ ਦੋਵਾਂ ਦੀਆਂ ਲਾਸ਼ਾਂ ਮਿਲੀਆਂ। ਦੋਵਾਂ ਦੇ ਹੱਥਾਂ ਪੈਰਾਂ ਦੀਆਂ ਹੱਡੀਆਂ ਬੁਰੀ ਤਰ੍ਹਾਂ ਨਾਲ ਟੁੱਟੀਆਂ ਹੋਈਆਂ ਸਨ। ਦੋ ਘੰਟੇ ਬਾਅਦ ਸਿਡਕੁਲ ਥਾਣੇ ਤੋਂ ਐਸ ਆਈ ਅਮਿਟ ਭੱਟ ਦੀ ਅਗਵਾਈ ਵਿੱਚ ਪੁਲਸ ਟੀਮ ਪਹੁੰਚੀ, ਪਰ ਜੰਗਲ ਅਧਿਕਾਰੀ ਨਹੀਂ ਪਹੁੰਚੇ। ਇਸ ਤੋਂ ਨਾਰਾਜ਼ ਪਿੰਡ ਵਾਸੀਆਂ ਨੇ ਕਾਂਗਰਸੀ ਨੇਤਾ ਸੁਰਿੰਦਰ ਰਾਠੌਰ ਦੀ ਅਗਵਾਈ ਵਿੱਚ ਜਾਮ ਲਾ ਕੇ ਪ੍ਰਦਰਸ਼ਨ ਕੀਤਾ ਤਾਂ ਡੀ ਐਫ ਓ ਦੇ ਆਰਥਿਕ ਮਦਦ ਅਤੇ ਮੁਆਵਜ਼ਾ ਦੇਣ ਦੇ ਭਰੋਸੇ 'ਤੇ ਉਹ ਸ਼ਾਂਤ ਹੋਏ।

## ਉਧਵ ਠਾਕਰੇ ਨੇ ਸਰਕਾਰ ਨੂੰ ਰਾਮ ਮੰਦਰ ਦੇ ਲਈ ਆਰਡੀਨੈਂਸ ਲਿਆਉਣ ਨੂੰ ਕਿਹਾ



ਅਯੁੱਧਿਆ, 17 ਜੂਨ (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਮੁਖੀ ਉਧਵ ਠਾਕਰੇ ਨੇ ਕਿਹਾ ਹੈ ਕਿ ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਲਈ ਨਰਿੰਦਰ ਮੋਦੀ ਸਰਕਾਰ ਨੂੰ ਆਰਡੀਨੈਂਸ ਲਿਆਉਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਕੱਲ੍ਹ ਉਧਵ ਠਾਕਰੇ ਨੇ ਇਥੇ ਆਪਣੇ ਬੇਟੇ ਆਦਿੱਤਯ ਤੇ ਸ਼ਿਵ ਸੈਨਾ ਪਾਰਲੀਮੈਂਟ ਮੈਂਬਰਾਂ ਨਾਲ ਰਾਮਲੱਲਾ ਦੀ ਪੂਜਾ ਕੀਤੀ ਸੀ। ਇਸ ਦੇ ਬਾਅਦ ਠਾਕਰੇ ਨੇ ਕਿਹਾ ਕਿ ਰਾਮ ਮੰਦਰ ਬਣਾਉਣ ਦਾ ਕੰਮ ਜਲਦੀ ਤੋਂ ਜਲਦੀ ਕਰਨਾ ਪਵੇਗਾ। ਸਰਕਾਰ ਨੂੰ ਰਾਮ ਮੰਦਰ ਲਈ ਬਿੱਲ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਦੇ 18 ਪਾਰਲੀਮੈਂਟ ਮੈਂਬਰ ਸਦਨ ਵਿੱਚ ਜਾਣ ਤੋਂ ਪਹਿਲਾਂ ਰਾਮ ਦੇ ਦਰਸ਼ਨ ਕਰ ਕੇ ਨਵੀਂ ਪਾਰੀ ਸ਼ੁਰੂ ਕਰਨਗੇ। ਠਾਕਰੇ ਨੇ ਕਿਹਾ ਕਿ ਸਾਡਾ ਇਥੇ ਵਾਰ-ਵਾਰ ਆਉਣ ਨੂੰ ਦਿਲ ਕਰਦਾ ਹੈ, ਪਰ ਕੁਝ ਲੋਕ ਕਹਿੰਦੇ ਹਨ ਕਿ ਅਸੀਂ ਮਤਲਬ ਤੇ ਕੰਮ ਕੱਢਣ ਲਈ ਆਉਂਦੇ ਹਾਂ। ਲੋਕ ਕਹਿੰਦੇ ਸਨ ਕਿ ਤੁਸੀਂ ਦੁਬਾਰਾ ਅਯੁੱਧਿਆ ਆਓਗੇ। ਇਸ ਵਾਰ ਮੈਂ ਫਿਰ ਅਯੁੱਧਿਆ ਆਇਆ ਹਾਂ ਅਤੇ ਇਥੇ ਵਾਰ-ਵਾਰ ਆਉਣ ਨੂੰ ਦਿਲ ਕਰਦਾ ਹੈ। ਉਧਵ ਠਾਕਰੇ ਦੇ ਰਾਮ ਮੰਦਰ ਵਿੱਚ ਦਰਸ਼ਨ ਕਰਨ ਸਮੇਂ ਵਰਕਰ ਜੈ ਸ੍ਰੀ ਰਾਮ ਦੇ ਨਾਅਰੇ ਲਾ ਰਹੇ ਸਨ। ਅਯੁੱਧਿਆ ਵਿੱਚ ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰਾਂ ਨੇ ਢੋਲ ਨਗਾਰਿਆਂ ਨਾਲ ਉਧਵ ਦਾ ਸਵਾਗਤ ਕੀਤਾ। ਸ਼ਿਵ ਸੈਨਾ ਮੁਖੀ, ਪਤਨੀ ਤੇ ਬੱਚਿਆਂ ਨਾਲ ਇੱਕ ਵਿਸ਼ੇਸ਼ ਜਹਾਜ਼ ਰਾਹੀਂ ਅਯੁੱਧਿਆ ਪਹੁੰਚੇ ਸਨ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿੱਚ ਹਿੰਮਤ ਹੈ, ਜੇ ਸਰਕਾਰ ਫੈਸਲਾ ਕਰਦੀ ਹੈ ਤਾਂ ਉਸ ਨੂੰ ਕੋਈ ਰੋਕ ਨਹੀਂ ਸਕੇਗਾ। ਸਿਰਫ ਸ਼ਿਵ ਸੈਨਾ ਹੀ ਨਹੀਂ, ਪੂਰੀ ਦੁਨੀਆ ਦੇ ਹਿੰਦੂ ਇਸ ਫੈਸਲੇ ਦੇ ਹੱਕ ਵਿੱਚ ਹੋਣਗੇ।

## ਸਵਿਟਜ਼ਰਲੈਂਡ ਸਰਕਾਰ ਦਾ 50 ਭਾਰਤ ਵਿਚਲੇ ਖਾਤਾ ਧਾਰਕਾਂ ਨੂੰ ਨੋਟਿਸ

ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਸਵਿਟਜ਼ਰਲੈਂਡ ਦੇ ਬੈਂਕਾਂ ਵਿੱਚ ਅਣਐਲਾਨੇ ਖਾਤੇ ਰੱਖਣ ਵਾਲੇ ਭਾਰਤੀਆਂ ਖਿਲਾਫ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਓਥੋਂ ਦੇ ਅਧਿਕਾਰੀ ਇਸ ਸੰਬੰਧ ਵਿੱਚ ਘੱਟੋ-ਘੱਟ 50 ਭਾਰਤੀਆਂ ਦੀਆਂ ਸੂਚਨਾਵਾਂ ਭਾਰਤੀ ਅਧਿਕਾਰੀਆਂ ਨੂੰ ਦੇਣ ਦੇ ਕੰਮ ਲੱਗੇ ਹੋਏ ਹਨ। ਇਨ੍ਹਾਂ ਲੋਕਾਂ ਵਿੱਚ ਜ਼ਮੀਨ ਜਾਇਦਾਦ, ਵਿੱਤੀ ਸੇਵਾਵਾਂ, ਤਕਨੀਕੀ, ਦੂਰ ਸੰਚਾਰ, ਪੇਂਟ, ਘਰੇਲੂ ਸਾਜ਼ੋ ਸਾਮਾਨ, ਕੱਪੜਾ, ਇੰਜੀਨੀਅਰਿੰਗ ਸਾਮਾਨ ਤੇ ਹੀਰਿਆਂ ਤੇ ਹੋਰ ਗਹਿਣਿਆਂ ਦੇ ਕਾਰੋਬਾਰ ਨਾਲ ਜੁੜੇ ਕਾਰੋਬਾਰੀ ਤੇ ਕੰਪਨੀਆਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕੁਝ ਕੰਪਨੀਆਂ ਫਰਜ਼ੀ ਹੋ ਸਕਦੀਆਂ ਹਨ।

ਪਤਾ ਲੱਗਾ ਹੈ ਕਿ ਸਵਿਸ ਸਰਕਾਰ ਨੇ ਟੈਕਸ ਚੋਰਾਂ ਦੀ ਪਨਾਹਗਾਹ ਵਜੋਂ ਆਪਣੇ ਦੇਸ਼ ਦੀ ਸਾਖ ਬਦਲਣ ਲਈ ਕੁਝ ਉਪਰਾਲੇ ਕੀਤੇ ਅਤੇ ਇਸ ਬਾਰੇ ਸਮਝੌਤੇ ਹੇਠ ਵੱਖ-ਵੱਖ ਦੇਸ਼ਾਂ ਨਾਲ ਸ਼ੱਕੀ ਵਿਅਕਤੀਆਂ ਬਾਰੇ ਬੈਂਕਿੰਗ ਸੂਚਨਾਵਾਂ ਨੂੰ ਸਾਂਝਾ ਕਰਨ ਦੇ ਪ੍ਰਬੰਧ ਕੀਤੇ ਹਨ। ਸਵਿਸ ਸਰਕਾਰ ਨੇ ਪਿੱਛੇ ਜਿਹੇ ਜਾਣਕਾਰੀਆਂ ਸਾਂਝੀ ਕਰਨ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ। ਭਾਰਤ ਵਿੱਚ ਕਾਲੇ ਧਨ ਦਾ ਮੁੱਦਾ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਹੈ। ਸਵਿਸ ਅਧਿਕਾਰੀਆਂ ਨੇ ਮਾਰਚ ਤੋਂ ਬਾਅਦ ਘੱਟੋ-ਘੱਟ 50 ਭਾਰਤੀ ਖਾਤਾਧਾਰਕਾਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਦੀ ਸੂਚਨਾ ਭਾਰਤ ਸਰਕਾਰ ਨੂੰ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਦੇ ਖਿਲਾਫ ਅਪੀਲ ਦਾਇਰ ਕਰਨ ਦਾ ਮੌਕਾ ਦਿੱਤਾ ਹੈ।



## ਸੁਪਰੀਮ ਕੋਰਟ ਦਾ ਬੈਲੇਟ ਪੇਪਰ ਮਾਮਲੇ ਵਿਚ ਤਤਕਾਲ ਸੁਣਵਾਈ ਤੋਂ ਇਨਕਾਰ

ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਪਿਛਲੇ ਮਹੀਨੇ ਹੋਈਆਂ ਲੋਕ ਸਭਾ ਚੋਣਾਂ ਦੀ ਵੈਧਤਾ ਨੂੰ ਚੁਣੌਤੀ ਦਿੰਦੇ ਹੋਏ ਬੈਲੇਟ ਪੇਪਰ ਦੇ ਨਾਲ ਮੁੜ ਕੇ ਚੋਣਾਂ ਕਰਾਉਣ ਦੀ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਫੌਰੀ ਕਾਰਵਾਈ ਤੋਂ ਇਨਕਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਪਟੀਸ਼ਨ ਦਾਇਰ ਕਰਨ ਵਾਲੇ ਐੱਮ ਐੱਲ ਸ਼ਰਮਾ ਨੂੰ ਇਸ ਕੰਮ ਲਈ ਰਜਿਸਟਰਾਰ ਕੋਲ ਅਰਜ਼ੀ ਜਮ੍ਹਾ ਕਰਨ ਲਈ ਕਿਹਾ ਹੈ, ਜਿਸ ਦੇ ਬਾਅਦ ਰੁਟੀਨ ਵਿੱਚ ਸੁਣਵਾਈ ਹੋ ਸਕਦੀ ਹੈ।

ਸ਼ਰਮਾ ਨੇ ਪਟੀਸ਼ਨ ਵਿਚ ਕਿਹਾ ਕਿ ਕਾਨੂੰਨੀ ਤੌਰ ਉੱਤੇ ਲੋਕ ਸਭਾ ਚੋਣਾਂ ਬਿਜਲੀ ਵੋਟਿੰਗ ਮਸ਼ੀਨਾਂ (ਈ ਵੀ ਐੱਮ) ਮਸ਼ੀਨਾਂ ਰਾਹੀਂ ਕਰਾਈਆਂ ਹੀ ਨਹੀਂ ਜਾ ਸਕਦੀਆਂ। ਈ ਵੀ ਐੱਮ ਦੀ ਭਰੋਸੇ ਯੋਗਤਾ ਉੱਤੇ ਕਾਂਗਰਸ ਅਤੇ ਕਈ ਹੋਰ ਵੀ ਪਾਰਟੀਆਂ ਨੇ ਸਵਾਲ ਚੁੱਕੇ ਹਨ, ਪਰ ਚੋਣ ਕਮਿਸ਼ਨ ਨੇ ਸਾਫ਼ ਕਿਹਾ ਹੈ ਕਿ ਇਸ ਨਾਲ ਛੇੜ ਛਾੜ ਨਹੀਂ ਹੋ ਸਕਦੀ।

ਵਰਨਣ ਯੋਗ ਹੈ ਕਿ ਲੋਕ ਸਭਾ ਚੋਣਾਂ ਦੇ ਦੋਸ਼ਾਂ ਤੋਂ ਬਚ ਨਿਕਲਣ ਪਿੱਛੋਂ ਚੋਣ ਕਮਿਸ਼ਨ ਨੇ ਪਿਛਲੀਆਂ ਚੋਣਾਂ ਵਿੱਚ ਮਿਲੇ ਮਾੜੇ ਤਜਰਬੇ ਤੋਂ ਸਬਕ ਸਿੱਖਣ ਦਾ ਮਨ ਬਣਾਇਆ ਹੈ। ਚੋਣ ਕਮਿਸ਼ਨ ਨੇ ਇਕ ਵਰਕਿੰਗ ਕਮੇਟੀ ਵੀ ਬਣਾਈ ਹੈ, ਜਿਸ ਵਿਚ ਚੋਣ ਸੁਧਾਰ, ਚੋਣ ਖ਼ਰਚ, ਚੋਣ ਜ਼ਾਬਤਾ, ਆਦਰਸ਼ ਲਿੰਕ, ਚੋਣ ਸਮੱਗਰੀ, ਚੋਣ ਪ੍ਰਬੰਧ, ਸੂਚਨਾ ਟਕਨਾਲੋਜੀ ਦੇ ਮੁੱਦੇ ਸ਼ਾਮਲ ਹਨ। ਇਹ ਕਮੇਟੀ ਅਗਸਤ ਤਕ ਰਿਪੋਰਟ ਦੇਵੇਗੀ, ਜਿਸ ਤੋਂ ਬਾਅਦ ਕਮਿਸ਼ਨ ਫਿਰ ਚੋਣ ਸੁਧਾਰਾਂ ਅਤੇ ਚੋਣਾਂ ਨਾਲ ਸਬੰਧਤ ਕਾਨੂੰਨ ਵਿਚ ਸੋਧ ਕਰਨ ਲਈ ਕੰਮ ਕਰੇਗਾ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਕਿਹਾ ਕਿ ਪਿਛਲੀਆਂ ਚੋਣਾਂ ਬਾਰੇ ਸਾਰੀ ਜਾਣਕਾਰੀ ਦੇਣ। ਸਿਆਸੀ ਪਾਰਟੀਆਂ ਤੇ ਸਮਾਜ ਦੇ ਵੱਖੋ-ਵੱਖਰੇ ਵਰਗਾਂ ਦੀ ਅਲੋਚਨਾ ਝੱਲ ਰਹੇ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਉਹ ਤਾਂ ਸੀਮਤ ਸ਼ਕਤੀਆਂ ਨਾਲ ਕੰਮ ਕਰਦਾ ਹੈ। ਇਸ ਤਰ੍ਹਾਂ ਕਮਿਸ਼ਨ ਦੇ ਕੰਮ ਬਾਰੇ ਪ੍ਰਸ਼ਨ ਚਿੰਨ੍ਹ ਲਾਉਣਾ ਕਮਿਸ਼ਨ ਨਾਲ ਬੇਇਨਸਾਫੀ ਹੈ। ਕਮਿਸ਼ਨ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ ਚੋਣ ਕਮਿਸ਼ਨ ਇਹ ਚਾਹੁੰਦਾ ਹੈ ਕਿ ਚੋਣ ਸੁਧਾਰਾਂ ਲਈ ਸੁਝਾਏ ਗਏ ਸੁਝਾਅ ਲਾਗੂ ਕੀਤੇ ਜਾਣੇ ਚਾਹੀਦੇ ਹਨ।





# ਨੇਤਨਯਾਹੂ ਨੇ ਗੋਲਾਨ ਪਹਾੜੀਆਂ ਦਾ ਨਾਂ ਡੋਨਾਲਡ ਟਰੰਪ ਦੇ ਨਾਂ ਉੱਤੇ ਰੱਖਿਆ



ਤੇਲ ਅਵੀਵ, 17 ਜੂਨ (ਪੋਸਟ ਬਿਊਰੋ)- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵਿਵਾਦਤ ਗੋਲਾਨ ਪਹਾੜੀਆਂ ਦੇ ਖੇਤਰ ਦੀ ਇਕ ਬਸਤੀ ਦਾ ਨਾਂ ਰਸਮੀ ਤੌਰ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਂ ਉੱਤੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੋਲਾਨ ਦੀ ਇਕ ਬਸਤੀ ਨੂੰ 'ਰਾਮਤ ਟਰੰਪ' ਦੇ ਨਾਂ ਨਾਲ ਜਾਣਿਆ ਜਾਵੇਗਾ।

ਨੇਤਨਯਾਹੂ ਨੇ ਐਤਵਾਰ ਇਕ ਬੈਠਕ ਵਿੱਚ ਕਿਹਾ, 'ਅਸੀਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਣ ਵਿੱਚ ਗੋਲਾਨ ਪਹਾੜੀਆਂ ਵਿੱਚ ਨਵੀਂ ਬਸਤੀ ਵਸਾਉਣ ਵਾਲੇ ਹਾਂ। ਇਹ ਇਤਿਹਾਸਕ ਦਿਨ ਹੈ। ਟਰੰਪ ਦੇ ਨਾਂ ਉੱਤੇ ਬਸਤੀ ਸਥਾਪਤ ਕਰਨਾ ਅਮਰੀਕੀ ਰਾਸ਼ਟਰਪਤੀ ਦੇ ਉਨ੍ਹਾਂ ਫ਼ੈਸਲਿਆਂ ਪ੍ਰਤੀ ਸਨਮਾਨ ਪ੍ਰਗਟ ਕਰਨਾ ਹੈ ਜੋ ਇਜ਼ਰਾਈਲ ਦੇ ਹਿੱਤ ਵਿੱਚ ਰਹੇ ਹਨ।' ਯਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਨਾਲ ਟਰੰਪ ਗੋਲਾਨ ਪਹਾੜੀਆਂ ਉੱਤੇ ਉਸ ਦੇ ਅਧਿਕਾਰ ਉੱਤੇ ਵੀ ਆਪਣੀ ਮੋਹਰ ਲਾ ਚੁੱਕੇ ਹਨ। ਅਮਰੀਕੀ ਰਾਸ਼ਟਰਪਤੀ ਟਰੰਪ ਦੇ ਇਸ ਫ਼ੈਸਲੇ ਦੀ ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ ਸੀ।

ਵਰਨਣ ਯੋਗ ਹੈ ਕਿ ਗੋਲਾਨ ਪਹਾੜੀਆਂ ਨੂੰ ਇਜ਼ਰਾਈਲ ਨੇ 1967 ਦੀ ਜੰਗ ਵਿੱਚ ਸੀਰੀਆ ਤੋਂ ਜਿੱਤ ਲਿਆ ਸੀ ਅਤੇ 1981 ਵਿੱਚ ਇਸ ਖੇਤਰ ਨੂੰ ਆਪਣਾ ਹਿੱਸਾ ਐਲਾਨ ਦਿੱਤਾ ਸੀ। ਸੰਸਾਰ ਭਰ ਵਿੱਚ ਇਸ ਦਾ ਵਿਰੋਧ ਹੋਏ ਤੋਂ ਜਿਉਂ ਦੀ ਤਿਉਂ ਸਥਿਤੀ ਬਹਾਲ ਕਰ ਦਿੱਤੀ ਗਈ ਸੀ। ਅਮਰੀਕਾ ਦੀ 50 ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਨੀਤੀ ਦੇ ਉਲਟ ਡੋਨ-ਾਲਡ ਟਰੰਪ ਨੇ ਇਸ ਸਾਲ ਮਾਰਚ ਵਿੱਚ ਇਨ੍ਹਾਂ ਪਹਾੜੀਆਂ ਉੱਤੇ ਇਜ਼ਰਾਈਲ ਦੇ ਕਬਜ਼ੇ ਨੂੰ ਮਾਨਤਾ ਦੇ ਦਿੱਤੀ ਸੀ।

# ਐੱਫ ਏ ਟੀ ਐੱਫ ਦੇ ਸਾਹਮਣੇ ਪਾਕਿਸਤਾਨ ਫਿਰ ਫਸਿਆ




ਇਸਲਾਮਾਬਾਦ, 17 ਜੂਨ (ਪੋਸਟ ਬਿਊਰੋ)- ਪਾਕਿਸਤਾਨ ਇੱਕ ਵਾਰ ਫਿਰ ਸੰਸਾਰ ਪੱਧਰ 'ਤੇ ਅੱਤਵਾਦੀ ਫੰਡਿੰਗ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਕੋਲ ਫਸ ਗਿਆ ਹੈ।

ਐੱਫ ਏ ਟੀ ਐੱਫ ਨੇ ਕਿਹਾ ਹੈ ਕਿ ਉਸ ਵੱਲੋਂ ਦਿੱਤੇ ਗਏ 27 ਵਿੱਚੋਂ 25 ਮਾਪਦੰਡਾਂ 'ਤੇ ਪਾਕਿ-ਸਤਾਨ ਲਸ਼ਕਰ ਏ ਤੋਇਬਾ (ਐੱਲ ਈ ਟੀ) ਅਤੇ ਜੈਸ਼ ਏ ਮੁਹੰਮਦ (ਜੇ ਈ ਐੱਮ) ਵਰਗੇ ਅੱਤਵਾਦੀ ਸੰਗਠਨਾਂ ਅਤੇ ਜਮਾਤ ਉਦ ਦਾਵਾ (ਜੇ ਯੂ ਡੀ) ਅਤੇ ਫਲਾਹ ਏ ਇਨਸਾਨੀਅਤ ਫਾਊਂਡੇਸ਼ਨ (ਐੱਫ ਆਈ ਐੱਫ) ਵਰਗੇ ਉਨ੍ਹਾਂ ਦੇ ਮੁਖੌਟੇ ਸੰਗਠਨਾਂ ਨੂੰ ਵਿੱਤੀ ਮਦਦ ਰੋਕਣ ਦੀ ਕਾਰਵਾਈ ਕਰਨ ਤੋਂ ਅਸਫਲ ਰਿਹਾ ਹੈ। ਐੱਫ ਏ ਟੀ ਐੱਫ ਦੀ ਇਸ ਕਾਰਵਾਈ ਨੇ ਪਾਕਿਸਤਾਨ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ, ਕਿਉਂਕਿ ਇਸ ਕਾਰਵਾਈ ਨਾਲ ਸੰਸਾਰ ਮੁਦਰਾ ਕੋਸ਼ (ਆਈ ਐੱਮ ਐੱਫ), ਵਿਸ਼ਵ ਬੈਂਕ (ਡਬਲਯੂ ਬੀ) ਤੇ ਯੂਰਪੀ ਯੂਨੀਅਨ (ਈ ਯੂ) ਵਰਗੀਆਂ ਸੰਸਥਾਵਾਂ ਵੀ ਪਾਕਿਸਤਾਨ ਨੂੰ ਡਾਊਨਗ੍ਰੇਡ ਕਰਨਗੀਆਂ, ਜਿਸ ਤੋਂ ਉਸ ਦੀ ਆਰਥਿਕ ਸਥਿਤੀ ਹੋਰ ਖਰਾਬ ਹੋਣ ਦੀ ਸੰਭਾਵਨਾ ਹੈ।

ਪੈਰਿਸ ਵਿੱਚ ਐੱਫ ਏ ਟੀ ਐੱਫ ਨੇ ਪਾਕਿਸਤਾਨ ਤੋਂ ਇਹ ਪੁੱਛਿਆ ਹੈ ਕਿ ਕੀ ਉਸ ਨੇ ਲਸ਼ਕਰ, ਜੈਸ਼, ਜੇ ਯੂ ਡੀ ਅਤੇ ਐੱਫ ਆਈ ਐੱਫ ਵਰਗੇ ਅੱਤਵਾਦੀ ਸੰਗਠਨਾਂ ਵੱਲੋਂ ਸੰਚਾਲਿਤ ਸਕੂਲਾਂ, ਮਦਰੱਸਿਆਂ, ਕਲੀਨਿਕ ਅਤੇ ਐਂਬੂਲੈਂਸ ਦੇ ਲਈ ਵੰਡੇ ਸੱਤਰ ਲੱਖ ਡਾਲਰ (ਲਗਭਗ ਚਾਰ ਹਜ਼ਾਰ ਅੱਠ ਸੌ ਕਰੋੜ ਰੁਪਏ) ਦੀ ਕੋਈ ਜਾਂਚ ਸ਼ੁਰੂ ਕਰਾਈ ਹੈ। ਭਾਰਤ ਵੀ ਆਪਣੇ ਗੁਆਂਢੀ ਦੇਸ਼ ਪਾਕਿਸਤਾਨ ਦੇ ਨਾਲ ਕਿਸੇ ਤਰ੍ਹਾਂ ਦੀ ਨਰਮੀ ਦਿਖਾਉਣ ਦੇ ਮੂਡ ਵਿੱਚ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਹਫਤੇ ਬਿਸ਼ਕੇਕ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਕੋਈ ਤਵੱਜੋਂ ਨਾ ਦੇ ਕੇ ਇਹ ਸਾਫ ਸੰਕੇਤ ਦੇ ਦਿੱਤਾ ਸੀ। ਅਜੇ ਭਾਰਤ ਦਾ ਅਜਿਹਾ ਕੋਈ ਇਰਾਦਾ ਵੀ ਨਹੀਂ ਕਿ ਗੁਆਂਢੀ ਦੇਸ਼ ਨਾਲ ਗੱਲਬਾਤ ਦਾ ਸਿਲਸਿਲਾ ਸ਼ੁਰੂ ਕੀਤਾ ਜਾਏ। ਆਪਣੇ ਪੁਰਾਣੇ ਤਜਰਬੇ ਤੋਂ ਸਿੱਖਦੇ ਹੋਏ ਭਾਰਤ ਹਾਲੇ ਪਾਕਿਸਤਾਨ 'ਤੇ ਹੋਰ ਦਬਾਅ ਬਣਾਉਣ ਦੀ ਸੋਚ ਰੱਖਦਾ ਹੈ। ਅਮਰੀਕਾ ਦੇ ਫਲੋਰੀਡਾ ਵਿੱਚ ਅੱਤਵਾਦੀ ਫੰਡਿੰਗ ਰੋਕਣ ਵਾਲੀ ਨਿਗਰਾਨੀ ਏਜੰਸੀ ਐੱਫ ਏ ਟੀ ਐੱਫ ਦੀ ਕੱਲ੍ਹ ਸ਼ੁਰੂ ਹੋਈ ਬੈਠਕ ਵਿੱਚ ਵੀ ਭਾਰਤ ਨੇ ਪਾਕਿ-ਸਤਾਨ ਦੇ ਅੱਤਵਾਦੀ ਕੁਨੈਕਸ਼ਨ ਉਤੇ ਪੂਰਾ ਸਬੂਤ ਪੇਸ਼ ਕੀਤਾ ਅਤੇ ਪਾਕਿਸਤਾਨ ਨੂੰ ਇੱਕ ਵਾਰ ਫਿਰ ਐੱਫ ਏ ਟੀ ਐੱਫ ਦੇ ਸਾਹਮਣੇ ਮੂੰਹ ਦੀ ਖਾਣੀ ਪਈ। ਸੂਤਰਾਂ ਮੁਤਾਬਕ ਪਾਕਿਸਤਾਨ ਨਾਲ ਗੱਲਬਾਤ ਸ਼ੁਰੂ ਕਰਨ ਦਾ ਅਰਥ ਇਹ ਹੋਵੇਗਾ ਕਿ ਬੀਤੇ ਮਹੀਨਿਆਂ ਵਿੱਚ ਉਸ 'ਤੇ ਜੋ ਅੰਤਰਰਾਸ਼ਟਰੀ ਦਬਾਅ ਬਣਾਇਆ ਗਿਆ ਹੈ ਉਸ ਵਿੱਚ ਨਰਮੀ ਵਰਤੀ ਜਾਏ। ਇਸ ਦਬਾਅ ਦੇ ਕਾਰਨ ਪਾਕਿਸਤਾਨ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਆਪਣੇ ਦੇਸ਼ ਵਿੱਚ ਛੁਪੇ ਅੱਤਵਾਦੀ ਸੰਗਠਨਾਂ ਦੇ ਖਿਲਾਫ ਕਦਮ ਚੁੱਕਣੇ ਸ਼ੁਰੂ ਕੀਤੇ ਹਨ।

# ਊਠ ਵੇਚਣ ਵਾਲੇ ਨੇ ਸੂਡਾਨ ਦੀ ਸੱਤਾ ਉੱਤੇ ਪਕੜ ਬਣਾ ਲਈ

ਖ਼ਾਰਤੌਮ, 17 ਜੂਨ (ਪੋਸਟ ਬਿਊਰੋ)- ਕਦੇ ਊਠਾਂ ਦਾ ਕਾਰੋਬਾਰ ਕਰ ਚੁੱਕੇ ਲੈਫਟੀਨੈਂਟ ਮੁਹੰਮਦ ਹਮਦਾਨ ਨੇ ਸੂਡਾਨ ਦੀ ਸੱਤਾ 'ਤੇ ਪਕੜ ਬਣਾ ਲਈ ਹੈ। ਦਾਰਫੂਰ 'ਚ ਹਿੰਸਕ ਬਾਗੀ ਸੰਗਠਨ ਦੀ ਕਮਾਨ ਵੀ ਹਮਦਾਨ ਦੇ ਹੱਥਾਂ 'ਚ ਹੀ ਸੀ। ਉਨ੍ਹਾਂ ਦੀ ਅਗਵਾਈ 'ਚ ਇਸ ਵਕਤ ਰਾਜਧਾਨੀ ਖਾਰਤੌਮ ਵਿੱਚ ਲੋਕਤੰਤਰ ਸਮਰਥਕਾਂ ਖਿਲਾਫ ਰੈਪੀਡ ਸੁਪੋਰਟ ਫੋਰਸੀਜ਼ ਦੀ ਹਿੰਸਕ ਕਾਰਵਾਈ ਜਾਰੀ ਹੈ। ਬੀਤੀ ਤਿੰਨ ਜੂਨ ਤੋਂ ਸ਼ੁਰੂ ਹੋਈ ਕਾਰਵਾਈ 'ਚ 100 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਨੀਲ ਨਦੀ ਤੋਂ 40 ਤੋਂ ਵੱਧ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਕਈ ਔਰਤਾਂ ਨੇ ਫੌਜੀ ਜਵਾਨਾਂ 'ਤੇ ਜਬਰ ਜਨਾਹ ਦੇ ਦੋਸ਼ ਵੀ ਲਗਾਏ ਹਨ। ਇਨ੍ਹਾਂ ਸਭ ਦੋਸ਼ਾਂ ਤੋਂ ਪਰ੍ਹੇ ਹਮਦਾਨ ਆਪਣੇ ਰੁਤਬੇ ਦਾ ਆਨੰਦ ਲੈ ਰਹੇ ਹਨ। ਰਾਜਧਾਨੀ 'ਚ ਗਲਬੇ ਕਾਰਨ ਸੂਡਾਨ 'ਤੇ ਅਣ-ਐਲਾਨੇ ਤੌਰ 'ਤੇ ਉਨ੍ਹਾਂ ਦੀ ਸੱਤਾ ਕਾਇਮ ਹੈ।

ਵਰਨਣ ਯੋਗ ਹੈ ਕਿ ਫੌਜ ਨੇ 30 ਸਾਲ ਤੱਕ ਸੱਤਾ ਵਿੱਚ ਰਹੇ ਰਾਸ਼ਟਰਪਤੀ ਉਮਰ ਅਲਬਸ਼ੀਰ ਦਾ ਅਪ੍ਰੈਲ 'ਚ ਤਖਤਾ ਪਲਟ ਦਿੱਤਾ ਸੀ। ਉਸ ਤੋਂ ਬਾਅਦ ਸੱਤਾ ਫੌਜ ਦੇ ਹੱਥ ਵਿੱਚ ਚਲੀ ਗਈ ਸੀ ਅਤੇ ਅਧਿਕਾਰਤ ਤੌਰ 'ਤੇ ਜਨਰਲ ਅਬਦੇਲ ਫਤਹਿ ਅਲ ਬੁਰਹਾਨ ਉਸ ਦੇ ਨੇਤਾ ਹਨ। ਰਾਜਧਾਨੀ ਖਾਰਤੌਮ ਵਿੱਚ ਹਮਦਾਨ ਦੀ ਪਕੜ ਦੇਖਦਿਆਂ ਕਈ ਲੋਕ ਉਨ੍ਹਾਂ ਨੂੰ ਸੂਡਾਨ ਦਾ ਅਣ ਐਲਾਨਿਆ ਸ਼ਾਸਕ ਮੰਨਦੇ ਹਨ। ਪ੍ਰਾਇਮਰੀ ਸਕੂਲ ਤੱਕ ਪੜ੍ਹੇ ਤੇ ਬਿਨਾਂ ਕਿਸੇ ਫੌਜੀ ਸਿਖਲਾਈ ਦੇ ਹਮਦਾਨ ਅਣ ਐਲਾਨੀ ਸੱਤਾ ਦਾ ਆਨੰਦ ਲੈ ਰਹੇ ਹਨ। ਉਨ੍ਹਾਂ ਦੀਆਂ ਚਾਰ ਪਤਨੀਆਂ ਹਨ। ਫੌਜੀ ਹੈਡਕੁਆਰਟਰ ਵਿੱਚ ਉਨ੍ਹਾਂ ਦੇ ਦਫਤਰ ਵਿੱਚ ਲੋਕਾਂ ਦੇ ਤਾਂਤਾ ਲੱਗਾ ਰਹਿੰਦਾ ਹੈ। ਸਾਬਕਾ ਫੌਜੀ ਅਧਿਕਾਰੀਆਂ ਨੂੰ ਮਿਲੇ ਅਹੁਦੇ ਤੇ ਸੁਨਿਹਰੀ ਤਲਵਾਰਾਂ ਹਮਦਾਨ ਦੇ ਆਲੇ ਦੁਆਲੇ ਸਜੀਆਂ ਹਨ। ਆਪਣੇ ਖਿਲਾਫ ਉੱਠਦੀਆਂ ਆਵਾਜ਼ਾਂ ਨੂੰ ਹਮਦਾਨ ਵਿਰੋਧੀਆਂ ਦੀ ਸਾਜ਼ਿਸ਼ ਦੱਸ ਕੇ ਖਾਰਜ ਕਰ ਦਿੰਦੇ ਹਨ। ਹਮਦਾਨ, ਜਿਨ੍ਹਾਂ ਨੂੰ ਹੇਮੇਤੀ ਦੇ ਨਾਂ ਤੋਂ ਜਾਣਿਆਂ ਜਾਂਦਾ ਹੈ, ਕਈ ਸਾਲਾਂ ਤੱਕ ਸਾਬਕਾ ਰਾਸ਼ਟਰਪਤੀ ਬਸ਼ੀਰ ਦਾ ਸੱਜਾ ਹੱਥ ਰਹੇ ਸਨ।

# ਪਾਕਿਸਤਾਨ ਵਿੱਚ ਫ਼ੌਜ ਅਤੇ ਆਈ ਐਸ ਆਈ ਦੀ ਨਿੰਦਾ ਕਰਨ ਵਾਲੇ ਬਲਾਗਰ ਦਾ ਕਤਲ



ਇਸਲਾਮਾਬਾਦ, 17 ਜੂਨ (ਪੋਸਟ ਬਿਊਰੋ)- ਪਾਕਿਸਤਾਨੀ ਰਾਜਧਾਨੀ ਇਸਲਾਮਾਬਾਦ ਵਿੱਚ ਐਤਵਾਰ ਰਾਤ 22 ਸਾਲ ਦੇ ਬਲਾਗਰ ਅਤੇ ਪੱਤਰਕ-ਾਰ ਮੁਹੰਮਦ ਬਿਲਾਲ ਖ਼ਾਨ ਦੀ ਹੱਤਿਆ ਕਰ ਦਿੱਤੀ ਗਈ। ਬਿਲਾਲ ਇਸ ਦੇਸ਼ ਦੀ ਤਾਕਤਵਰ ਫ਼ੌਜ ਅਤੇ ਬਦਨਾਮ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦੇ ਆਲੋਚਕ ਵਜੋਂ ਚਰਚਿਤ ਸਨ।

ਡਾਨ ਅਖ਼ਬਾਰ ਵਿੱਚ ਪੁਲਿਸ ਇੰਸਪੈਕਟਰ ਸਦਰ ਮਲਿਕ ਨਈਮ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਬਿਲਾਲ ਨੂੰ ਐਤਵਾਰ ਰਾਤ ਕਿਸੇ ਦਾ ਫੋਨ ਆਇਆ ਸੀ। ਇਸ ਪਿੱਛੋਂ ਉਹ ਆਪਣੇ ਚਚੇਰੇ ਭਰਾ ਨਾਲ ਇਸਲਾਮਾਬਾਦ ਜੀ-9 ਖੇਤਰ ਵਿੱਚ ਗਏ ਸਨ। ਓਥੇ ਇਕ ਵਿਅਕਤੀ ਮਿ-ਲਿਆ, ਜੋ ਉਨ੍ਹਾਂ ਨੂੰ ਜੰਗਲ ਵਿਚ ਲੈ ਗਿਆ, ਜਿੱਥੇ ਖ਼ਾਨ ਅਤੇ ਉਨ੍ਹਾਂ ਦੇ ਚਚੇਰੇ ਭਰਾ ਉੱਤੇ ਛੁਰੇ ਨਾਲ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਖ਼ਾਨ ਦੀ ਮੌਤ ਹੋ ਗਈ ਅਤੇ ਉਸ ਦਾ ਚਚੇਰਾ ਭਰਾ ਗੰਭੀਰ ਜ਼ਖ਼ਮੀ ਹੋ ਗਿਆ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਕੁਝ ਲੋਕਾਂ ਨੇ ਗੋਲ਼ੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਸਨ ਅਤੇ ਪੁਲਿਸ ਨੇ ਅੱਤਵਾਦ ਰੋਕੂ ਐਕਟ ਦੀਆਂ ਕਈ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ।

ਬਿਲਾਲ ਦੇ ਪਿਤਾ ਨੇ ਕਿਹਾ ਕਿ ਮੇਰੇ ਪੁੱਤਰ ਦੀ ਗ਼ਲਤੀ ਏਨੀ ਸੀ ਕਿ ਉਹ ਪੈਗੰਬਰ ਬਾਰੇ ਬੋਲਿਆ ਸੀ। ਬਿਲਾਲ ਦੀ ਮੌਤ ਪਿੱਛੋਂ ਸੋਸ਼ਲ ਮੀਡੀਆ ਉੱਤੇ ਹ ੈ ਸ਼ ਟ ੈ ਗ ਜਸਟਿਸਫਾਰਮੁਹੰਮਦਬਿਲਾਲਖ਼ਾਨ ਟਰੈਂਡ ਕਰ ਰਿਹਾ ਹੈ। ਕਈ ਟਵਿਟਰ ਵਰਤੋਂਕਾਰਾਂ ਨੇ ਕਿਹਾ ਕਿ ਪਾਕਿਸਤਾਨੀ ਫ਼ੌਜ ਤੇ ਖ਼ੁਫ਼ੀਆ ਏਜੰਸੀ ਇੰਟਰ ਸਰਵਸਿਜ਼ ਇੰਟੈਲੀਜੈਂਸ (ਆਈ ਐੱਸ ਆਈ) ਦੀ ਆਲੋਚਨਾ ਕਰਨ ਬਦਲੇ ਖ਼ਾਨ ਦੀ ਹੱਤਿਆ ਕੀਤੀ ਗਈ ਹੈ। ਬਿਲਾਲ ਖ਼ਾਨ ਨੂੰ ਟਵਿਟਰ ਉੱਤੇ 16 ਹਜ਼ਾਰ ਤੇ ਫੇਸਬੁੱਕ ਉੱਤੇ 22 ਹਜ਼ਾਰ ਤੋਂ ਵੱਧ ਲੋਕ ਫਾਲੋ ਕਰਦੇ ਸਨ। ਉਨ੍ਹਾਂ ਦੇ ਯੂ-ਟਿਊਬ ਚੈਨਲ ਨੂੰ ਫਾਲੋ ਕਰਨ ਵਾਲਿਆਂ ਦੀ ਗਿਣਤੀ 48 ਹਜ਼ਾਰ ਤੋਂ ਜ਼ਿਆਦਾ ਹੈ।

# ਹਿੰਸਕ ਵੀਡੀਓ ਵਾਇਰਲ ਹੋਣ ਪਿੱਛੋਂ ਫੀਨਿਕਸ ਸ਼ਹਿਰ ਦੀ ਮੇਅਰ ਨੇ ਮੁਆਫੀ ਮੰਗੀ

ਵਾਸ਼ਿੰਗਟਨ, 17 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਸ਼ਹਿਰ ਫੀਨਿਕਸ ਦੀ ਮੇਅਰ ਨੇ ਐਤਵਾਰ ਉਸ ਵੀਡੀਓ ਦੇ ਲਈ ਮੁਆਫੀ ਮੰਗ ਲਈ, ਜਿਸ ਵਿਚ ਦੱਖਣ-ਪੱਛਮੀ ਅਮਰੀਕੀ ਸ਼ਹਿਰ ਵਿਚ ਪੁਲਸ ਹਿੰਸਕ ਤਰੀਕੇ ਨਾਲ ਬੱਚਿਆਂ ਸਣੇ ਇਕ ਪਰਿਵਾਰ ਨੂੰ ਗ੍ਰਿਫਤਾਰ ਕਰ ਰਹੀ ਹੈ। ਇਹ ਵੀਡੀਓ ਪਿਛਲੇ ਮਹੀਨੇ ਹੋਈ ਘਟਨਾ ਦੀ ਹੈ, ਜਿਸ ਵਿਚ ਪੁਲਸ ਪਰਿਵਾਰ ਨੂੰ ਕਾਰ ਵਿਚੋਂ ਉਤਰਨ ਨੂੰ ਕਹਿੰਦੀ ਹੋਈ ਮੰਦੀ ਭਾਸ਼ਾ ਦੀ ਵਰਤੋਂ ਕਰਦੀ ਤੇ ਨਾਲ ਉਨ੍ਹਾਂ ਨੂੰ ਗੋਲੀ ਮਾਰਨ ਦੀ ਵੀ ਧਮਕੀ ਦਿੰਦੀ ਨਜ਼ਰ ਆਉਂਦੀ ਹੈ। ਵੀਡੀਓ ਵਿਚ ਇਸ ਪਿੱਛੋਂ ਇਕ ਮਹਿਲਾ ਦੋ ਛੋਟੇ ਬੱਚਿਆਂ ਨਾਲ ਕਾਰ ਤੋਂ ਉਤਰਦੀ ਹੈ। ਫਿਰ ਗ੍ਰਿਫਤਾਰੀ ਤੋਂ ਪਹਿਲਾਂ ਮਹਿਲਾ ਬੱਚਿਆਂ ਨੂੰ ਘਟਨਾ ਵੇਲੇ ਉਥੇ ਖੜ੍ਹੇ ਲੋਕਾਂ ਨੂੰ ਸੌਂਪ ਦਿੰਦੀ ਹੈ। ਇਕ ਹੋਰ ਵੀਡੀਓ ਵਿਚ ਪੁਲਸ ਮੁਲਾਜ਼ਮ ਇਕ ਵਿਅਕਤੀ ਨੂੰ ਲੱਤ ਮਾਰਦੀ ਹੈ, ਜਿਸ ਦੇ ਹੱਥ ਪੁਲਸ ਦੀ ਕਾਰ ਨਾਲ ਬੰਨ੍ਹੇ ਸਨ।

ਫੀਨਿਕਸ ਦੀ ਮੇਅਰ ਕੈਟ ਗੈਲੇਗੋ ਨੇ ਟਵਿੱਟਰ ਉੱਤੇ ਲਿਖਿਆ, 'ਮੈਂ ਵੀ ਹੋਰ ਲੋਕਾਂ ਵਾਂਗ ਇੱਕ ਪਰਿਵਾਰ ਤੇ ਛੋਟੇ ਬੱਚਿਆਂ ਨਾਲ ਫੀਨਿਕਸ ਪੁਲਸ ਦੇ ਵਿਹਾਰ ਤੋਂ ਦੁਖੀ ਹਾਂ।' ਅਫਸਰਾਂ ਦੇ ਵਿਹਾਰ ਨੂੰ ਗਲਤ ਤੇ ਗੈਰ ਪੇਸ਼ੇਵਰ ਕਰਾਰ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਸਥਿਤੀ ਵਿਚ ਇਹ ਵਰਤਾਓ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਲਿਖਿਆ ਕਿ ਇਸ ਪਰਿਵਾਰ ਨੂੰ ਜੋ ਝੱਲਣਾ ਪਿਆ, ਉਸ ਤੋਂ ਮੈਂ ਦੁਖੀ ਹਾਂ ਅਤੇ ਮੈਂ ਸਾਡੇ ਭਾਈਚਾਰੇ ਵਲੋਂ ਮੁਆਫੀ ਮੰਗਦੀ ਹਾਂ। ਇਸ ਸੰਬੰਧ ਵਿੱਚ ਫੀਨਿਕਸ ਦੀ ਪੁਲਸ ਮੁਖੀ ਜੇਰੀ ਵਿਲੀਅਮਸ ਨੇ ਕਿਹਾ ਕਿ ਇਸ ਦੀ ਜਾਂਚ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਇਸ ਘਟਨਾ ਦੀ ਮੁਆਫੀ ਮੰਗਦੀ ਹਾਂ। ਮਿਲੀ ਖਬਰ ਮੁਤਾਬਕ ਸਬੰਧਿਤ ਪਰਿਵਾਰ ਨੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ ਲਾਉਂਦੇ ਹੋਏ ਸ਼ਹਿਰ ਪ੍ਰਸ਼ਾਸਨ ਤੋਂ ਇਕ ਕਰੋੜ ਡਾਲਰ ਦਾ ਹਰਜਾਨਾ ਮੰਗਿਆ ਹੈ।

# ਅਮਰੀਕਾ ਵਿੱਚ 4 ਭਾਰਤੀ ਪ੍ਰਵਾਸੀਆਂ ਦਾ ਗੋਲੀਆਂ ਮਾਰ ਕੇ ਕਤਲ




ਵਾਸ਼ਿੰਗਟਨ, 17 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਲੋਵਾ ਸ਼ਹਿਰ ਵਿਚ ਕੁਝ ਅਣਪਛਾਤੇ ਲੋਕਾਂ ਨੇ ਭਾਰਤੀ ਮੂਲ ਦੇ ਪਰਿਵਾਰ ਦੇ 4 ਲੋਕਾਂ ਦੀ ਗੋਲੀ ਮਾਰ ਕੇ ਕਤਲ ਕਰ ਦਿੱਤਾ। ਇਹ ਘਟਨਾ ਲੋਵਾ ਦੇ ਪੱਛਮੀ ਡੇਸ ਮੋਇਨੇਸ ਵਿਚ ਸ਼ਨੀਵਾਰ ਸਵੇਰੇ ਉਨ੍ਹਾਂ ਦੇ ਘਰ ਵਾਪਰੀ। ਮ੍ਰਿਤਕਾਂ ਦੀ ਪਛਾਣ ਚੰਦਰਸ਼ੇਖਰ ਸੁੰਕਾਰਾ (44), ਲਾਵਨਯਾ ਸੁੰਕਾਰਾ (41) ਤੇ ਉਨ੍ਹਾਂ ਦੇ ਦੋ ਬੇਟਿਆਂ ਵਜੋਂ ਹੋਈ ਹੈ। ਬੱਚਿਆਂ ਵਿਚੋਂ ਇਕ ਦੀ ਉਮਰ 15 ਅਤੇ ਦੂਜੇ ਦੀ 10 ਸਾਲ ਦੱਸੀ ਗਈ ਹੈ।

ਪੁਲਿਸ ਨੂੰ ਇਕੋ ਪਰਿਵਾਰ ਦੇ ਇਨ੍ਹਾਂ ਮੈਂਬਰਾਂ ਦੀਆਂ ਲਾਸ਼ਾਂ ਤੋਂ ਗੋਲੀਆਂ ਦੇ ਕਈ ਨਿਸ਼ਾਨ ਮਿਲੇ ਹਨ। ਘਟਨਾ ਓਦੋਂ ਪਤਾ ਲੱਗੀ, ਜਦੋਂ ਇਸ ਪਰਿਵਾਰ ਕੋਲ ਠਹਿਰੇ ਰਿਸ਼ਤੇਦਾਰਾਂ ਨੇ ਉਨ੍ਹਾਂ ਦੀਆਂ ਲਾਸ਼ਾਂ ਦੇਖੀਆਂ ਤੇ ਸਥਾਨਕ ਅਧਿਕਾਰੀਆਂ ਨੂੰ ਘਟਨਾ ਦੀ ਸੂਚਨਾ ਦਿੱਤੀ। ਮੌਕੇ ਤੋਂ ਕਈ ਰਾਊਂਡ ਫਾਇਰਿੰਗ ਦੇ ਸਬੂਤ ਮਿਲੇ ਹਨ। ਪੁਲਿਸ ਦਾ ਕਹਿਣਾ ਹੈ ਕਿ ਕੇਸ ਦੀ ਜਾਂਚ ਚੱਲ ਰਹੀ ਹੈ ਤੇ ਜਦੋਂ ਤੱਕ ਸਾਰੇ ਸਵਾਲਾਂ ਦੇ ਜਵਾਬ ਨਹੀਂ ਮਿਲ ਜਾਂਦੇ, ਉਦੋਂ ਤੱਕ ਜਾਂਚ ਜਾਰੀ ਰੱਖੀ ਜਾਵੇਗੀ। ਮੌਤ ਦੇ ਪਿੱਛੇ ਕਾਰਨਾਂ ਬਾਰੇ ਪਤਾ ਨਹੀਂ ਲੱਗ ਸਕਿਆ ਅਤੇ ਨਾ ਕਿਸੇ ਸ਼ੱਕੀ ਦੀ ਪਛਾਣ ਹੀ ਹੋਈ ਹੈ। ਸਥਾਨਕ ਪੁਲਿਸ ਮੁਤਾਬਕ ਚੰਦਰਸ਼ੇਖਰ ਬੀਤੇ 11 ਸਾਲ ਤੋਂ ਇਨਫੋਰਮੇਸ਼ਨ ਤਕਨਾਲੋਜੀ ਡਿਪਾਰਟਮੈਂਟ ਵਿਚ ਕੰਮ ਕਰਦੇ ਸਨ। ਰਿਕਾਰਡ ਤੋਂ ਪਤਾ ਲੱਗਾ ਹੈ ਕਿ ਇਹ ਪਰਿਵਾਰ ਇੱਥੇ ਮਾਰਚ ਤੋਂ ਰਹਿ ਰਿਹਾ ਸੀ।

# ਪਾਕਿ ਦੀ ਸੂਬਾ ਅਸੈਂਬਲੀ ਨੇ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਫੰਡ ਮਨਜ਼ੂਰ ਕੀਤਾ

ਲਾਹੌਰ, 17 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਲਹਿੰਦੇ ਪੰਜਾਬ ਦੀ ਅਸੈਂਬਲੀ ਨੇ ਬਜਟ ਇਜਲਾਸ ਵਿੱਚ ਜ਼ਿਲਾ ਸ੍ਰੀ ਨਨਕਾਣਾ ਸਾਹਿਬ ਵਿਖੇ ਸਥਾਪਤ ਕੀਤੀ ਜਾ ਰਹੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਉਸਾਰੀ ਲਈ ਲੋੜੀਂਦੇ ਫੰਡਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਲਾਹੌਰ ਦੇ ਇਕ ਪੰਜਾਬੀ ਅਖਬਾਰ ਨਾਲ ਗੱਲਬਾਤ ਦੌਰਾਨ ਬਾਬਰ ਜਲੰਧਰੀ ਨੇ ਕਿਹਾ ਕਿ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਨਨਕਾਣਾ ਸਾਹਿਬ ਵਿਖੇ ਬਣਨ ਵਾਲੀ ਕੌਮਾਂਤਰੀ ਯੂਨੀਵਰਸਿਟੀ ਲਈ ਫੰਡਾਂ ਨੂੰ ਮਨਜ਼ੂਰੀ ਦਿੱਤੇ ਜਾ ਦੇ ਨਾਲ 70 ਏਕੜ ਜ਼ਮੀਨ ਵੀ ਅਲਾਟ ਕੀਤੀ ਗਈ ਹੈ।

ਬਾਬਰ ਜਲੰਧਰੀ ਨੇ ਦੱਸਿਆ ਕਿ ਮੁੱਖ ਮੰਤਰੀ ਉਸਮਾਨ ਬੁਜ਼ਦਰ ਨੇ ਯੂਨੀਵਰਸਿਟੀ ਦੀ ਉਸਾਰੀ ਦਾ ਮਾਮਲਾ ਇਸ ਵਰ੍ਹੇ ਦੇ ਵਿਕਾਸ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਹੈ। ਸ੍ਰੀ ਨਨਕਾਣਾ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਯੂਨੀਵਰਸਿਟੀ ਬਣਾਉਣ ਲਈ ਪਾਕਿ-ਸਤਾਨ 'ਚ ਰਹਿ ਰਹੇ ਸਿੱਖ ਲੰਬੇ ਸਮੇਂ ਤੋਂ ਮੰਗ ਕਰ ਰਹੇ ਹਨ ਤੇ ਪੰਜਾਬ ਸਰਕਾਰ ਦੇ ਉਕਤ ਐਲਾਨ ਨੂੰ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤਾ ਗਿਆ ਇਕ ਵੱਡਾ ਤੋਹਫਾ ਦੱਸਿਆ ਹੈ। ਪੰਜਾਬ ਯੂਨੀਵਰਸਿਟੀ ਦੇ ਬੁਲਾਰੇ ਖੁਰਮ ਸ਼ਹਿਜ਼ਾਦ ਨੇ ਕਿਹਾ ਕਿ ਪਾਕਿਸਤਾਨ 'ਚ ਪਹਿਲੀ ਵਾਰ ਪੰਜਾਬ ਯੂਨੀਵਰਸਿਟੀ ਨੇ ਸ਼ਾਂਤੀ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਲਈ ਬਾਬਾ ਗੁਰੂ ਨਾਨਕ ਰਿਸਰਚ ਚੇਅਰ ਦੀ ਸਥਾਪਨਾ ਕੀਤੀ ਹੈ, ਜਿਸ ਦੇ ਬਾਅਦ ਯੂਨੀਵਰਸਿਟੀ ਦੇ ਵਿਦਿਆਰਥੀ ਬਾਬਾ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਖੋਜ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਉਹ ਵਿੱਦਿਅਕ ਸੰਸਥਾ ਹੈ, ਜੋ ਸਮਾਜ 'ਚ ਗੁਰੂ ਨਾਨਕ ਦੇਵ ਜੀ ਦੇ ਸਹਿਣਸ਼ੀਲਤਾ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਦੀ ਲੋੜ ਮਹਿਸੂਸ ਕਰਦੀ ਹੈ।

ਦੱਸਣ ਯੋਗ ਹੈ ਕਿ ਪਾਕਿਸਤਾਨ ਈਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਸਾਬਕਾ ਚੇਅਰਮੈਨ ਲੈਫਟੀਨੈਂਟ ਕਰਨਲ ਜ਼ੁਲਫਿਕਾਰ ਅਲੀ ਖਾਂ ਨੇ ਪਹਿਲੀ ਵਾਰ ਸਾਲ 2007 'ਚ ਸ੍ਰੀ ਨਨਕਾਣਾ ਸਾਹਿਬ ਵਿਚਲੀ ਵਕਫ ਦੀ ਭੂਮੀ 'ਤੇ 25 ਏਕੜ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਖੋਲ੍ਹਣ ਦਾ ਐਲਾਨ ਕੀਤਾ ਸੀ। ਉਸ ਦੇ 9 ਵਰ੍ਹੇ ਬਾਅਦ ਨਵੰਬਰ 2016 ਵਿੱਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਜ਼ਿਲਾ ਨਨਕਾਣਾ ਸਾਹਿਬ ਵਿਖੇ ਪ੍ਰਧਾਨ ਮੰਤਰੀ ਨੇ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਦਾ ਐਲਾਨ ਕੀਤਾ ਸੀ, ਪਰ ਪ੍ਰਧਾਨ ਮੰਤਰੀ ਦੇ ਨਾ ਪਹੁੰਚਣ ਤੇ ਕੁਝ ਦਿਨਾਂ ਬਾਅਦ ਉਦਘਾਟਨ ਲਈ ਲਾਇਆ ਗਿਆ ਨੀਂਹ ਪੱਥਰ ਜ਼ਿਲੇ ਦੀ ਬਾਰ ਐਸੋਸੀਏਸ਼ਨ ਦੇ ਵਕੀਲ ਮੈਂਬਰਾਂ ਨੇ ਇਹ ਕਹਿ ਕੇ ਉਖਾੜ ਦਿੱਤਾ ਸੀ ਕਿ ਯੂਨੀਵਰਸਿਟੀ ਬਣਾਉਣ ਲਈ ਚੁਣੀ ਗਈ ਭੂਮੀ ਪਹਿਲਾਂ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਨੇ ਵਕੀਲਾਂ ਦੀ ਰਿਹਾਇਸ਼ੀ ਕਾਲੋਨੀ ਅਤੇ ਕਚਹਿਰੀ ਬਣਾਉਣ ਲਈ ਅਲਾਟ ਕੀਤੀ ਸੀ।


Honesty, Reliability, Commitment

Hira Randhawa
Broker

• 1 yr Home Warranty
• 40% Discount on Brand Name
• Appliances & Furniture
• Free Evaluation & Lowest Commission

www.hirarandhawa.com
hirarandhawa@yahoo.ca

"OPEN HOUSE UNTIL SOLD"

For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL · Chevron · Delo

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT
BRAND NEW MACHINES 2018

Brake & Drum -Made in U.S - On Special Sale!

Special Sale
4 CAT Batteries
$550 with Installation

Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
Spring Sale

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

## ਮੋਟਰਸਾਈਕਲ ਸਵਾਰਾਂ ਨੇ ਇਤਿਹਾਸਕ ਧਰਮ ਅਸਥਾਨ ਦੀ ਗੋਲਕ ਲੁੱਟੀ

ਸਮਰਾਲਾ, 16 ਜੂਨ (ਪੋਸਟ ਬਿਊਰੋ)- ਗੁਰਦੁਆਰਾ ਕ੍ਰਿਪਾਨ ਭੇਟ ਸਾਹਿਬ ਵਿਖੇ ਸਵੇਰ ਵੇਲੇ ਨਿਹੰਗਾਂ ਦੇ ਭੇਸ ਵਿਚ ਆਏ 4 ਵਿਅਕਤੀਆਂ ਉੱਤੇ ਗੁਰਦੁਆਰਾ ਸਾਹਿਬ ਦੇ ਨੇੜਲੇ ਜਥੇਦਾਰ ਬਾਬਾ ਗੁਰਦਿਆਲ ਸਿੰਘ ਦੇ ਅਸਥਾਨ ਉੱਤੇ ਪਈ ਗੋਲਕ ਚੁੱਕ ਕੇ ਲੈ ਕੇ ਜਾਣ ਦਾ ਦੋਸ਼ ਲਾਇਆ ਗਿਆ ਹੈ।

ਗੁਰਦੁਆਰੇ ਦੀ ਸੇਵਾ ਨਿਭਾ ਰਹੇ ਨਿਹੰਗ ਬਾਬਾ ਬਿੱਲਾ ਸਿੰਘ, ਜਿਹੜੇ ਗੁਰਦੁਆਰਾ ਕ੍ਰਿਪਾਨ ਭੇਟ ਸਾਹਿਬ ਦੇ ਬਾਬਾ ਸਰਵਣ ਸਿੰਘ ਦੇ ਰੱਖਿਅਕ ਵੀ ਹਨ, ਨੇ ਪੁਲਿਸ ਨੂੰ ਦੱਸਿਆ ਕਿ ਬਾਬਾ ਸਰਵਣ ਸਿੰਘ ਬੀਤੇ ਕਈ ਦਿਨਾਂ ਤੋਂ ਬਾਹਰ ਗਏ ਹੋਏ ਹਨ। ਗੁਰਦੁਆਰੇ ਵਿਚ ਰਾਤ ਸਮੇਂ ਉਹ ਅਤੇ ਇਕ ਹੋਰ ਨਿਹੰਗ ਰਹਿੰਦੇ ਹਨ। ਸਵੇਰੇ ਰੋਜ਼ ਵਾਂਗ ਜਦੋਂ ਉਹ ਦਰਬਾਰ ਸਾਹਿਬ ਦੇ ਦਰਵਾਜ਼ੇ ਖੋਲ੍ਹ ਕੇ ਅੰਦਰ ਬੈਠੇ ਪਾਠ ਕਰ ਰਹੇ ਸਨ ਤਾਂ 4 ਵਿਅਕਤੀ ਆਏ ਜਿਨ੍ਹਾਂ ਨੇ ਨਿਹੰਗਾਂ ਵਾਲੇ ਬਾਣੇ ਪਾਏ ਹੋਏ ਸਨ ਅਤੇ ਮੱਥਾ ਟੇਕਣ ਤੋਂ ਬਾਅਦ ਉਸ ਨਾਲ ਔਖੇ ਹੋਣ ਲੱਗ ਪਏ। ਨਿਹੰਗ ਬਾਬਾ ਬਿੱਲਾ ਸਿੰਘ ਨੇ ਦੱਸਿਆ ਕਿ ਉਹ ਲੋਕ ਕਹਿੰਦੇ ਸਨ ਕਿ ਉਨ੍ਹਾਂ ਨੇ ਅਸਥਾਨ ਉੱਤੇ ਕਬਜ਼ਾ ਕਰ ਲੈਣਾ ਹੈ। ਮੌਕੇ ਦੀ ਨਜ਼ਾਕਤ ਕਾਰਨ ਉਹ ਕੁਝ ਨਹੀਂ ਬੋਲੇ ਤੇ ਦਰਬਾਰ ਸਾਹਿਬ ਤੋਂ ਬਾਹਰ ਆ ਕੇ ਰਿਹਾਇਸ਼ ਵੱਲ ਚਲੇ ਗਏ ਅਤੇ ਕੁਝ ਚਿਰ ਪਿੱਛੋਂ ਇਹ ਲੋਕ ਵੀ ਬਾਬਾ ਗੁਰਦਿਆਲ ਸਿੰਘ ਦੇ ਸਥਾਨ ਉੱਤੇ ਰੱਖੀ ਗੋਲਕ ਚੁੱਕ ਕੇ 2 ਮੋਟਰ ਸਾਈਕਲਾਂ ਉੱਤੇ ਫ਼ਰਾਰ ਹੋ ਗਏ। ਦਿਨ ਚੜ੍ਹਨ ਪਿੱਛੋਂ ਨਿਹੰਗ ਬਿੱਲਾ ਸਿੰਘ ਨੇ ਸੰਗਤਾਂ ਨੂੰ ਨਾਲ ਲੈ ਕੇ ਮਾਛੀਵਾੜਾ ਥਾਣੇ ਵਿਚ ਰਿਪੋਰਟ ਕੀਤੀ ਹੈ।

ਥਾਣੇਦਾਰ ਮੋਹਨ ਲਾਲ ਨੇ ਬਿਆਨ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਇਸ ਅਥਸਾਨ ਉੱਤੇ ਬੁੱਢਾ ਦਲ ਦੇ ਨਿਹੰਗ ਬਾਬਾ ਸਰਵਣ ਸਿੰਘ ਲੰਮੇ ਸਮੇਂ ਤੋਂ ਸੇਵਾ ਨਿਭਾ ਰਹੇ ਹਨ, ਪਰ ਪਿਛਲੇ ਕੁਝ ਸਮੇਂ ਤੋਂ ਦਲ ਵਿਚ ਧੜੇਬੰਦੀ ਚੱਲ ਰਹੀ ਹੈ।

## ਫੌਜ ਨੂੰ ਪਤਾ ਤੱਕ ਨਹੀਂ ਸੀ ਦਰਬਾਰ ਸਾਹਿਬ ਵਿੱਚ ਲਾਇਬਰੇਰੀ ਦੇ ਹੋਣ ਦਾ

*** ਅਕਾਲੀ ਆਗੂ ਮਨਜੀਤ ਸਿੰਘ ਤਰਨ ਤਾਰਨੀ ਵੱਲੋਂ ਕਈ ਖੁਲਾਸੇ**

*** ਲਾਇਬਰੇਰੀ ਤੋਂ ਆਈ ਗੋਲੀ ਨੇ ਫੌਜ ਨੂੰ ਲਾਇਬਰੇਰੀ ਵੱਲ ਮੋੜਿਆ**

ਅੰਮ੍ਰਿਤਸਰ, 17 ਜੂਨ (ਪੋਸਟ ਬਿਊਰੋ)- ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਜੂਨ 1984 ਵਿੱਚ ਹੋਏ ਅਪਰੇਸ਼ਨ ਬਲਿਊ ਸਟਾਰ ਦੇ ਇੱਕ ਅੱਖੀਂ ਵੇਖਣ ਵਾਲੇ ਗਵਾਹ ਅਤੇ ਬਜ਼ੁਰਗ ਅਕਾਲੀ ਆਗੂ ਮਨਜੀਤ ਸਿੰਘ ਤਰਨ ਤਾਰਨੀ ਨੇ ਭੇਦ ਖੋਲ੍ਹਿਆ ਹੈ ਕਿ ਫੌਜ ਨੂੰ ਪਤਾ ਹੀ ਨਹੀਂ ਸੀ ਕਿ ਦਰਬਾਰ ਸਾਹਿਬ ਕੰਪਲੈਕਸ ਵਿੱਚ ਕੋਈ ਲਾਇਬਰੇਰੀ ਹੈ, ਇਸ ਦਾ ਓਦੋਂ ਪਤਾ ਲੱਗਾ ਜਦ ਸਤਿੰਦਰ ਸਿੰਘ ਪੀ ਟੀ ਨਾਂਅ ਦੇ ਖਾੜਕੂ ਨੇ ਲਾਇਬਰੇਰੀ ਤੋਂ ਗੋਲੀ ਚਲਾਈ ਅਤੇ ਫੌਜੀ ਮਾਰੇ ਗਏ ਤਾਂ ਉਸ ਨੂੰ ਲੱਭਦੇ ਫੌਜੀ ਲਾਇਬਰੇਰੀ ਵੱਲ ਆਏ ਤੇ ਕਿਤਾਬਾਂ ਉੱਤੇ ਕਬਜ਼ਾ ਕਰ ਲਿਆ ਸੀ।

ਜਥੇਦਾਰ ਮਨਜੀਤ ਸਿੰਘ ਤਰਨ ਤਾਰਨੀ ਦਾ ਕਹਿਣਾ ਹੈ ਕਿ ਸਤਿੰਦਰ ਸਿੰਘ ਪੀ ਟੀ ਨਾਂਅ ਦਾ ਇਹ ਬੰਦਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜਥੇ ਦੇ ਨਾਲ ਸੀ, ਪਰ ਬਹੁਤੀ ਵਾਰ ਗੈਰ ਜ਼ਿੰਮੇਵਾਰੀ ਕਾਰਵਾਈਆਂ ਹੀ ਕਰਦਾ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਲਾਇਬਰੇਰੀ ਵਾਲੇ ਹਿੱਸੇ ਉੱਤੇ ਸਤਿੰਦਰ ਸਿੰਘ ਪੀ ਟੀ ਦਾ ਕਬਜ਼ਾ ਸੀ। ਤਰਨ ਤਾਰਨੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ, ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਨ ਸਿੰਘ ਅਤੇ ਜਥੇਦਾਰ ਟੌਹੜਾ ਦੇ ਨਿੱਜੀ ਸਹਾਇਕ ਅਬਿਨਾਸ਼ੀ ਸਿੰਘ ਦੇ ਨਾਲ ਫੌਜ ਵਾਲੇ ਬੀਬੀ ਅਮਰਜੀਤ ਕੌਰ ਅਤੇ ਖੁਦ ਮਨਜੀਤ ਸਿੰਘ ਨੂੰ ਵੀ ਗ੍ਰਿਫਤਾਰ ਕਰ ਕੇ ਲੈ ਗਏ। ਕਰੀਬ ਨੌਂ ਜੂਨ ਨੂੰ ਕਰਨਲ ਉਂਕਾਰ ਸਿੰਘ ਗੁਰਾਇਆ ਅਤੇ ਇੱਕ ਕਰਨਲ ਸ਼ਰਮਾ ਦੀ ਅਗਵਾਈ ਵਿੱਚ ਆਈ ਫੌਜੀ ਟੁਕੜੀ ਭਾਨ ਸਿੰਘ ਤੇ ਅਬਿਨਾਸ਼ੀ ਸਿੰਘ ਨੂੰ ਲੈ ਕੇ ਗਈ, ਜੋ ਦੇਰ ਸ਼ਾਮ ਨੂੰ ਮੁੜੇ। ਉਨ੍ਹਾਂ ਨੇ ਜਥੇਦਾਰ ਟੌਹੜਾ ਨੂੰ ਦੱਸਿਆ ਕਿ ਫੌਜ ਨੇ ਲਾਇਬਰੇਰੀ ਨੂੰ ਅੱਗ ਲਾ ਛੱਡੀ ਹੈ। ਅਗਲੀ ਸਵੇਰ ਜਦ ਦੋਵਾਂ ਨੂੰ ਫੌਜ ਫਿਰ ਲੈ ਗਈ ਤਾਂ ਸ਼ਾਮ ਨੂੰ ਆ ਕੇ ਉਨ੍ਹਾਂ ਦੱਸਿਆ ਕਿ ਲਾਇਬਰੇਰੀ ਦਾ ਸਾਮਾਨ ਬਚ ਗਿਆ ਹੈ, ਜਿਸ ਸੁਣ ਕੇ ਟੌਹੜਾ ਸਮੇਤ ਸਾਰਿਆਂ ਦਾ ਸਾਹ ਸੌਖਾ ਹੋਇਆ। ਉਨ੍ਹਾਂ ਦੱਸਿਆ ਕਿ ਇੱਕ ਵਿਅਕਤੀ ਦੀ ਗਲਤੀ ਕਾਰਨ ਇਹ ਘਟਨਾ ਵਾਪਰੀ।

## ਹਵਾਲਗੀ ਬਿੱਲ ਸਸਪੈਂਡ ਹੋਣ ਦੇ ਬਾਵਜੂਦ 10 ਲੱਖ ਤੋਂ ਵੱਧ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ



ਹਾਂਗਕਾਂਗ, 17 ਜੂਨ (ਪੋਸਟ ਬਿਊਰੋ)- ਹਾਂਗਕਾਂਗ ਦੀ ਪ੍ਰਸ਼ਾਸਨ ਦੀ ਮੁਖੀ ਕੈਰੀ ਲੈਮ ਵੱਲੋਂ ਹਵਾਲਗੀ ਦਾ ਬਿੱਲ ਅਣਮਿੱਥੇ ਸਮੇਂ ਲਈ ਸਸਪੈਂਡ ਕਰਨ ਦੇ ਬਾਵਜੂਦ ਕੱਲ੍ਹ ਕਰੀਬ 10 ਲੱਖ ਤੋਂ ਵੱਧ ਲੋਕਾਂ ਵੱਲੋਂ ਵਿਕਟੋਰੀਆ ਪਾਰਕ ਤੋਂ ਐਡਮਿਲਟੀ ਤੱਕ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ।

ਵਰਨਣ ਯੋਗ ਹੈ ਕਿ ਕੱਲ੍ਹ ਕੈਰੀ ਲੈਮ ਦੇ ਐਲਾਨ ਦੇ ਬਾਵਜੂਦ ਇਸ ਬਿੱਲ ਨੂੰ ਪੂਰਨ ਤੌਰ 'ਤੇ ਰੱਦ ਕਰਨ ਦੀ ਮੰਗ ਕਰ ਰਹੇ ਇਕ ਪ੍ਰਦਰਸ਼ਨਕਾਰੀ ਨੇ ਐਡਮਿਲਰਟੀ ਦੇ ਪੈਸਿਫਿਕ ਪਲੇਟ ਤੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ ਸੀ। ਭਾਵੇਂ ਕੱਲ੍ਹ ਦਾ ਪ੍ਰਦਰਸ਼ਨ ਸ਼ਾਂਤਮਈ ਰਿਹਾ, ਪਰ ਲੋਕਾਂ ਦੇ ਚਿਹਰਿਆਂ ਤੇ ਨਾਅਰਿਆਂ ਵਿੱਚ ਸਖਤ ਰੋਸ ਵਿਖਾਈ ਦੇ ਰਿਹਾ ਸੀ। ਵਿਰੋਧ ਪ੍ਰਦਰਸ਼ਨ ਕਰਨ ਵਾਲਿਆਂ ਨੇ ਇਸ ਬਿੱਲ ਨੂੰ ਪੂਰੀ ਤਰ੍ਹਾਂ ਰੱਦ ਕਰਨ ਅਤੇ ਬਹੁਤੇ ਲੋਕਾਂ ਵੱਲੋਂ ਕੈਰੀਲੈਮ ਦੀ ਅਸਤੀਫੇ ਦੀ ਮੰਗ ਕਰਦਿਆਂ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਦੀ ਗੱਲ ਕਹੀ ਹੈ। ਹਾਂਗਕਾਂਗ ਦੀ ਮੁਖੀ ਨੇ ਇਹ ਬਿੱਲ ਪੂਰੀ ਤਰ੍ਹਾਂ ਰੱਦ ਕਰਨ ਦੀ ਮੰਗ ਰੱਦ ਕਰਕੇ ਦੁਬਾਰਾ ਹਾਂਗਕਾਂਗ ਵਾਸੀਆਂ ਤੋਂ ਮੁਆਫੀ ਮੰਗਦਿਆਂ ਕਿਹਾ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਤੇ ਵਿਰੋਧ ਦਾ ਸਤਿਕਾਰ ਕਰਦੇ ਹਨ। ਸਰਕਾਰ ਇਸ ਨੂੰ ਲੋਕ ਰਾਇ ਲੈਣ ਉਪਰੰਤ ਹੀ ਜਾਰੀ ਕਰੇਗੀ।

## ਸਮਾਰਟਫੋਨ ਮਨੁੱਖ ਨੂੰ ਸਿਹਤ ਤੋਂ ਦੂਰ ਨਾ ਕਰ ਦੇਵੇ

ਨਿਊਯਾਰਕ, 17 ਜੂਨ (ਪੋਸਟ ਬਿਊਰੋ)- ਸਮਾਰਟ ਫੋਨ ਨੇ ਉਮਰ ਦੀ ਸੀਮਾ ਪਾਰ ਕਰ ਲਈ ਹੈ। ਬੱਚਿਆਂ ਤੋਂ ਬਜ਼ੁਰਗ ਤੱਕ ਹਰ ਕੋਈ ਕਿਸੇ ਨਾ ਕਿਸੇ ਰੂਪ ਵਿੱਚ ਸਮਾਰਟ ਫੋਨ ਨਾਲ ਜੁੜਿਆ ਹੈ। ਮੈਸਜ਼ ਅਤੇ ਚੈਟਿੰਗ ਬਾਰੇ ਵੀਡੀਓ ਕੋਲਿੰਗ ਤੱਕ ਫੋਨ ਨੇ ਦੂਰੀਆਂ ਨੂੰ ਮਿਟਾਉਣ 'ਚ ਵੀ ਭੂਮਿਕਾ ਨਿਭਾਈ ਹੈ। ਸੈਂਕੜੇ ਮੀਲ ਦੂਰ ਬੈਠੇ ਦਾਦਾ-ਦਾਦੀ ਨਾਲ ਅੱਖ ਝਪਕੇ ਹੀ ਗੱਲ ਹੋ ਜਾਂਦੀ ਹੈ, ਪਰ ਸਮਾਰਟ ਫੋਨ ਦੀ ਵਧਦੀ ਹਾਜ਼ਰੀ ਨੇ ਸਵਾਲ ਵੀ ਖੜੇ ਕੀਤੇ ਹਨ। ਮਾਹਰਾਂ ਵਿਚਾਲੇ ਇਹ ਚਰਚਾ ਜ਼ੋਰ ਫੜੀ ਜਾਂਦੀ ਹੈ ਕਿ ਜੇ ਪਰਵਾਰ ਦੇ ਵੱਡੇ ਲੋਕ ਹੀ ਸਮਾਰਟ ਫੋਨ ਦੀ ਵਰਤੋਂ ਦੇ ਵਿੱਚ ਏਨੇ ਗੁਆਚ ਗਏ ਤਾਂ ਬੱਚਿਆਂ ਨੂੰ ਕੌਮ ਸੰਭਾਲੇਗਾ? ਕਿਤੇ ਰਿਸ਼ਤਿਆਂ ਨੂੰ ਕੋਲ ਲਿਆਉਣ ਦੀ ਕੋਸ਼ਿਸ਼ ਬੱਚਿਆਂ ਨੂੰ ਉਨ੍ਹਾਂ ਦੀ ਸਿਹਤ ਤੋਂ ਦੂਰ ਨਾ ਕਰ ਦੇਵੇ। ਅੱਜ ਦੀ ਤਰੀਕ ਵਿੱਚ ਸਮਾਰਟ ਫੋਨ ਦੀ ਟੈਕਨਾਲੌਜੀ ਨੇ ਘਰ ਦੇ ਬਜ਼ੁਰਗਾਂ ਨੂੰ ਵੀ ਆਪਣਾ ਦੀਵਾਨਾ ਬਣਾ ਲਿਆ ਹੈ। ਅਜਿਹਾ ਹੋਣ ਦੀ ਵਜ੍ਹਾ ਇਹ ਹੈ ਕਿ ਇਸ ਟੈਕਨਾਲੌਜੀ ਨੇ ਉਨ੍ਹਾਂ ਨੂੰ ਆਪਣਿਆਂ ਦੇ ਕਰੀਬ ਆਉਣ ਵਿੱਚ ਮਦਦ ਕੀਤੀ ਹੈ।

## ਗੁਰਦੁਆਰਾ ਸਾਹਿਬ ਅੱਗ ਲੱਗ ਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਗਨ ਭੇਟ



ਭੋਗਪੁਰ, 17 ਜੂਨ (ਪੋਸਟ ਬਿਊਰੋ)- ਥਾਣਾ ਭੋਗਪੁਰ ਦੀ ਚੌਕੀ ਪਚਰੰਗਾ ਹੇਠਲੇ ਪਿੰਡ ਸੁਦਾਣਾ ਦੇ ਡੇਰਾ ਬਾਬਾ ਗੋਬਿੰਦ ਦਾਸ ਅੰਦਰ ਗੁਰਦੁਆਰਾ ਸਾਹਿਬ ਵਿੱਚ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਪਾਲਕੀ ਵਿੱਚ ਸਸ਼ੋਭਤ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਅਗਨ ਭੇਟ ਹੋ ਜਾਣ ਦੀ ਦੁਖਦਾਈ ਖਬਰ ਮਿਲੀ ਹੈ।

ਇਸ ਬਾਰੇ ਦੱਸਿਆ ਗਿਆ ਹੈ ਕਿ ਐਤਵਾਰ ਤੜਕੇ ਪ੍ਰੇਮ ਸਿੰਘ ਸਾਬਕਾ ਫੌਜੀ ਗੁਰਦੁਆਰਾ ਸਾਹਿਬ ਗਿਆ ਤਾਂ ਅੰਦਰ ਲੱਗੇ ਇਨਵਰਟਰ ਤੋਂ ਅੱਗ ਨਿਕਲ ਕੇ ਗੁਰਦੁਆਰਾ ਸਾਹਿਬ ਦੀਆਂ ਦਰੀਆਂ ਨੂੰ ਅੱਗ ਲੱਗੀ ਹੋਈ ਸੀ। ਦੇਖਦਿਆਂ ਹੀ ਦੇਖਦਿਆਂ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ। ਪ੍ਰੇਮ ਸਿੰਘ ਵੱਲੋਂ ਰੌਲਾ ਪਾਏ ਜਾਣ 'ਤੇ ਪਿੰਡ ਦੇ ਲੋਕਾਂ ਨੇ ਗੁਰਦੁਆਰਾ ਸਾਹਿਬ ਵਿੱਚ ਪੁੱਜ ਕੇ ਅੱਗ ਬੁਝਾਈ। ਇਸ ਅੱਗ ਕਾਰਨ ਪਾਲਕੀ ਵਿੱਚ ਸਸ਼ੋਭਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਅਗਨ ਭੇਟ ਹੋ ਗਿਆ। ਜਦੋਂ ਗੁਰਦੁਆਰਾ ਸਾਹਿਬ ਵਿੱਚ ਅੱਗ ਲੱਗੀ, ਉਸ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਪਾਵਨ ਸਰੂਪ ਸੁੱਖ ਆਸਨ ਅਸਥਾਨ ਉੱਤੇ ਸਨ। ਗੁਰਦੁਆਰੇ ਦੇ ਗ੍ਰੰਥੀ ਸੋਹਣ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਰਾਤ ਉਹ ਨੌਂ ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਲਾ ਕੇ ਚਲੇ ਗਏ ਸਨ। ਇਸ ਹਾਦਸੇ ਦੀ ਜਾਣਕਾਰੀ ਮਿਲਦੇ ਸਾਰ ਡੀ ਐੱਸ ਪੀ ਆਦਮਪੁਰ ਗੁਰਦੇਵ ਸਿੰਘ ਮੌਕੇ ਉੱਤੇ ਪੁੱਜੇ ਅਤੇ ਉਨ੍ਹਾਂ ਅੱਗ ਦੇ ਕਾਰਨਾਂ ਦੀ ਜਾਂਚ ਕੀਤੀ। ਇਸ ਜਾਂਚ ਦੌਰਾਨ ਗੁਰਦੁਆਰਾ ਸਾਹਿਬ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡਿੰਗ ਚੈੱਕ ਕੀਤੀ ਤਾਂ ਸਾਫ ਹੋ ਗਿਆ ਕਿ ਇਹ ਅੱਗ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਲੱਗੀ ਹੈ।

## ਬੀੜ ਬਲਿੰਗ ਤੋਂ ਉਡਾਰੀ ਭਰਨ ਪਿੱਛੋਂ ਵਿਦੇਸ਼ੀ ਪਾਇਲਟ ਲਾਪਤਾ

ਪਪਰੋਲਾ, 17 ਜੂਨ (ਪੋਸਟ ਬਿਊਰੋ)- ਬੀੜ ਬਲਿੰਗ ਤੋਂ ਉਡਾਣ ਦੇ ਬਾਅਦ ਇਕ ਵਿਦੇਸ਼ੀ ਪਾਇਲਟ ਅਚਾਨਕ ਲਾਪਤਾ ਹੋ ਗਿਆ ਹੈ। ਉਸ ਦੀ ਪਛਾਣ 37 ਸਾਲਾ ਲੀ ਥਵਾਂਗ ਵਾਸੀ ਸਿੰਗਾਪੁਰ ਦੇ ਰੂਪ ਵਿੱਚ ਹੋਈ ਹੈ। ਦੱਸਿਆ ਗਿਆ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਫਰੀ ਫਲਾਇਰ ਪਾਇਲਟ ਨੇ ਬਲਿੰਗ ਤੋਂ ਉਡਾਣ ਭਰੀ ਸੀ, ਜਿਸ ਦੇ ਬਾਅਦ ਮੁਲਥਾਨ ਦੇ ਨਾਲ ਲੱਗ ਵਾਲੇ ਧਰਮਾਣੀ ਦੇ ਉਪਰ ਬਰੰਡੇ ਦਾ ਘਰ ਨਾਮਕ ਪਹਾੜੀ ਵਿੱਚ 150 ਫੁੱਟ ਉਚੇ ਦਰੱਖਤ 'ਤੇ ਉਸ ਪਾਇਲਟ ਦੇ ਗਲਾਈਡਰ ਨੂੰ ਉਥੇ ਭੇਡ ਪਾਲਕਾਂ ਨੇ ਫਸਿਆ ਦੇਖਿਆ ਸੀ। ਇਸ ਦੀ ਸੂਚਨਾ ਉਨ੍ਹਾਂ ਨੇ ਫੋਨ ਉੱਤੇ ਬੀੜ ਵਿੱਚ ਆਪਣੇ ਜਾਣਕਾਰਾਂ ਨੂੰ ਦਿੱਤੀ ਸੀ। ਭੇਡ ਪਾਲਕਾਂ ਦੇ ਮੁਤਾਬਕ ਉਨ੍ਹਾਂ ਨੇ ਗਲਾਈਡਰ ਨੂੰ ਰੁੱਖ 'ਤੇ ਫਸੇ ਦੇਖਿਆ, ਪਰ ਉਨ੍ਹਾਂ ਨੂੰ ਵਿਦੇਸ਼ੀ ਪਾਇਲਟ ਦਾ ਹੋਰ ਕੋਈ ਸੁਰਾਗ ਨਹੀਂ ਮਿਲਿਆ ਸੀ। ਸੁਪਰਵਾਈਜ਼ਰ ਰਣਵਿਜੈ ਨੇ ਦੱਸਿਆ ਕਿ ਸੂਚਨਾ ਮਿਲਣ ਪਿੱਛੋਂ ਰੈਸਕਿਊ ਟੀਮ ਨੇ ਮਲਥਾਨ ਦੇ ਨੇੜੇ ਧਰਮਾਣੀ ਦੇ ਅੱਗੇ ਪਹਾੜੀ ਰਸਤੇ ਦਾ ਦੌਰਾ ਕਰ ਕੇ ਦੋ ਦਿਨ ਤੱਕ ਸਰਚ ਮੁਹਿੰਮ ਚਲਾਈ, ਪਰ ਪਾਇਲਟ ਦਾ ਕੋਈ ਪਤਾ ਨਹੀਂ ਚੱਲ ਸਕਿਆ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਬਲਿੰਗ ਦਾ ਮਾਰਗ ਉਸਾਰੀ ਦੇ ਕੰਮ ਕਾਰਨ ਬੰਦ ਸੀ, ਪਰ ਉਕਤ ਫਰੀ ਫਲਾਇਰ ਪੈਦਲ ਹੀ ਬਲਿੰਗ ਵੱਲ ਚਲਾ ਗਿਆ ਤੇ ਉਥੋਂ ਉਸ ਨੇ ਉਡਾਣ ਭਰੀ ਸੀ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੋਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand famiy values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4", 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ।
ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ




416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਬੋਰ, ਫਤਹਿਵੀਰ ਅਤੇ ਡਿਜੀਟਲ ਇੰਡੀਆ

-ਅਵਤਾਰ ਸਿੰਘ (ਪ੍ਰੋ.)

ਨੰਨ੍ਹੀ ਜਾਨ, ਮਾਸੂਮ ਬਾਲ ਫਤਹਿਵੀਰ ਆਪਣੇ ਹੀ ਘਰਦਿਆਂ ਦੀ ਅਣਦੇਖੀ ਦੀ ਭੇਟ ਚੜ੍ਹ ਕੇ ਪੂਰੇ ਭਾਰਤ ਦੇਸ਼ ਦੀ ਅਣਗਹਿਲੀ ਅਤੇ ਨਾਅਹਿਲੀਅਤ ਦਾ ਸ਼ਿਕਾਰ ਹੋ ਗਿਆ। ਡਿੱਗਣ ਸਮੇਂ ਉਸ ਉਤੇ ਕੀ ਗੁਜ਼ਰੀ ਹੋਵੇਗੀ, ਕਿਵੇਂ ਹੱਥ ਪੈਰ ਮਾਰੇ ਹੋਣਗੇ, ਕਿਵੇਂ ਉਸ ਨੇ ਮਾਂ ਨੂੰ 'ਵਾਜ ਮਾਰੀ ਹੋਵੇਗੀ, ਕਿਵੇਂ ਚੀਕ ਚਿਹਾੜਾ ਪਾਇਆ ਹੋਵੇਗਾ? ਇਹ ਸੋਚ ਕੇ ਦਿਲ ਦਹਿਲ ਜਾਂਦਾ ਹੈ ਤੇ ਜ਼ੁਬਾਨ ਤਾਲੂ ਨੂੰ ਲੱਗ ਜਾਂਦੀ ਹੈ। ਜਿਹੜਾ ਬੋਰ ਵਰਤੋਂ ਵਿੱਚ ਨਾ ਹੈ ਤੇ ਨਾ ਹੋਣਾ ਹੈ, ਉਸ ਨੂੰ ਪੱਕੇ ਤੌਰ 'ਤੇ ਬੰਦ ਨਾ ਕਰਨਾ ਦੱਸਦਾ ਹੈ ਕਿ ਹੋਰ ਤਾਂ ਹੋਰ, ਅਸੀਂ ਚੰਗੇ ਮਾਪੇ ਵੀ ਨਹੀਂ। ਹਾਦਸਾ ਬੇਸ਼ੱਕ, ਕਦੀ ਤੇ ਕਿਤੇ ਵੀ ਵਾਪਰ ਸਕਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਕਿਸੇ ਭਾਵੀ ਦੁਰਘਟਨਾ ਦਾ ਹੱਲ ਨਾ ਲੱਭੀਏ। ਹਰ ਮਾਮਲੇ ਵਿੱਚ ਅਸੀਂ ਸਿਰੇ ਦੀ ਅਣਗਹਿਲੀ ਵਰਤਦੇ ਹਾਂ, ਬਲਕਿ ਇਸ ਗੱਲ ਲਈ ਅਸੀਂ ਮਸ਼ਹੂਰ ਹੋ ਚੁੱਕੇ ਹਾਂ।





ਅਸੀਂ ਨਹੀਂ ਜਾਣਦੇ ਕਿ ਸਾਡੀਆਂ ਗਲਤੀਆਂ, ਭੁੱਲਾਂ ਤੇ ਭੁਲੇਖਿਆਂ ਦੀ ਸਜ਼ਾ ਵੀ ਸਾਨੂੰ ਅਤੇ ਸਾਡੇ ਨੰਨ੍ਹੇ ਬੱਚਿਆਂ ਨੂੰ ਭੁਗਤਣੀ ਪੈਣੀ ਅਤੇ ਪੈਂਦੀ ਹੈ। ਕਹਿਣ ਨੂੰ ਸਾਰੇ ਇਹੀ ਕਹਿਣਗੇ ਕਿ ਇਹ ਹੋਣੀ ਇਥੇ ਵਾਪਰਨੀ ਸੀ, ਪਰ ਇਹੋ ਜਿਹੀਆਂ ਦਲੀਲਾਂ ਸਾਡੀ ਹਊ ਪਰੇ ਦੀ ਮਾਰੂ ਸੋਚ ਅਤੇ ਆਦਤ ਨੂੰ ਢੱਕਣ ਦਾ ਹੀ ਕੋਝਾ ਯਤਨ ਹਨ।

ਭਗਵਾਨਪੁਰ ਵਿਖੇ ਫਤਹਿਵੀਰ ਨੂੰ ਬਚਾਉਣ ਲਈ ਕੀਤੇ ਜਾਂਦੇ ਯਤਨਾਂ ਨੂੰ ਦੇਖ ਕੇ ਅਹਿਮਦ ਨਦੀਮ ਕਾਸਮੀ ਦੀ ਕਹਾਣੀ 'ਪੁੰਨ' ਚੇਤੇ ਆਈ ਜਿਸ ਵਿੱਚ ਕਿਸੇ ਗਰੀਬਣੀ ਦਾ ਬੇਟਾ ਖੂਹ ਵਿੱਚ ਡਿੱਗ ਜਾਂਦਾ ਹੈ। ਉਸ ਨੂੰ ਬਾਹਰ ਕੱਢਣ ਲਈ ਵਿਚਾਰੇ ਕੰਮੀਂ ਕਮੀਣ ਗਰੀਬ ਗੁਰਬੇ ਲੋਕ ਬਿਨਾ ਕਹੇ ਦੱਸੇ ਖੂਹ ਵੱਲ ਦੌੜੇ ਆਉਂਦੇ ਹਨ ਤੇ ਬੱਚੇ ਨੂੰ ਖੂਹ ਵਿੱਚੋਂ ਬਾਹਰ ਕੱਢਣ ਲਈ ਸਿਰ ਤੋੜ ਯਤਨ ਕਰਦੇ ਹਨ। ਪਿੰਡ ਦਾ ਲੰਬਰਦਾਰ ਚੌਧਰੀ ਵੀ ਜਾਂਦਾ ਤੇ ਪਿੰਡ ਦੇ ਲੋਕਾਂ ਨੂੰ ਖੂਹ ਵਿੱਚੋਂ ਗੰਦਾ ਪਾਣੀ ਕੱਢਣ ਦੀ ਬੇਗਾਰ ਪਾਉਂਦਾ ਹੈ ਤੇ ਨਾਲ ਆਖਦਾ ਹੈ ਕਿ ਖੂਹ ਦਾ ਭਿੱਟਿਆ ਪਾਣੀ ਬਾਹਰ ਕੱਢਣਾ ਪੁੰਨ ਦਾ ਕੰਮ ਹੈ। ਆਪਣੇ ਬੱਚੇ ਦਾ ਜਿਉਂਦਾ ਨਿਕਲ ਆਉਣ ਦੀ ਆਸ ਵਿੱਚ ਬੈਠੀ ਗਰੀਬਣੀ ਮਾਂ ਦੇ ਸਾਹਮਣੇ ਹੀ ਪੱਥਰ ਦਿਲ ਚੌਧਰੀ ਖੂਹ ਵਿੱਚ ਡਿੱਗੇ ਬੱਚੇ ਲਈ 'ਲਾਸ਼' ਸ਼ਬਦ ਦਾ ਇਸਤੇਮਾਲ ਕਰਦਾ ਹੈ।

ਅੱਜ ਇਸ ਹਾਦਸੇ ਨੇ ਇਹ ਵੀ ਦੱਸ ਦਿੱਤਾ ਹੈ ਕਿ ਨਕਲੀ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਯੁੱਗ ਵਿੱਚ ਅਸੀਂ ਅਜੇ ਰੱਸੀਆਂ, ਕੁੰਡੀਆਂ ਤੇ ਬਾਲਟੀਆਂ ਨਾਲ ਕੰਮ ਚਲਾਉਂਦੇ ਹਾਂ ਤੇ ਟੈਕਨਾਲੋਜੀ ਦੇ ਖੇਤਰ ਵਿੱਚ ਅਸੀਂ ਅਜੇ ਵੀ ਰੱਸੇ ਰੱਸੀਆਂ ਖਿੱਚਣ ਜੋਗੇ ਹਾਂ। ਦੂਜੇ ਲੋਕ ਚੰਦ ਉਤੇ ਪੱਕੇ ਵਸੇਬੇ ਦੀਆਂ ਵਿਉਂਤਾਂ ਬਣਾ ਰਹੇ ਹਨ ਤੇ ਸਾਨੂੰ ਸੌ ਸਵਾ ਸੌ ਫੁੱਟ ਧਰਤੀ ਵਿੱਚ ਉਤਰ ਕੇ ਮਾਸੂਮ ਜਾਨ ਤੱਕ ਜਾਣ ਲਈ ਪੰਜ ਰਾਤਾਂ ਤੇ ਛੇ ਦਿਨ ਚਾਹੀਦੇ ਹਨ। ਅਖੀਰ ਬੋਰਵੈਲ ਵਿੱਚ ਡਿੱਗੇ ਬੱਚੇ ਨੂੰ ਛੇਵੇਂ ਦਿਨ ਉਸੇ ਤਰ੍ਹਾਂ ਬਾਹਰ ਕੱਢਦੇ ਹਾਂ, ਜਿਵੇਂ ਸੱਤਰ ਸਾਲ ਪਹਿਲਾਂ ਕੁੰਡੇ ਕੁੰਡੀਆਂ ਨਾਲ ਖੂਹ ਵਿੱਚ ਡਿੱਗਿਆ ਹੋਇਆਂ ਡੋਲ ਕੱਢਿਆ ਜਾਂਦਾ ਸੀ।

ਫਤਹਿਵੀਰ ਦੀ ਬੁਰੀ ਕਿਸਮਤ ਨੂੰ ਚੋਣਾਂ ਪਿਛਲੇ ਮਹੀਨੇ ਹੋ ਕੇ ਹਟੀਆਂ ਸਨ। ਜੇ ਕਿਤੇ ਇਹੀ ਚੋਣਾਂ ਅਜੇ ਹੋਣੀਆਂ ਹੁੰਦੀਆਂ ਤਾਂ ਪ੍ਰਧਾਨ ਮੰਤਰੀ ਤੱਕ ਲੋਕਾਂ ਨੇ ਭਗਵਾਨਪੁਰ ਆ ਕੇ ਸਿਰ ਉਤੇ ਤਸਲੇ ਚੁੱਕ ਲੈਣੇ ਸਨ ਤੇ ਦੇਸ਼ ਦੀਆਂ ਵੱਡੀਆਂ ਅਖਬਾਰਾਂ ਵਿੱਚ ਫੋਟੋਆਂ ਛਪਣੀਆਂ ਸਨ। ਵੱਡੇ ਚੈਨਲਾਂ ਨੇ ਇੰਨੀ ਹਾਲ ਪਾਰ੍ਹਿਆ ਮਚਾ ਦੇਣੀ ਸੀ ਕਿ ਫਤਹਿਵੀਰ ਨੂੰ ਬਚਾ ਲਿਆ ਜਾਣਾ ਸੀ। ਫਤਹਿਵੀਰ ਦਾ ਬੋਰਵੈਲ ਵਿੱਚ ਡਿੱਗਣਾ, ਉਸ ਨੂੰ ਜਲਦੀ ਨਾ ਕੱਢ ਸਕਣਾ ਅਤੇ ਨਾ ਬਚਾ ਸਕਣਾ ਸਾਡੇ ਪੂਰੇ ਦੇਸ਼ ਉਤੇ ਸਵਾਲੀਆ ਚਿੰਨ੍ਹ ਲਾ ਗਿਆ ਹੈ। ਵੋਟਾਂ ਲੈਣ ਵਾਲੇ, ਪਾਉਣ ਵਾਲੇ ਤੇ ਨਾ ਪਾਉਣ ਵਾਲੇ ਵੀ ਇਸ ਜਾਨਲੇਵਾ ਅਣਗਹਿਲੀ ਦੇ ਭਾਈਵਾਲ ਹਨ। ਇਸ ਵਕਤ ਸਾਡੇ ਕੋਲ ਮਾਤਮ ਮਨਾਉਣ ਤੋਂ ਬਿਨਾ ਕੋਈ ਚਾਰਾ ਨਹੀਂ ਹੈ।

ਫਤਹਿਵੀਰ ਦਾ ਸੋਗ ਹੋਣੀ ਨਹੀਂ, ਅਣਹੋਣੀ ਹੈ, ਮਾਤਮ ਦੇ ਨਾਲ ਸਾਨੂੰ ਇਸ ਦੀ ਚਿੰਤਾ ਜ਼ਰੂਰ ਕਰਨੀ ਚਾਹੀਦੀ ਹੈ। ਚਿੰਤਾ ਦਾ ਹੱਲ ਚਿੰਤਨ ਵਿੱਚੋਂ ਨਿਕਲਦਾ ਹੈ, ਧਰਨੇ, ਤੋੜ ਭੰਨ, ਜਲਸਿਆਂ ਜਾਂ ਭਾਸ਼ਨਾਂ ਵਿੱਚੋਂ ਨਹੀਂ। ਫਤਹਿਵੀਰ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਸਾਨੂੰ ਉਸ ਮਾਰੂ ਬੋਰਵੈਲ ਦੇ ਦਰਸ਼ਨ ਕਰਵਾ ਦਿੱਤੇ, ਜਿਸ ਵਿੱਚ ਸਾਰਾ ਭਾਰਤ ਡਿੱਗਿਆ ਹੋਇਆ ਹੈ। ਨੈਤਿਕ ਅਤੇ ਇਮਾਨਦਾਰਾਨਾ ਚਿੰਤਨ ਤੋਂ ਇਲਾਵਾ ਇਸ ਦਾ ਕੋਈ ਹੱਲ ਨਹੀਂ ਹੈ।

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8




OUR PROUD MEDIA PARTNER ਪੰਜਾਬੀ ਪੋਸਟ Canadian Punjabi Post

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
◦ General Labour
◦ AZ-DZ Drivers
◦ Machine Operators
◦ Machine Mechanic
◦ Millwright's
◦ Shift Supervisor
◦ Forklift Driver
◦ Office Admin
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਯਾਤਰਾ ਬੜੂ ਸਾਹਿਬ ਅਕਾਲ ਅਕੈਡਮੀ

ਮੋਹਨ ਸਿੰਘ ਵਿਰਕ
ਸਿਡਨੀ, ਆਸਟ੍ਰੇਲੀਆ।
ਫੋਨ: +61409660701

ਸਵੇਰ ਦੀ ਚਾਹ ਦੀਆਂ ਚੁਸਕੀਆਂ ਦਾ ਆਨੰਦ ਲੈ ਹੀ ਰਹੇ ਸੀ ਕਿ ਸਾਡੇ ਛੋਟੇ ਵੀਰ, ਸ. ਰਣਜੀਤ ਸਿੰਘ ਗਿੱਲ ਜੀ ਦਾ ਫ਼ੋਨ ਆ ਗਿਆ, "ਅਸੀਂ ਤੁਹਾਡੇ ਘਰ ਆ ਰਹੇ ਹਾਂ। ਇਕ ਜਰੂਰੀ ਸਲਾਹ ਕਰਨੀ ਹੈ।" "ਆ ਜਾਓ ਜਨਾਬ ਅਸੀਂ ਘਰ ਹੀ ਹਾਂ।" ਥੋਹੜੇ ਸਮੇ ਬਾਅਦ ਹੀ ਉਹ ਆਪਣੀ ਪਤਨੀ, ਬੀਬਾ ਜੀ ਗੁਰਮੀਤ ਕੌਰ ਸਮੇਤ ਆ ਪਧਾਰੇ। ਚਾਹ ਪਾਣੀ ਤੋਂ ਬਾਅਦ ਗੁਰਮੀਤ ਕੌਰ ਜੀ ਨੇ ਗੁਰਦੁਆਰਾ ਬੜੂ ਸਾਹਿਬ ਅਕਾਲ ਅਕੈਡਮੀ ਦੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ, ਜੋ ਕਿ ਸਰਬਸੰਮਤੀ ਨਾਲ ਪ੍ਰਵਾਨ ਹੋ ਗਈ। ਅਗਲੇ ਦਿਨ ੨੫.੫.੧੯ ਨੂੰ ਬੜੂ ਸਾਹਿਬ ਜਾਣ ਦਾ ਪ੍ਰੋਗਰਾਮ ਤਹਿ ਹੋ ਗਿਆ। ਓਸੇ ਵਕਤ ਆਪਣੇ ਪੱਕੇ ਟੈਕਸੀ ਡਰਾਈਵਰ, ਸ. ਕਰਨੈਲ ਸਿੰਘ ਜੀ ਨੂੰ ਫ਼ੋਨ ਕੀਤਾ ਗਿਆ ਅਤੇ ਉਸ ਨੂੰ ਕਲ੍ਹ ਬੜੂ ਸਾਹਿਬ ਜਾਣ ਲਈ ਕਿਹਾ ਗਿਆ। ਉਹ ਵੀ ਇਤਫਾਕ ਨਾਲ ਵੇਹਲੇ ਹੀ ਸਨ ਤੇ ਪ੍ਰੋਗਰਾਮ ਤਹਿ ਹੋ ਗਿਆ।

ਅੱਜ ੨੫.੫.੧੯ ਦਿਨ ਐਤਵਾਰ ਅਸੀਂ ਚਾਰੇ ਜਣੇ, ਭਾਵ ਮੈਂ, ਮੇਰੀ ਪਤਨੀ ਜੋਗਿੰਦਰ ਕੌਰ ਵਿਰਕ, ਸ. ਰਣਜੀਤ ਸਿੰਘ ਜੀ ਗਿੱਲ ਅਤੇ ਉਹਨਾਂ ਦੇ ਪਤਨੀ ਗੁਰਮੀਤ ਕੌਰ ਗਿੱਲ, ਸਵੇਰੇ ਪੰਜ ਵਜੇ ਤਿਆਰ ਹੋ ਗਏ। ਮਿਥੇ ਹੋਏ ਸਮੇ ਤੇ ਸ. ਕਰਨੈਲ ਸਿੰਘ ਟੈਕਸੀ ਲੈ ਕੇ ਆ ਗਏ। ਫ਼ਤਿਹ ਦਾ ਜੈਕਾਰਾ ਛੱਡਿਆ ਤੇ ਸਫਰ ਸ਼ੁਰੂ ਹੋ ਗਿਆ।

ਸਭ ਤੋਂ ਪਹਿਲਾਂ ਪਟਿਆਲੇ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਦਰਸ਼ਨ ਕਰਕੇ ਰਾਜਪੁਰਾ ਰੋਡ ਤੇ ਚੱਲ ਪਏ। ਚੰਡੀਗੜ੍ਹ ਇਕ ਘੰਟੇ ਵਿੱਚ ਪਹੁੰਚ ਗਏ। ਓਥੋਂ ਸ਼ਿਮਲਾ ਜਾਣ ਵਾਲ਼ੇ ਹਾਈਵੇ ਤੇ ਚਾਲੇ ਪਾ ਦਿਤੇ। ਲਗ ਭਗ ਇਕ ਘੰਟੇ ਦਾ ਸੁਹਾਵਣਾ ਸਫਰ ਤਹਿ ਕਰਕੇ ਪੰਚਕੂਲਾ, ਪੰਜੌਰ ਵਿਚੋਂ ਲੰਘਦੇ ਹੋਏ, ਕਸੌਲੀ ਪਹੁੰਚ ਗਏ। ਓਥੇ ਇਕ ਖ਼ੂਬਸੂਰਤ ਪੰਜਾਬੀ ਰੈਸਟੋਰੈਂਟ ਵਿੱਚ ਨਾਸ਼ਤਾ ਕੀਤਾ। ਕੁਝ ਫੋਟੋਗਰਾਫ਼ ਲਏ ਗਏ ਤੇ ਅਗਲਾ ਸਫ਼ਰ ਫਿਰ ਸ਼ੁਰੂ ਹੋ ਗਿਆ।

ਕਸੌਲੀ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਚੁੱਕਾ ਸੀ ਜੋ ਕਿ ਬਹੁਤ ਹੀ ਖ਼ੂਬਸੂਰਤ ਦਰਿਸ਼ ਪੇਸ਼ ਕਰ ਰਿਹਾ ਸੀ ਜਿਸ ਦਾ ਭਰਪੂਰ ਆਨੰਦ ਮਾਣਦੇ ਹੋਏ ਸਫ਼ਰ ਅੱਗੇ ਵਧਦਾ ਗਿਆ। ਗਿੱਲ ਸਾਹਿਬ, ਆਦਤ ਤੋਂ ਮਜਬੂਰ, ਕਰਨੈਲ ਸਿੰਘ ਨੂੰ ਸਾਵਧਾਨੀ ਵੱਜੋਂ ਤਰ੍ਹਾਂ ਤਰ੍ਹਾਂ ਦੀਆਂ ਹਿਦਾਇਤਾਂ ਦੇ ਰਹੇ ਸਨ। ਕਿਉਂਕੇ ਉਹ ਆਪ ਸਾਰੀ ਉਮਰ ਮਰਚੈਂਟ ਨੇਵੀ ਦੇ ਜਹਾਜਾਂ ਵਿੱਚ ਬਤੌਰ ਚੀਫ ਇੰਜੀਨੀਅਰ ਸੇਵਾ ਨਿਭਾ ਚੁਕੇ ਹਨ। ਇਸ ਕਰਕੇ ਅਫ਼ਸਰੀ ਅੰਦਾਜ਼ ਨਾਲ ਉਹ ਡਰਾਈਵਰ ਨੂੰ, ਸੇਫਟੀ ਵੱਜੋਂ ਸਾਵਧਾਨ ਕਰ ਰਹੇ ਸਨ। ਇਸ ਪਹਾੜੀ ਇਲਾਕੇ ਦੇ ਖ਼ੂਬਸੂਰਤ ਰਸਤੇ ਦਾ ਅਨੰਦ ਮਾਣਦੇ ਹੋਏ ਸਫਰ ਬਹੁਤ ਹੀ ਸੁਹਾਵਣਾ ਚੱਲ ਰਿਹਾ ਸੀ। ਸੜਕ ਦੇ ਇਕ ਪਾਸੇ ਉਚੇ ਉਚੇ ਪਹਾੜ, ਦੂਸਰੇ ਪਾਸੇ ਬਹੁਤ ਹੀ ਡੂੰਘੀਆਂ ਖਾਈਆਂ ਦੇ ਨਾਲ ਨਾਲ ਹੁੰਦੇ ਹੋਏ, ਸੜਕ ਸੱਪ ਵਾਂਗ ਵਲ਼ ਖਾਂਦੀ ਹੋਈ, ਉਚੇ ਨੀਵੇਂ ਰਸਤਿਆਂ ਵਿੱਚੋਂ ਲੰਘਦੀ ਹੋਈ, ਪਹਾੜਾਂ ਦੀਆਂ ਵੈਲੀਆਂ ਦਾ ਖ਼ੂਬਸੂਰਤ ਦਰਿਸ਼ ਪੇਸ਼ ਕਰ ਰਹੀ ਸੀ, ਜਿਸ ਦਾ ਅਸੀਂ ਸਾਰੇ ਭਰਪੂਰ ਆਨੰਦ ਮਣ ਰਹੇ ਸਾਂ।

ਲਓ ਜੀ, ਅਸੀਂ ਹੁਣ ਹੱਸਦੇ ਖੇਡਦੇ, ਗੱਪ ਸ਼ੱਪ ਲਗਾਉਂਦੇ ਹੋਏ ਸੋਲਣ ਪਹੁੰਚ ਗਏ ਹਾਂ। ਏਥੇ ਫਿਰ ਇਕ ਛੋਟੀ ਜਿਹੀ ਬਰੇਕ ਲਈ। ਇਕ ਸੋਹਣੇ ਪੰਜਾਬੀ ਢਾਬੇ ਵਿੱਚ ਲੋੜ ਅਨੁਸਾਰ ਖਾਧਾ ਪੀਤਾ ਤੇ ਫਿਰ ਅਗਲਾ ਸਫ਼ਰ ਸ਼ੁਰੂ ਹੋ ਗਿਆ।

ਸੋਲਣ ਤੋਂ ਹੀ ਠੰਡੇ ਵਾਤਾਵਰਨ ਵਿੱਚ ਸਰੀਰ ਅਨੋਖਾ ਆਨੰਦ ਅਨੁਭਵ ਕਰ ਰਿਹਾ ਸੀ। ਠੰਡੀ ਰਮਣੀਕ ਹਵਾ ਸਾਨੂੰ, ਪੰਜਾਬ ਦੇ ਉਬ਼ਲਦੇ ਹੋਏ ਗਰਮ ਵਾਤਾਵਰਨ ਤੋਂ ਦੂਰ ਲਿਜਾ ਰਹੀ ਸੀ। ਸਾਰੇ ਚੁੱਪ ਕਰਕੇ ਬੈਠੇ ਸਨ ਕਿ ਅਚਾਨਕ ਗੁਰਮੀਤ ਕੌਰ ਨੇ ਚੁੱਪੀ ਤੋੜਦੇ ਹੋਏ, ਪਹਾੜਾਂ ਦੀ ਖ਼ੂਬਸੂਰਤੀ ਵੱਲ ਧਿਆਨ ਦਿਵਾਉਂਦੇ ਹੋਏ ਖੁਸ਼ੀ ਦਾ ਇਜ਼ਹਾਰ ਕੀਤਾ। ਕਰਨੈਲ ਸਿੰਘ ਵੀ ਕਾਫੀ ਗੱਲਾਂ ਦਾ ਗਲਾਧੜੀ ਸਾਬਤ ਹੋਇਆ। ਉਸ ਨੇ ਕਈ ਤਰ੍ਹਾਂ ਦੇ ਚੁਟਕਲੇ ਅਤੇ ਹਾਸ ਰਸ ਦੀਆਂ ਗੱਲਾਂ ਸੁਣਾ ਸੁਣਾ ਢਿਡੀਂ ਪੀੜਾਂ ਪਾ ਦਿਤੀਆਂ। ਇਉਂ ਮਾਹੌਲ ਰੰਗੀਨ ਕਰ ਦਿਤਾ। ਬੱਸ ਫਿਰ ਕੀ ਸੀ! ਬੀਬੀਆਂ ਵੀ ਕਿਉਂ ਪਿੱਛੇ ਰਹਿ ਜਾਣ! ਦੋਹਾਂ ਨੇ ਆਪਣੇ ਅੰਦਾਜ਼ ਨਾਲ ਰੰਗ ਬੰਨ੍ਹ ਦਿਤਾ। ਇਸ ਤਰ੍ਹਾਂ ਇਹ ਹੱਸਦਿਆਂ ਖੇਡਦਿਆਂ ਸਫ਼ਰ ਤਹਿ ਕਰਕੇ, ਅਸੀ ਧਰਮ ਗੜ੍ਹ ਪਹੁੰਚ ਗਏ।

ਧਰਮ ਗੜ੍ਹ ਤੋਂ ਬੜੂ ਸਾਹਿਬ ਦਾ ਸਫਰ ਕੋਈ ਚਾਲ਼ੀ ਪੰਜਾਹ ਕਿ.ਮੀ. ਦੀ ਦੂਰੀ 'ਤੇ ਹੈ। ਏਥੋਂ ਇਕ ਲਿੰਕ ਰੋਡ ਨਿਕਲਦੀ ਹੈ ਜੋ ਕਿ ਬੜੂ ਸਾਹਿਬ ਵੱਲ ਜਾਂਦੀ ਹੈ। ਕਿਉਂਕਿ ਸਫਰ ਚੜ੍ਹਾਈ ਵੱਲ ਚੱਲ ਰਿਹਾ ਸੀ। ਸੜਕ ਦੀ ਹਾਲਤ ਵੀ ਏਨੀ ਚੰਗੀ ਨਾ ਹੋਣ ਕਰਕੇ, ਕਾਰ ਦੀ ਰਫ਼ਤਾਰ ਤੀਹ ਪੈਂਤੀ ਕਿ.ਮੀ. ਤੋਂ ਵੱਧ ਨਹੀਂ ਸੀ ਜਾ ਸਕਦੀ। ਰਸਤਾ ਖ਼ੂਬਸੂਰਤ ਹੋਣ ਕਰਕੇ ਇਹ ਸਫਰ ਆਰਾਮ ਨਾਲ ਗੁਜ਼ਰ ਰਿਹਾ ਸੀ। ਸਫ਼ਰ ਸਾਨੂੰ ਪਲ ਪਲ ਬੜੂ ਸਾਹਿਬ ਦੇ ਕਰੀਬ ਲੈ ਜਾ ਰਿਹਾ ਸੀ। ਦਰਸ਼ਨਾਂ ਦੀ ਤਾਂਘ ਹੋਰ ਵੀ ਵਧ ਰਹੀ ਸੀ। ਸਫਰ ਭਾਵੇਂ ਉਭੜ ਖਾਭੜ ਸੀ ਪਰ ਕਹਾਵਤ ਹੈ, "ਉਖ਼ਲੀ ਵਿੱਚ ਸਿਰ ਦਿਤਾ ਤਾਂ ਮੋਹਲ਼ਿਆਂ ਦਾ ਕੀ ਡਰ?" ਸਫਰ ਚੱਲਦਾ ਰਿਹਾ ਤੇ ਅਸੀਂ ਬੜੂ ਸਾਹਿਬ ਦੇ ਕਰੀਬ ਹੁੰਦੇ ਗਏ। ਆਖਰ ਬੜੂ ਸਾਹਿਬ ਦਾ ਸਾਈਨ ਬੋਰਡ ਵੇਖ ਕੇ ਸਾਰੇ ਖੁਸ਼ ਹੋ ਗਏ। ਕਹਿੰਦੇ ਹਨ, "ਉਤਾਵ਼ਲਾ ਸੋ ਬਾਵ਼ਲਾ।" ਜਾਂ ਇਹ ਕਹਿ ਲਵੋ, "ਕਾਹ਼ਲੀ ਅੱਗੇ ਟੋਏ।" ਕਰਨੈਲ ਸਿੰਘ ਬੜੂ ਸਾਹਿਬ ਜਾਣ ਦੀ ਬਜਾਏ ਕਾਰ ਸਿਧੀ ਕੱਢ ਕੇ ਲੈ ਗਿਆ। ਅਸੀਂ ਵੀ ਕੋਈ ਧਿਅਨ ਨਾ ਦਿਤਾ ਤੇ ਸਫਰ ਚੱਲਦਾ ਰਿਹਾ। ਹਾਲੀ ਚਾਰ-ਪੰਜ ਕਿ.ਮੀ. ਹੀ ਗਏ ਹੋਵਾਂਗੇ ਕਿ ਸੜਕ ਦੇ ਵਿੱਚਕਾਰ ਇਕ ਅਜੀਬ ਕ੍ਰਿਸ਼ਮਾ ਵੇਖਣ ਨੂੰ ਮਿਲਿਆ। ਸ਼ਾਇਦ ਏਸੇ ਵਾਸਤੇ ਹੀ ਅਸੀਂ ਗ਼ਲਤ ਰਸਤੇ ਚੱਲ ਰਹੇ ਸੀ।

ਹੋਇਆ ਇੰਜ ਕਿ ਮੇਰੀ ਘਰਵਾਲ਼ੀ ਨੇ ਉਚੀ ਅਤੇ ਥਿੜਕਦੀ ਆਵਾਜ਼ ਵਿੱਚ ਕਿਹਾ, "ਹਾਏ ਸੱਪ!" ਸਭ ਦਾ ਧਿਆਨ ਸੜਕ ਵੱਲ ਚਲਿਆ ਗਿਆ। ਕੀ ਵੇਖਦੇ ਹਾਂ ਕਿ ਠੀਕ ਸੜਕ ਦੇ ਵਿਚਕਾਰ ਇਕ ਸਰਪ ਦਾ ਜੋੜਾ, ਸੱਪ ਅਤੇ ਸੱਪਣੀ ਜੋ ਕਿ ੨ ਮੀਟਰ ਲੰਬਾਈ ਤੋਂ ਘੱਟ ਨਹੀ ਹੋਣਗੇ। ਰੰਗ ਕਾ਼ਲਾ ਸ਼ਾਹ, ਵਲੈਂਗੜੇ ਖਾਂਦੇ ਹੋਏ, ਸੜਕ ਦੇ ਵਿਚਕਾਰ, ਜ਼ਮੀਨ ਤੋਂ ਕੋਈ ਇਕ ਫੁੱਟ ਉਚੇ ਫੰਨ੍ਹ ਫੈਲਾਈ, ਇਕ ਦੂਜੇ ਦੇ ਮੂੰਹ ਵੱਲ ਮੂੰਹ ਕਰਕੇ, ਅੱਖਾਂ ਵਿੱਚ ਅੱਖਾਂ ਪਾਈ, ਦੀਨ ਦੁਨੀਆਂ ਤੋਂ ਬੇਖ਼ਬਰ ਤੇ ਬੇਖੌਫ, ਦਾਸਤਾਨੇ ਮੁਹੱਬਤ ਦਾ ਇਜ਼ਹਾਰ ਕਰਦੇ ਹੋਏ, ਡਰੇ ਨਹੀਂ ਤੇ ਹਿੱਲੇ ਤੱਕ ਵੀ ਨਹੀਂ। ਪ੍ਰੇਮ ਭਰੀਆਂ ਨਜ਼ਰਾਂ ਨਾਲ ਮਸਤੀ ਭਰੀ ਪੀਂਘ ਉਤੇ ਬੈਠੇ, ਪਿਆਰ ਦਾ ਆਨੰਦ ਮਾਣਦੇ ਹੋਏ, ਅਡੋਲਤਾ ਵਿੱਚ ਬੈਠੇ ਰਹੇ। ਜਿਵੇਂ ਕਿ ਸੌਣ ਦੇ ਮਹੀਨੇ ਵਿੱਚ ਪੀਘਾਂ ਝੂਟਦੀਆਂ ਮੁਟਿਆਰਾਂ ਵੀ ਬੇਖੌਫ ਹੋ ਕੇ ਪੀਂਘ ਦਾ ਅਨੰਦ ਮਾਣਦੀਆਂ ਹਨ। ਉਹਨਾਂ ਦੀ ਇਹ ਅਨੋਖੀ ਮੁਹੱਬਤ ਵੇਖ ਕੇ ਸਲੀਮ ਅਨਾਰਕਲੀ ਦੀ ਯਾਦ ਤਾਜਾ ਹੋ ਗਈ। ਇਹ ਸਭ ਕੁਝ ਅੱਖ ਦੇ ਪਲਕਾਰੇ ਵਿੱਚ ਹੀ ਹੋ ਗਿਆ। ਕਰਨੈਲ ਸਿੰਘ ਨੇ ਕਾਰ ਇਕ ਪਾਸੇ ਕਰਕੇ ਪਾਰਕ ਕਰ ਦਿਤੀ।

ਮੈਂ ਫੁਰਤੀ ਨਾਲ ਕਾਰ ਤੋਂ ਬਾਹਰ ਨਿਕਲਿਆ ਤਾਂ ਕੀ ਦੇਖਦਾ ਹਾਂ ਕਿ ਓਥੇ ਕੁਝ ਵੀ ਨਹੀ ਸੀ। ਉਹ ਬੇਖੌਫ ਪਰੇਮੀਆਂ ਦਾ ਜੋੜਾ ਅਲੋਪ ਹੋ ਚੁਕਾ ਸੀ। "ਰੱਖੇ ਰਬ ਤੇ ਮਾਰੇ ਕੌਣ?" ਮੈਂ ਇਸ ਚਮਤਕਾਰੀ ਗੁੱਥੀ ਨੂੰ ਸੁਲਝਾਉਣ ਦੇ ਚੱਕਰ ਵਿੱਚ ਪਤਾ ਨਹੀ ਕੇਹੜੀ ਦੁਨੀਆਂ ਵਿੱਚ ਪਹੁੰਚ ਗਿਆ! ਅਚਾਨਕ ਕਰਨੈਲ ਸਿੰਘ ਨੇ ਮੇਰੇ ਮੋਢੇ ਤੇ ਹੱਥ ਰੱਖ ਕੇ ਕਿਹਾ, "ਮੁੜ ਆਓ ਵਿਰਕ ਸਾਹਿਬ, ਏਥੇ ਹੁਣ ਕੁਝ ਵੀ ਨਹੀਂ ਹੈ। ਮੈਂ ਨਿਮੋਝੂਣੀ ਜਹੀ ਹਾਲਤ ਵਿੱਚ ਕਾਰ ਵਿੱਚ ਆ ਕੇ ਬੈਠ ਗਿਆ। ਉਹਨਾਂ ਦੋ ਪ੍ਰੇਮੀਆਂ ਦੀ ਪਰੇਮ ਭਰੀ ਗੁੱਥੀ ਨੂੰ ਸੁਲਝਾਉਣ ਦਾ ਯਤਨ ਕਰਦਾ ਰਿਹਾ। ਮੈਂ ਸਮਝ ਗਿਆ ਕਿ ਅਸੀਂ ਇਹ ਅਜੀਬ ਜਿਹਾ ਦਰਿਸ਼ ਵੇਖਣ ਵਾਸਤੇ ਹੀ ਗਲਤ ਰਸਤੇ ਪੈ ਗਏ ਸੀ।

ਕਾਰ ਫਿਰ ਵਾਪਸ ਬੜੂ ਸਾਹਿਬ ਵੱਲ ਮੋੜ ਲਈ। ਪੰਦਰਾਂ ਕੁ ਮਿੰਟਾਂ ਵਿੱਚ ਸਾਨੂੰ ਬੜੂ ਸਾਹਿਬ ਦਾ ਗੇਟ ਦਿਸ ਪਿਆ, ਜਿਸ ਉਤੇ ਲਿਖਿਆ ਹੋਇਆ ਸੀ 'ਅਕਾਲ ਅਕੈਡਮੀ, ਬੜੂ ਸਾਹਿਬ।' ਇਹ ਵੇਖ ਕੇ ਮਨ ਖੁਸ਼ ਹੋ ਗਿਆ। ਇਹ ਪੂਰੇ ਦਾ ਪੂਰਾ ਕੰਪਲੈਕਸ, ਪੂਰੀ ਤਰ੍ਹਾਂ ਪਹਾੜੀਆਂ ਨਾਲ ਘਿਰਿਆ ਹੋਇਆ ਸੀ। ਸੁੰਦਰ ਸੂਰਤ ਵਾਲ਼ੀਆਂ ਵਾਦੀਆਂ ਵਿੱਚ ਵਿਸ਼ਾਲ ਇਮਾਰਤਾਂ ਨਾਲ ਸੁਸ਼ੋਭਤ ਇਸ ਅਕੈਡਮੀ ਦੀਆਂ ਉਚੀਆਂ ਉਚੀਆਂ ਇਮਾਰਤਾਂ, ਬਾਗ ਬਗੀਚੇ ਦੀ ਸੁੰਦਰਤਾ ਅਤੇ ਉਤੋਂ ਠੰਡਕ ਭਰੀ ਤਾਸੀਰ, ਏਨੀ ਮਨਮੋਹਕ ਸੀ ਕਿ ਮਨ ਬਾਗੋ ਬਾਗ ਹੋ ਗਿਆ। ਕੁਦਰਤ ਵਾਲੇ ਦੀ ਇਹ ਅਨੋਖੀ ਸੁੰਦਰਤਾ ਭਰੀ ਦੇਣ ਨੂੰ ਵੇਖ ਕੇ ਗੁਰੂ ਸਾਹਿਬਾਂ ਦੇ ਪਵਿਤਰ ਬਚਨ ਸੁਭਾਵਕ ਹੀ ਯਾਦ ਆ ਗਏ:

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤ ਨ ਜਾਈ ਲਖਿਆ॥

ਏਨੇ ਨੂੰ ਕਰਨੈਲ ਸਿੰਘ ਨੇ ਕਾਰ ਪੁੱਛ ਗਿੱਛ ਦਫਤਰ ਅਗੇ ਪਾਰਕ ਕਰ ਦਿਤੀ। ਮੈਂ ਅਤੇ ਗਿੱਲ ਸਾਹਿਬ ਨੇ ਕਾਰ ਤੋਂ ਥ਼ੱਲੇ ਉਤਰ ਕੇ ਉਸ ਦਫਤਰ ਵਿੱਚ ਜਾ ਫ਼ਤਿਹ ਬੁਲਾਈ। ਡਿਊਟੀ 'ਤੇ ਬੈਠੇ ਸੇਵਾਦਾਰ ਜੀ ਨੂੰ ਬੇਨਤੀ ਕੀਤੀ, "ਅਸੀ ਆਸਟ੍ਰੇਲੀਆ ਤੋਂ ਇਸ ਮਹਾਨ ਅਸਥਾਨ ਦੇ ਦਰਸ਼ਨ ਕਰਨ ਵਾਸਤੇ ਆਏ ਹਾਂ। ਕਿਰਪਾ ਕਰਕੇ ਸਾਨੂੰ ਇਕ ਰਾਤ ਵਾਸਤੇ ਰੈਣ ਬਸੇਰੇ ਵਾਸਤੇ ਕਮਰੇ ਦੇਣ ਦੀ ਕ੍ਰਿਪਾਲਤਾ ਕਰ ਦਿਓ।" ਉਹਨਾਂ ਨੇ ਬੜੀ ਨਿਮਰਤਾ ਨਾਲ ਸਹਿਯੋਗ ਦਿੰਦੇ ਹੋਏ ਕਾਗਜੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਸਾਨੂੰ ਕਮਰਾ ਨੰ. ੧੧੯ ਦੀ ਚਾਬੀ ਦੇ ਦਿਤੀ ਅਤੇ ਨਾਲ ਇਕ ਸੇਵਾਦਾਰ ਵੀ ਭੇਜ ਦਿਤਾ ਤਾਂ ਕਿ ਸਾਨੂੰ ਕਮਰਾ ਲੱਭਣ ਵਿੱਚ ਕੋਈ ਤਕਲੀਫ ਨਾ ਆਏ। ਗਰਾਊਂਡ ਫਲੋਰ 'ਤੇ ਇਹ ਮਾਡਰਨ ਕਮਰਾ ਲੋੜ ਅਨੁਸਾਰ ਹਰ ਤਰ੍ਹਾਂ ਦੀ ਸਹੂਲਤ ਨਾਲ ਸਜਿਆ ਹੋਇਆ ਸੀ। ਕਮਰੇ ਵਿੱਚ ਸਾਮਾਨ ਰੱਖ ਕੇ ਅਸੀਂ ਕੁਝ ਦੇਰ ਆਰਾਮ ਕੀਤਾ। ਫਿਰ ਵਾਰੋ ਵਾਰੀ ਸਭ ਨੇ ਇਸ਼ਨਾਨ ਕੀਤਾ। ਦਿਨ ਦੇ ੫ ਵੱਜ ਗਏ ਸਨ। ਵਿੰਡੋ ਖੋਹਲ ਕੇ ਵੇਖਿਆ, ਬਾਹਰ ਸੁੰਦਰ ਕੁਦਰਤੀ ਨਜਾਰੇ ਭਰਿਆ ਦਰਿਸ਼ ਨਜਰ ਆ ਰਿਹਾ ਸੀ। ਸੜਕ ਤੇ ਕਾਫੀ ਚਹਿਲ ਪਹਿਲ ਸੀ। ਚਿੱਟੇ ਰੰਗ ਦੀ ਇਕੋ ਜਹੀ ਵਰਦੀ ਵਿੱਚ ਓਥੋਂ ਦੇ ਬੱਚੇ ਆ ਜਾ ਰਹੇ ਸਨ। ਅਸੀਂ ਵੀ ਬਾਹਰ ਆ ਕੇ ਉਸ ਰੌਣਕ ਵਿੱਚ ਸ਼ਾਮਲ ਹੋ ਗਏ। ਪੂਰੇ ਦਾ ਪੂਰਾ ਕੰਪਲੈਕਸ ਆਪਣੀ ਸੁੰਦਰਤਾ ਦੀ ਮਿਸਾਲ ਖ਼ੁਦ ਹੀ ਸੀ, ਜਿਸ ਨੂੰ ਵੇਖ ਕੇ ਇੰਜ ਲੱਗਿਆ ਕਿ ਪ੍ਰਬੰਧਕਾਂ ਨੇ ਇਸ ਜਗ੍ਹਾ ਦਾ ਨਿਰਮਾਣ ਕਰਨ ਵੇਲੇ, ਇਸ ਥਾਂ ਦੀ ਖ਼ੂਬਸੂਰਤੀ ਨੂੰ ਹੋਰ ਵੀ ਵਧੇਰੇ ਪੇਸ਼ ਕਰਨ ਦਾ ਪੂਰਾ ਪੂਰਾ ਖਿਆਲ ਰਖਿਆ ਸੀ। ਖ਼ੂਬਸੂਰਤ ਸੜਕ ਦੇ ਇਕ ਪਾਸੇ ਉਚੇ ਉਚੇ ਪਹਾੜ ਨਾਲ ਲਗਦੇ ਰੰਗ ਬਰੰਗੇ ਫੁਲਾਂ ਦੀਆਂ ਸੁੰਦਰ ਕਿਆਰੀਆਂ ਦਿਸੀਆਂ ਸਨ ਜਿਨ੍ਹਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਹਰੇ ਭਰੇ ਬੂਟੇ ਅਤੇ ਕਈ ਤਰ੍ਹਾਂ ਦੇ ਖੁਸ਼ਬੂਦਾਰ ਸੁੰਦਰ ਫੁੱਲਾਂ ਨਾਲ ਲੱਦੇ ਹੋਏ, ਆਪਣੀ ਸੁਗੰਧ ਨਾਲ ਬਹੁਤ ਹੀ ਮਨ ਮੋਹਕ ਸਨ ਅਤੇ ਵਾਤਾਵਰਨ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ। ਦੂਸਰੇ ਪਾਸੇ ਦਰਬਾਰ ਸਾਹਿਬ ਦੀ ਸੁਹਾਵਣੀ ਅਤੇ ਵਿਸ਼ਾਲ ਇਮਾਰਤ ਆਪਣੀ ਮਿਸਾਲ ਆਪ ਨਜ਼ਰ ਆ ਰਹੀ ਸੀ। ਇਸ ਦੇ ਨਾਲ ਲੱਗਦੇ ਸੱਜੇ ਖੱਬੇ ਮਲਟੀਸਟੋਰੀਜ਼ ਬਿਲਡਿੰਗ ਇਕ ਸੁਲਝੇ ਹੋਏ ਆਰਕੀਟੈਕਟ ਦੀ ਡੀਜ਼ਾਈਨ ਕੀਤੀ ਹੋਈ ਕਲਾ ਦਾ ਪ੍ਰਦਸ਼ਰਨ ਵੀ ਮੂਹੋਂ ਬੋਲਦੀ ਤਸਵੀਰ ਸੀ। ਸਭ ਤੋਂ ਪਹਿਲਾਂ ਗੁਰੂ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕੀਤੇ। ਸਾਹਿਬਾਂ ਦੇ ਦਰਬਾਰ ਦੀਆਂ ਹਾਜ਼ਰੀਆਂ ਭਰ ਕੇ ਲਾਹੇ ਲਏ। ਉਪ੍ਰੰਤ ਲੰਗਰ ਹਾਲ ਵਿੱਚ ਚਲੇ ਗਏ ਜੋ ਕਿ ਬਹੁਤ ਹੀ ਵਿਸ਼ਾਲ ਅਤੇ ਹਰ ਤਰ੍ਹਾਂ ਦੀ ਸੁਵਿਧਾ ਦਾ ਪ੍ਰਤੀਕ ਸੀ। ਬਜ਼ੁਰਗਾਂ ਅਤੇ ਲੋੜਵੰਦ ਪਰਾਣੀਆਂ ਵਾਸਤੇ ਬੈਂਚਾਂ ਦਾ ਵੀ ਪ੍ਰਬੰਧ ਸੀ। ਹਰ ਇਕ ਨੇ ਲੋੜ ਅਨੁਸਾਰ ਲੰਗਰ ਛਕਿਆ। ਬੀਬੀਆਂ ਤਾਂ ਕਮਰੇ ਵਿੱਚ ਆਰਾਮ ਕਰਨ ਵਾਸਤੇ ਚਲੀਆਂ ਗਈਆਂ ਅਤੇ ਅਸੀਂ ਇਸ ਸੁੰਦਰ ਅਸਥਾਨ ਨੂੰ ਹੋਰ ਵੀ ਨੇੜੇ ਹੋ ਕੇ ਵੇਖਣ ਲਈ, ਸੜਕ ਤੇ ਚੱਲ ਰਹੀ ਚਹਿਲ ਪਹਿਲ ਦੇ ਨਾਲ ਨਾਲ ਘੁੰਮਣ ਦੇ ਖਿਆਲ ਵਜੋਂ ਨਿਕਲ਼ ਪਏ। ਸ਼ਾਮ ਦਾ ਵਕਤ ਸੀ।

ਸੂਰਜ ਵੀ ਆਪਣੀਆਂ ਸੁਨਹਿਰੀ ਕਿਰਨਾਂ ਪਹਾੜਾਂ ਦੀਆਂ ਚੋਟੀਆਂ ਤੇ ਬਖੇਰਦਾ ਹੋਇਆ, ਵਾਤਾਵਰਨ ਨੂੰ ਰੰਗ ਬਰੰਗੀ ਦੂਣੀ ਖ਼ੂਬਸੂਰਤੀ ਪ੍ਰਦਾਨ ਕਰਦਾ ਹੋਇਆ, ਹੌ਼ਲੀ ਹੌ਼ਲੀ ਆਪਣੀ ਗਤੀ ਨਾਲ, ਇਸ ਤਰ੍ਹਾਂ ਅਲੋਪ ਹੋ ਰਿਹਾ ਸੀ ਜਿਵੇਂ ਤੇਜ ਰੋਸ਼ਨੀ ਵਾਲੀ ਟਿਊਬ ਲਾਈਟ ਦੇ ਸਵਿਚ ਨੂੰ ਬੰਦ ਕਰਨ ਤੋਂ ਬਾਅਦ ਟਿਊਬ ਹੌਲੀ ਹੌਲ਼ੀ ਰੋਸ਼ਨੀ ਨੂੰ ਸਮੇਟ ਲੈਂਦੀ ਹੈ। ਇਹ ਸਭ ਕੁਝ ਵੇਖ ਕੇ ਮਨ ਮੁਗਧ ਹੋ ਗਿਆ। ਸੁਭਾਵਕ ਹੀ ਮੂੰਹ ਵਿੱਚੋਂ ਨਿਕਲ ਗਿਆ, "ਵਾਹ ਵਾਹ ਸੰਤ ਬਾਬਾ ਇਕਬਾਲ ਸਿੰਘ ਜੀ! ਤੁਹਾਡੀ ਇਹ ਵਡਮੁੱਲੀ ਦੇਣ ਸਮੂੰਹ ਲੁਕਾਈ ਲਈ ਇਕ ਵਡਮੁੱਲਾ ਤੋਹਫਾ ਹੈ ਜਿਸ ਨੂੰ ਜਨਤਾ ਰਹਿੰਦੀ ਦੁਨੀਆਂ ਤਕ ਆਪਣੇ ਹਿਰਦਿਆਂ ਵਿੱਚ ਵਸਾਈ ਰਖੇਗੀ। ਗੁਰੂ ਸਾਹਿਬਾਂ ਦੇ ਮੁਖਾਰਬਿੰਦ ਵਿੱਚੋਂ ਉਚਾਰਨ ਕੀਤੇ ਬਚਨ ਹਨ:

ਆਪ ਗਵਾਈਐ ਤ ਸਹੁ ਪਾਈਐ ਅਉਰ ਕੈਸੀ ਚਤੁਰਾਈ॥

ਸੰਤ ਬਾਬਾ ਇਕਬਾਲ ਸਿੰਘ ਜੀ ਨੇ ਵੀ ਆਪਣਾ ਪਰਵਾਰ ਛਡਿਆ, ਉਚੇ ਪੱਧਰ ਦੀ ਸਰਕਾਰੀ ਨੌਕਰੀ ਛੱਡੀ ਅਤੇ ਇਸ ਮਹਾਨ ਸੇਵਾ ਦੇ ਯੱਗ ਵਿੱਚ ਸਾਰਾ ਜੀਵਨ ਨਿਛਾਵਰ ਕਰ ਦਿਤਾ। ਅੱਜ ੯੬ ਸਾਲ ਦੀ ਵਡੇਰੀ ਉਮਰ ਵਿੱਚ ਵੀ ਇਹ ਜੀਵਨ ਦੇ ਵਡਮੁੱਲੇ ਅਨਭਵ ਨਾਲ, ਇਸ ਵਿੱਦਿਆ ਦੇ ਕੇਂਦਰ ਨੂੰ ਸਹੀ ਮਾਰਗ ਵੱਲ ਲਿਜਾ ਰਹੇ ਹਨ। ਅੱਜ ਇਹਨਾਂ ਦੇ ਹੱਥੀਂ ਲਾਇਆ ਹੋਇਆ ਇਹ ਗੁਲਜ਼ਾਰ ਸਾਰੇ ਦੇਸ਼ ਵਿੱਚ ਮਹਿਕ ਖਿਲਾਰਦਾ ਹੋਇਆ, ਵਿੱਦਿਆ ਦਾ ਇਹ ਚਾਨਣ ਮੁਨਾਰਾ, ਬ੍ਰਹਮ ਵਿੱਦਿਆ ਦਾ ਮਹਾਨ ਕੇਂਦਰ ਹੈ ਜਿਥੋਂ ਜਗਿਆਸੂ ਵਿੱਦਿਆ ਅਤੇ ਆਤਮਕ ਗਿਆਨ ਹਾਸਲ ਕਰਕੇ, ਸਮੂੰਹ ਸੰਸਾਰ ਵਿੱਚ ਗੁਰਮਤਿ ਦਾ ਪ੍ਰਚਾਰ ਕਰਦੇ ਹਨ। ਹਿ ਮਹਾਨ ਅਸਥਾਨ 'ਅਕਾਲ ਅਕੈਡਮੀ, ਬੜੂ ਸਾਹਿਬ' ਦੇ ਨਾਂ ਨਾਲ ਪ੍ਰਸਿਧ ਹੈ। ਦੇਸਾਂ ਵਦੇਸ਼ਾਂ ਵਿਚੋਂ ਬੱਚੇ ਏਥੋਂ ਵਿੱਦਿਆ ਹਾਸਲ ਕਰ ਰਹੇ ਹਨ।

ਸਾਰੇ ਦਿਨ ਦੀ ਥਕਾਵਟ ਹੋਣ ਕਰਕੇ ਅਸੀ ਫਿਰ ਵਾਪਸ ਕਮਰੇ ਵਿੱਚ ਆ ਗਏ ਅਤੇ ਕੁਝ ਦੇਰ ਆਰਾਮ ਕੀਤਾ। ਫਿਰ ਸਾਰੇ ਰਲ ਕੇ ਦਰਬਾਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਨ ਅਤੇ ਸ਼ਾਮ ਦੇ ਕੀਰਤਨ ਦਰਬਾਰ ਵਿੱਚ ਹਾਜ਼ਰੀਆਂ ਭਰਨ ਲਈ ਤਿਆਰ ਹੋ ਗਏ। ਥੋਹੜੀ ਦੇਰ ਵਿੱਚ ਹੀ ਅਸੀਂ ਦਰਬਾਰ ਸਾਹਿਬ ਪਹੁੰਚ ਗਏ। ਦਰਬਾਰ ਦੀਆਂ ਹਜ਼ਰੀਆਂ ਭਰੀਆਂ ਅਤੇ ਇਲਾਹੀ ਗੁਰਬਾਣੀ ਦੇ ਕੀਰਤਨ ਸ੍ਰਵਣ ਕਰਨ ਵਾਸਤੇ ਸੰਗਤ ਵਿਚ ਇਕ ਪਾਸੇ ਹੋ ਕੇ ਬੈਠ ਗਏ। ਚਿੱਟੇ ਰੰਗ ਦੀ ਪੁਸ਼ਾਕ ਵਿੱਚ ਸਜੇ ਹੋਏ ਬੱਚੇ ਮਨੋਹਰ ਕੀਰਤਨ ਕਰ ਰਹੇ ਸਨ। ਅਸੀਂ ਕੀਰਤਨ ਦੇ ਭਰਪੂਰ ਲਾਹੇ ਲਏ। ਬੱਚਿਆਂ ਨੇ ਹੀ ਅਰਦਾਸ ਦੀ ਸੇਵਾ ਨਿਭਾਈ। ਗੁਰੂ ਜੀ ਦਾ ਹੁਕਮਨਾਮਾ ਸੁਣਿਆਂ। ਸੇਵਾਦਾਰਾਂ ਨੇ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਸੰਗਤਾਂ ਨੂੰ ਵਰਤਾਏ। ਉਪ੍ਰੰਤ ਦਾਸ ਨੇ ਪ੍ਰਬੰਧਕਾਂ ਦੀ ਆਗਿਆ ਨਾਲ ਮਾਨਯੋਗ ਪ੍ਰਬੰਧਕਾਂ ਅਤੇ ਬੱਚਿਆਂ ਨਾਲ, ਯਾਦਗਾਰ ਵੱਜੋਂ ਕੁਝ ਤਸਵੀਰਾਂ ਵੀ ਖਿਚਵਾਈਆਂ।

ਸੰਤ ਬਾਬਾ ਇਕਬਾਲ ਸਿੰਘ ਜੀ ਮਹਾਂਰਾਜ ਦੇ ਦਰਸ਼ਨ ਕਰਨ ਦੀ ਜਗਿਆਸਾ ਦਿਲ ਵਿਚ ਪੈਦਾ ਹੋਈ ਪਰ ਉਹ ਕਿਤੇ ਨਜ਼ਰ ਨਾ ਆਏ। ਮੌਜੂਦਾ ਸੇਵਾਦਾਰਾਂ ਤੋਂ ਪੁੱਛਣ ਤੇ ਪਤਾ ਲੱਗਾ ਕਿ ਉਹ ਅੱਜ ਦਰਬਾਰ ਸਾਹਿਬ ਨਹੀਂ ਆਏ। ਮਾਯੂਸ ਜਿਹੇ ਹੋ ਕੇ ਦਰਬਾਰ ਸਹਿਬ ਹਾਲ ਤੋਂ ਬਾਹਰ ਆ ਗਏ। ਬੀਬੀਆਂ ਅਤੇ ਗਿੱਲ ਸਾਹਿਬ ਤਾਂ ਫਿਰ ਕਮਰੇ ਵਿੱਚ ਚਲੇ ਗਏ। ਦਾਸ ਅਤੇ ਕਰਨੈਲ ਸਿੰਘ ਬਾਹਰ ਇਕ ਬੈਂਚ ਤੇ ਬੈਠ ਗਏ। ਸੜਕ 'ਤੇ ਆਵਾ ਜਾਈ ਦੀ ਰੌਣਕ ਵਿੱਚ ਗਵਾਚ ਗਏ। ਪਰ ਅੰਦਰੋਂ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਤਾਂਘ ਦੀ ਖਿੱਚ ਨੇ ਇਹਨਾਂ ਰੰਗ ਤਮਾਸ਼ਿਆਂ ਵਿੱਚ ਵੀ ਮਨ ਉਚਾਟ ਕਰ ਦਿਤਾ। ਦਾਸ ਅੰਦਰੋਂ ਸੰਤਾਂ ਦੇ ਦਰਸ਼ਨਾਂ ਦੀ ਅਭਿਲਾਸ਼ਾ ਦੀ ਉਧੇੜ ਬੁਣ ਵਿੱਚ ਫਸਿਆ ਪਿਆ ਸੀ ਕਿ ਕੀ ਕੀਤਾ ਜਾਵੇ! ਜਾਂ ਕਿਸੇ ਨੂੰ ਪੁਛਿਆ ਜਾਵੇ! ਪਰ ਕਹਿੰਦੇ ਹਨ ਸੱਚੇ ਦਿਲੋਂ ਤਾਂਘ ਹੋਵੇ, ਸ਼ਰਧਾ ਹੋਵੇ ਤਾਂ ਰਸਤਾ ਆਪੇ ਹੀ ਖੁਲ੍ਹ ਜਾਂਦਾ ਹੈ। ਬੰਦਾ ਬੰਦੇ ਦਾ ਦਾਰੂ ਹੁੰਦਾ ਹੈ। ਏਨੇ ਨੂੰ ਇਕ ਗੁਰੂ ਘਰ ਦਾ ਸੇਵਾਦਾਰ ਚਿੱਟੇ ਰੰਗ ਦੇ ਬਾਣੇ ਵਿੱਚ ਸਜਿਆ ਹੋਇਆ ਮੇਰੇ ਸਾਹਮਣੇ ਆ ਖਲੋਤਾ ਅਤੇ ਕਿਹਾ, "ਸਿੰਘ ਸਾਹਿਬ ਜੀ, ਬਾਬਾ ਜੀ ਦੇ ਦਰਸ਼ਨ ਹੋ ਗਏ?" ਮੈਂ ਨਿਮੋਝੂਣੀ ਜਿਹੀ ਹਾਲਤ ਵਿੱਚ ਨਾਂਹ ਵਿੱਚ ਸਿਰ ਹਿਲਾ ਦਿਤਾ। ਉਹਨਾਂ ਨੇ ਬੜੇ ਆਦਰ ਭਾਵ ਵਿੱਚ ਕਿਹਾ, "ਆਓ ਮੇਰੇ ਨਾਲ। ਮੈਂ ਆਪ ਜੀ ਨੂੰ ਬਾਬਾ ਜੀ ਪਾਸ ਲੈ ਚਲਦਾ ਹਾਂ।" ਮੈਂ ਹੈਰਾਨ ਚਿਤ, ਡੌਰ ਭੌਰੀਆਂ ਅੱਖਾਂ ਨਾਲ, ਉਸ ਗੁਰੂ ਦੇ ਸਿੱਖ ਦਾ ਸ਼ੁਕਰਾਨਾ ਕਰਦਾ ਹੋਇਆ ਉਸ ਦੇ ਪਿੱਛੇ ਪਿੱਛੇ ਤੁਰ ਪਿਆ। ਕਰਨੈਲ ਸਿੰਘ ਵੀ ਸਾਡੇ ਪਿੱਛੇ ਪਿੱਛੇ ਆ ਗਏ। ਲੰਗਰ ਹਾਲ ਵਾਲੇ ਪਾਸੇ ਇਕ ਲਿਫਟ ਰਾਹੀਂ ਅਸੀ ਥ਼ੱਲੇ ਉਤਰ ਗਏ।

ਥੋਹੜੀ ਦੇਰ ਬਾਅਦ ਹੀ ਉਹ ਗੁਰੂ ਦਾ ਸਿੱਖ ਸਾਨੂੰ ਬਾਬਾ ਜੀ ਦੇ ਕਮਰੇ ਵਿੱਚ ਲੈ ਗਿਆ। ਕਮਰੇ ਵਿੱਚ ਵੜਦੇ ਸਾਰ ਮੈਂ ਕੀ ਦੇਖਦਾ ਹਾਂ ਕਿ ਮਹਾਂਪੁਰਸ਼ ਸੰਤ ਬਾਬਾ ਇਕਬਾਲ ਸਿੰਘ ਜੀ ਮਹਾਂਰਾਜ ਇਕ ਬੈਡ 'ਤੇ, ਚਿਟੇ ਲਿਬਾਸ ਵਿੱਚ ਇਕ ਮੋਟੇ ਜਹੇ ਗੱਦੇ ਨਾਲ ਢੋ ਲਗਾਈ ਆਰਾਮ ਅਵੱਸਥਾ ਵਿੱਚ ਸਨ। ਕੁਝ ਦਰਸ਼ਨ ਅਭਿਲਾਸ਼ੀ ਸੰਗਤ ਥ਼ੱਲੇ ਬੈਠੀ ਸੀ। ਇਕ ਸੇਵਦਾਰ ਬਾਬਾ ਜੀ ਦੀ ਹਾਜ਼ਰੀ ਵਿੱਚ ਤਤਪਰ ਸੀ। ਦਾਸ ਨੇ ਮਹਾਂ ਪੁਰਸ਼ਾਂ ਦੇ ਕੋ਼ਲ ਜਾ ਕੇ ਸਤਿਕਾਰ ਸਹਿਤ ਝੁਕ ਕੇ ਫ਼ਤਿਹ ਬੁਲਾਈ। ਉਹਨਾਂ ਨੇ ਵੀ ਫ਼ਤਿਹ ਦਾ ਜਵਾਬ ਫ਼ਤਿਹ ਵਿੱਚ ਦਿਤਾ। ਮਹਾਂਪੁਰਸ਼ਾਂ ਦੇ ਪ੍ਰਭਾਵਸ਼ਾਲੀ ਅਤੇ ਜਲਾਲ ਭਰੇ ਚੇਹਰੇ ਦੇ ਦਰਸ਼ਨ ਦੀਦਾਰੇ ਕਰਕੇ ਮਨ ਤ੍ਰਿਪਤ ਹੋ ਗਿਆ। ਠੰਡ ਜਹੀ ਪੈ ਗਈ। ਦਰਸ਼ਨਾਂ ਦੀ ਤਾਂਘ ਅਤੇ ਸੱਚੀ ਸ਼ਰਧਾ ਪ੍ਰਫੁਲਤ ਹੋ ਗਈ। ਮਨ ਖੇੜੇ ਵਿੱਚ ਆ ਗਿਆ। ਪਤਾ ਨਹੀਂ ਕਿੱਥੇ ਗਵਾਚ ਗਿਆ! ਅਚਾਨਕ ਬਾਬਾ ਜੀ ਨੇ ਦਾਸ ਦੀ ਬਾਂਹ ਫੜ ਕੇ ਕਿਹਾ, "ਸਿੰਘ ਸਹਿਬ, ਕਿੱਥੇ ਗਵਾਚ ਗਏ ਹੋ! ਬੈਠ ਜਾਓ।" ਦਾਸ ਕੁਝ ਸੰਭਲ਼ਿਆ ਤੇ ਬਾਕੀ ਸੰਗਤ ਦੀ ਤਰ੍ਹਾਂ ਥ਼ੱਲੇ ਬੈਠਣ ਦਾ ਯਤਨ ਕੀਤਾ। ਮਹਾਂਪੁਰਸ਼ਾਂ ਨੇ ਦਾਸ ਦੀ ਬਾਂਹ ਫੜ ਕੇ ਕਿਹਾ, "ਨਹੀਂ ਗੁਰੂ ਦਿਆ ਸਿੱਖਾ! ਥ਼ੱਲੇ ਨਹੀਂ," ਬੈਡ ਦੇ ਕੋਲ ਪਈ ਕੁਰਸੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ, "ਏਥੇ ਸਾਡੇ ਕੋਲ ਹੋ ਕੇ ਬੈਠੋ।" ਦਾਸ ਹੁਕਮ ਦਾ ਬੱਧਾ ਹੋਇਆ, ਸੰਗਦਾ ਸੰਗਦਾ ਕੁਰਸੀ 'ਤੇ ਬੈਠ ਗਿਆ। "ਹੁਣ ਦੱਸੋ ਸਿੰਘ ਸਾਹਿਬ, ਕੇਹੜੇ ਮੁਲਕ ਤੋਂ ਆਉਣੇ ਹੋਏ ਹਨ ਤੇ ਕੀ ਆਸ਼ਾ ਲੈ ਕੇ ਆਏ ਹੋ!" ਬਾਬਾ ਜੀ ਦੇ ਇਹ ਬਚਨ ਸੁਣ ਕੇ ਦਾਸ ਨੂੰ ਬੜਾ ਅਚੰਭਾ ਜਿਹਾ ਹੋਇਆ। ਚਾਰ ਚੁਫੇਰੇ ਵੇਖ ਕੇ ਦਾਸ ਕੁਝ ਸੰਭਲ਼ਿਆ ਤੇ ਆਦਰ ਸਹਿਤ ਕਿਹਾ, "ਜੀ ਆਸਟ੍ਰੇਲੀਆ ਤੋਂ।" ਬਾਬਾ ਜੀ ਵੱਲ ਵੇਖਦੇ ਹੋਏ ਮੈਂ ਉਹਨਾਂ ਦੀ ਇਸ ਉਦਾਰਤਾ ਦਾ ਧੰਨਵਾਦ ਕੀਤਾ ਤੇ ਆਦਰ ਸਹਿਤ ਬੇਨਤੀ ਕੀਤੀ, "ਦਾਸ ਇਕ ਛੋਟਾ ਜਿਹਾ ਲਿਖਾਰੀ ਹੈ। ਕੁਝ ਕਿਤਾਬਾਂ ਵੀ ਲਿਖੀਆਂ ਹਨ। ਅਖਬਾਰਾਂ ਵਿਚ ਆਰਟੀਕਲ ਵੀ ਛਪਦੇ ਹਨ। ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁਕਿਆ ਹਾਂ ਕਿ ਮੈਂ ਆਸਟ੍ਰੇਲੀਆ ਤੋਂ ਆਪ ਜੀ ਦੇ ਦਰਸ਼ਨ ਕਰਨ ਹੇਤ ਅਤੇ ਇਸ ਮਹਾਂਨ ਵਿੱਦਿਆ ਸਾਗਰ 'ਅਕਾਲ ਅਕੈਡਮੀ' ਬਾਰੇ ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਆਇਆ ਹਾਂ। ਆਪ ਜੀ ਦੇ ਇਸ ਮਹਾਨ ਵਸਾਏ ਹੋਏ ਖ਼ੂਬਸੂਰਤ ਨਗਰ ਨੂੰ ਹੋਰ ਵੀ ਨੇੜੇ ਹੋ ਕੇ ਦਰਸ਼ਨ ਕਰਨ ਦੀ ਚਾਹਨਾ ਹੈ। ਆਪ ਜੀ ਦੇ ਮੁਖਾਰਬਿੰਦ ਤੋਂ ਆਪ ਜੀ ਦੀ ਜ਼ੁਬਾਨੀ ਏਥੋਂ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰਕੇ ਕੁਝ ਲਿਖਣ ਦੇ ਇਰਾਦੇ ਨਾਲ ਆਪ ਜੀ ਦੀ ਸੇਵਾ ਵਿੱਚ ਹਾਜਰ ਹੋਇਆ ਹਾਂ। ਧੰਨਭਾਗ ਸਾਡੇ ਅਤੇ ਧੰਨਵਾਦ ਆਪ ਜੀ ਦਾ ਜਿਨ੍ਹਾਂ ਨੇ ਇਕ ਨਿਮਾਣੇ ਜਿਹੇ ਲਿਖਾਰੀ ਨੂੰ ਏਨਾ ਮਾਣ ਦਣ ਦੀ ਕ੍ਰਿਪਾਲਤਾ ਕੀਤੀ ਹੈ। ਜੇ ਆਪ ਜੀ ਦੀ ਆਗਿਆ ਹੋਵੇ ਤਾਂ ਦਾਸ ਆਪ ਜੀ ਨਾਲ ਕੁਝ ਬਚਨ ਸਾਂਝੇ ਕਰਕੇ, ਕਲਮ ਬੰਦ ਕਰਨਾ ਚਾਹੁੰਦਾ ਹੈ।" "ਜਰੂਰ, ਦੱਸੋ ਕੀ ਆਸ਼ਾ ਲੈ ਕੇ ਆਏ ਹੋ। ਪਹਿਲਾਂ ਇਹ ਦੱਸੋ ਕਿ ਆਪ ਜੀ ਨੂੰ ਇਹ ਲਿਖਣ ਦਾ ਸ਼ੌਕ ਕਿਵੇਂ ਜਾਗਿਆ ਅਤੇ ਕਿਸ ਵਿੱਦਵਾਨ ਤੋਂ ਇਹ ਵਿੱਦਿਆ ਪ੍ਰਾਪਤ ਕੀਤੀ ਹੈ!" "ਬਾਬਾ ਜੀ ਇਹ ਲਿਖਣ ਦੀ ਚੇਟਕ ਮੈਨੂੰ ਇਕ ਮਹਾਨ ਗਿਆਨਵਾਨ ਵਿਦਵਾਨ ਪੰਥਕ ਪ੍ਰਚਾਰਕ ਆਸਟ੍ਰੇਲੀਆ ਨਿਵਾਸੀ, ਗਿਆਨੀ ਸੰਤੋਖ ਸਿੰਘ ਜੀ ਹੁਰਾਂ ਦੀ ਕ੍ਰਿਪਾਲਤਾ ਸਦਕਾ ਹਾਸਲ ਹੋਈ ਹੈ। ਅੱਜ ਮੈਂ ਜੋ ਕੁਝ ਵੀ ਥੋਹੜਾ ਬਹੁਤਾ ਲਿਖ ਸਕਣ ਦੇ ਯੋਗ ਹੋਇਆ ਹਾਂ ਇਹ ਸਭ ਕੁਝ ਉਹਨ੍ਹਾਂ ਦੀ ਹੀ ਦੇਣ ਹੈ।"

ਸਭ ਤੋਂ ਪਹਿਲਾਂ ਤਾਂ ਦਾਸ ਆਪ ਜੀ ਦੇ ਦਰਸ਼ਨਾਂ ਦਾ ਅਭਿਲਾਸ਼ੀ ਸੀ ਜੋ ਕਿ ਆਪ ਜੀ ਨੇ ਦਰਸ਼ਨ ਦੇ ਕੇ ਨਿਹਾਲ ਕਰ ਦਿਤਾ ਹੈ। ਹੁਣ ਦੀਆਵੀ ਤੌਰ ਤੇ ਬੇਨਤੀ ਹੈ ਕਿ ਤੁਸੀਂ ਖ਼ੁਦ ਅਪਣੇ ਮੁਖਾਰਬਿੰਦ ਤੋਂ ਕੁਝ ਆਪਣੇ ਜੀਵਨ ਬਾਰੇ ਅਤੇ ਇਸ ਮਹਾਨ ਅਸਥਾਨ ਬੜੂ ਸਾਹਿਬ ਬਾਰੇ, ਵਿਸਥਾਰ ਸਹਿਤ ਚਾਨਣਾ ਪਾਉਣ ਦੀ ਕ੍ਰਿਪਾਲਤਾ ਕਰੋ। ਤੁਸੀ ਇਹ ਅਸਥਾਨ ਇਹਨਾਂ ਉਚੇ ਉਚੇ ਵਿਸ਼ਾਲ ਪਹਾੜਾਂ ਦੀਆਂ ਵੈਲੀਆਂ ਦੀ ਗੋਦ ਵਿਚ ਕਿਉਂ ਅਤੇ ਕਿਵੇਂ ਲੱਭਿਆ, ਤਾਂ ਕਿ ਦਾਸ ਨੂੰ ਜਾਣਕਾਰੀ ਮਿ਼ਲ ਸਕੇ ਤੇ ਇਸ ਜਾਣਕਾਰੀ ਨੂੰ ਇਤਿਹਾਸਕ ਲੇਖ ਰਾਹੀਂ, ਸੰਸਾਰ ਵਾਸੀਆਂ ਸਨਮੁਖ ਪੇਸ਼ ਕਰ ਸਕਾਂ।

ਬਸ ਫਿਰ ਕੀ ਸੀ, ਬਾਬਾ ਜੀ ਮੁਸਕਰਾਏ। ਪਹਿਲਾਂ ਬੈਠੀ ਸੰਗਤ ਵੱਲ, ਫਿਰ ਦਾਸ ਵੱਲ ਵੇਖ ਕੇ ਕਿਹਾ, "ਇਹ ਇਕ ਲੰਮੀ ਕਹਾਣੀ ਹੈ, ਪਰ ਫਿਰ ਵੀ ਅਸੀਂ ਆਪ ਜੀ ਨੂੰ ਸੰਖੇਪ ਵਿੱਚ ਬਿਆਨ ਕਰਦੇ ਹਾਂ।" ਇਸ ਤੋਂ ਪਹਿਲਾਂ ਕਿ ਉਹ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰਨ, ਹੁਨਾਂ ਇਕ ਸੇਵਾਦਾਰ ਨੂੰ ਫ਼ੋਨ ਰਾਹੀਂ ਸਾਡੀ ਦੋਹਾਂ ਦੀ ਵਾਰਤਾਲਾਪ ਰੀਕਾਰਡਿੰਗ ਕਰਨ ਲਈ ਕਹਿ ਦਿਤਾ। ਸੰਤ ਜੀ ਨੇ ਦੱਸਿਆ, "ਸੰਤ ਬਾਬਾ ਅਤਰ ਸਿੰਘ ਜੀ ਮਹਾਂਰਾਜ ਨੇ ਆਪਣੇ ਇਕ ਸੇਵਕ ਸੰਤ ਤੇਜਾ ਸਿੰਘ ਡਬਲ ਐਮ.ਏ. ਐਲ.ਐਲ.ਬੀ ਜੀ ਨੂੰ ਫਰਮਾਇਆ ਕਿ ਹਿਮਾਚਲ ਪ੍ਰਦੇਸ਼ ਦੀ, ਨਾਹਨ ਰਿਆਸਤ ਵਿੱਚ ਇਕ ਗੁਪਤ ਤਪੋ ਅਸਥਾਨ ਹੈ। ਇਸ ਨੂੰ ਕਲਗੀਆਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਉਸ ਅਸਥਾਨ ਨੂੰ ਪਰਗਟ ਕਰੋ ਅਤੇ ਓਥੇ ਅਜਿਹਾ ਬ੍ਰਹਮ ਵਿਦਿਆ ਦਾ ਕੇਂਦਰ ਸਥਾਪਤ ਕਰੋ ਜਿੱਥੇ ਬੱਚੇ ਬੱਚੀਆਂ ਨਾਮ ਬਾਣੀ, ਸਿਮਰਣ ਕਰਨ ਦੇ ਨਾ਼ਲ ਨਾ਼ਲ ਸੰਸਾਰਕ ਵਿੱਦਿਆ ਹਾਸਲ ਕਰਨ। ਆਪਣੇ ਜੀਵਨ ਨੂੰ ਗੁਰਮਤਿ ਵਿੱਚ ਢਾਲ ਕੇ ਸਾਰੇ ਸੰਸਾਰ ਵਿੱਚ, ਗੁਰੂ ਨਾਨਕ ਦੇ ਦਰਸਾਏ ਹੋਏ ਸੱਚੇ ਮਾਰਗ ਦਾ ਪ੍ਰਸਾਰ ਕਰਨ। ਇਸ ਸੰਤ ਜੀ ਦੇ ਇਸ ਆਸ਼ੇ ਨੂੰ ਮੁਖ ਰੱਖ ਕੇ, ਸੰਤ ਤੇਜਾ ਸਿੰਘ ਜੀ ਨੇ ੧੯੫੪ ਤੋਂ ਇਸ ਅਸਥਾਨ ਦੀ ਭਾਲ਼ ਸ਼ੁਰੂ ਕਰ ਦਿਤੀ। ਉਸ ਵਕਤ ਦਾਸ (ਸੰਤ ਇਕਬਾਲ ਸਿੰਘ ਜੀ) ਹਾਂਸੀ ਵਿੱਚ ਨੌਕਰੀ ਕਰਦਾ ਸੀ। ਫਿਰ ਦਾਸ ਧੌਲਾ ਕੂਆਂ, ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼) ਨੌਕਰੀ 'ਤੇ ਰਿਹਾ। ਗੁਰੂ ਸਾਹਿਬਾਂ ਦੀ ਅਪਾਰ ਬਖਸ਼ਸ਼ ਹੁੰਦੀ ਰਹੀ। ਇਕ ਤੋਂ ਵੱਧ ਇਕ ਤਰੱਕੀ ਹੁੰਦੀ ਗਈ। ਅੰਤ 'ਤੇ ਡਾਰੈਕਟਰ ਦੀ ਪਦਵੀ ਹਾਸਲ ਕਰ ਲਈ। ੧੯੮੭ ਈਸਵੀ ਵਿੱਚ ਡਾਰੈਕਟਰ ਦੀ ਪਦਵੀ ਤੋਂ ਰੀਟਾਇਰ ਹੋ ਕੇ, ਸੰਤ ਬਾਬਾ ਤੇਜਾ ਸਿੰਘ ਜੀ ਦੇ ਹੁਕਮ ਦੇ ਬੱਧੇ ਹੋਏ ਬੜੂ ਸਾਹਿਬ ਗੁਪਤ ਅਸਥਾਨ ਦੀ ਖੋਜ ਵਿੱਚ ਲਗ ਗਏ। ਬਹੁਤ ਸਾਰੇ ਵੱਖਰੇ ਵੱਖਰੇ ਥਾਵਾਂ ਦੀ ਭਾਲ਼ ਵਿੱਚ ਲੱਗੇ ਰਹੇ ਪਰ ਗੁਰੂ ਸਾਹਿਬਾਂ ਦੀ ਚਰਨ ਛੋਹ ਵਾਲਾ ਅਸਥਾਨ ਨਾ ਲੱਭ ਸਕੇ। ਅੰਤ ਤੇ ਘੁਮਦੇ ਘੁਮਦੇ ਪਿੰਡ ਬੜੂ ਪਹੁੰਚ ਗਏ। ਪਿੰਡ ਦੇ ਲੋਕਾਂ ਤੋਂ ਪਤਾ ਲਗਾ ਕਿ ਇਸ ਪਿੰਡ ਦਾ ਮਾਲਕ ਠਾਕੁਰ ਜੋਗਿੰਦਰ ਸਿੰਘ, ਆਪਣੇ ਮਾੜੇ ਹਾਲਤ ਕਾਰਨ ਪਿੰਡ ਬੜੂ ਵੇਚ ਰਿਹਾ ਹੈ। ਦਾਸ ਨੇ ਇਸ ਅਸਥਾਨ ਦਾ ਪੂਰਾ ਪੂਰਾ ਮੁਆਇਨਾ ਕੀਤਾ ਅਤੇ ਆਪਣੀ ਤੁੱਛ ਬੁਧੀ ਅਨੁਸਾਰ ਇਸ ਅਸਥਨ ਨੂੰ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਦੇ ਆਧਾਰ 'ਤੇ ਖਰਾ ਪਾਇਆ। ਵੇਖਿਆ ਕਿ ਏਥੇ ਹਰ ਪਾਸੇ ਹਰਆਵਲ, ਠੰਡੇ ਮਿਠੇ ਪਾਣੀ ਦੇ ਚਸ਼ਮੇ, ਇਕਾਂਤ ਵਾਤਾਵਰਨ, ਉਚੀਆਂ ਉਚੀਆਂ ਪਹਾੜੀਆਂ ਨਾਲ ਘਿਰਿਆ ਹੋਇਆ, ਇਹ ਰਮਣੀਕ ਅਸਥਨ ੪੦੦ ਏਕੜ ਧਰਤੀ ਦਾ ਰਕਬਾ ਪੂਰੀ ਤਰ੍ਹਾਂ ਸਹੀ ਜਾਣ ਕੇ, ਲਿਖਤੀ ਰੂਪ ਵਿੱਚ ਰੀਪੋਰਟ ਤਿਆਰ ਕਰਕੇ ਸੰਤ ਬਾਬਾ ਤੇਜਾ ਸਿੰਘ ਜੀ ਮਹਾਂਰਾਜ ਨੂੰ ਪੇਸ਼ ਕਰ ਦਿਤੀ। ਉਹਨਾਂ ਦੀ ਸਹਿਮਤੀ ਨਾਲ ੪੦੦ ਏਕੜ ਦੀ ਧਰਤੀ ਦਾ ਇਹ ਰਕਬਾ ਪਿੰਡ ਬੜੂ ਠਾਕੁਰ ਜੋਗਿੰਦਰ ਸਿੰਘ ਤੋਂ ੨੫੦੦੦ ਰੁਪਏ ਵਿੱਚ ਖਰੀਦ ਲਿਆ। ਯਾਦ ਰਹੇ ਕਿ ਇਹ ੨੫੦੦੦ ਰੁਪਿਆਂ ਦੀ ਸੇਵਾ ਸਿੰਘਾਪੁਰ ਨਿਵਾਸੀ ਸ. ਹਰਦਿਆਲ ਸਿੰਘ ਜੀ ਨੇ ਕੀਤੀ ਸੀ। ਬਾਅਦ ਵਿੱਚ ਠਾਕੁਰ ਜੋਗਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਪਿੰਡ ਬੜੂ ਵੇਚਣ ਦਾ ਇੱਕ ਇਲਾਹੀ ਕੌਤਕ ਵੀ ਵਰਤਿਆ ਸੀ। ਉਹਨਾਂ ਨੇ ਸੁਣਾਇਆ ਕਿ ਇਸ ਪਿੰਡ ਵਿੱਚ ਚਸ਼ਮੇ ਦੇ ਕਿਨਾਰੇ ਇਕ ਬਹੁਤ ਵੱਡਾ ਅਖਰੋਟ ਦਾ ਦਰੱਖਤ ਸੀ ਇਸ ਦੇ ਹੇਠਾਂ ਸਾਧੂ ਸੰਤ ਆ ਕੇ ਸਮਾਧੀ ਅਧੀਨ ਪ੍ਰਭੂ ਦਾ ਸਿਮਰਨ ਕਰਦੇ ਹੁੰਦੇ ਸਨ। ਮੈਂ ਉਹਨਾਂ ਦੀ ਲੰਗਰ ਪਾਣੀ ਦੀ ਸੇਵਾ ਕਰਿਆ ਕਰਦਾ ਸਾਂ। ਇਕ ਦਿਨ ਇਕ ਸਾਧੂ ਮਹਾਂਰਾਜ ਨੇ ਸਮਾਧੀ ਲਗਾਈ ਹੋਈ ਸੀ। ਮੈਂ ਰੋਟੀ ਦਾ ਥਾ਼ਲ ਉਹਨਾਂ ਦੇ ਅੱਗੇ ਰਖਿਆ। ਉਹ ਸਮਾਧੀ ਵਿੱਚ ਲੀਨ ਸਨ। ਅੱਧੇ ਘੰਟੇ ਬਾਅਦ ਜਦੋਂ ਉਹਨਾਂ ਨੇ ਅੱਖਾਂ ਖੋਹਲੀਆਂ ਤਾਂ ਰੋਟੀ ਖਾਣ ਦੀ ਬਜਾਏ ਮੈਨੂੰ ਕਿਹਾ, "ਤੂ ਨੇ ਯਹਾਂ ਨਹੀ ਰਹਿਨਾ, ਯੇ ਗੁਰੂ ਨਾਨਕ ਜੀ ਕੀ ਧਰਤੀ ਹੈ। ਯਹਾਂ ਗੁਰੂ ਨਾਨਕ ਨਾਮ ਲੇਵਾ ਲੋਗ ਆਏਂਗੇ ਔਰ ਯਹਾਂ ਬਹੁਤ ਬੜਾ ਅਸਥਾਨ ਬਨੇਗਾ। ਯਹਾਂ ਨਾਮ ਬਾਨੀ ਕਾ ਸਿਮਰਨ ਕਰਕੇ ਲੋਗ ਸਾਰੀ ਦੁਨੀਆਂ ਮੇਂ ਗੁਰੂ ਨਾਨਕ ਜੀ ਕੇ ਸੱਚ ਕੇ ਮਾਰਗ ਕਾ ਪ੍ਰਸਾਰ ਕਰੇਂਗੇ।" ਇਹ ਸੁਣ ਕੇ ਮੈਨੂੰ ਗੁੱਸਾ ਆ ਗਿਆ ਕਿ ਇਸ ਨੇ ਮੈਨੂੰ ਇਸ ਜ਼ਮੀਨ ਦੇ ਉਜੜਨ ਦਾ ਸਰਾਫ ਦੇ ਦਿਤਾ ਹੈ। ਮੈਂ ਰੋਟੀ ਬਿਨਾਂ ਖੁਆਏ ਰੋਟੀ ਦਾ ਥਾ਼ਲ ਚੁੱਕ ਕੇ ਘਰ ਲੈ ਗਿਆ। ਕੁਝ ਸਮੇ ਬਾਅਦ ਜਦ ਮੇਰਾ ਗੁੱਸਾ ਕੁਝ ਠੰਡਾ ਹੋਇਆ ਤਾਂ ਮੈ ਫਿਰ ਰੋਟੀ ਦਾ ਥਾ਼ਲ ਲੈ ਕੇ ਸਾਧੂ ਨੂੰ ਰੋਟੀ ਖਵਾਉਣ ਵਾਸਤੇ ਥ਼ੱਲੇ ਆਇਆ ਤੇ ਵੇਖਿਆ ਕਿ ਸਾਧੂ ਉਥੇ ਹੈ ਹੀ ਨਹੀਂ ਸੀ। ਪੂਰਨ ਬ੍ਰਹਮ ਗਿਆਨੀ ਸੰਤ ਤੇਜਾ ਸਿੰਘ ਜੀ ਮਹਾਂਰਾਜ ਦੇ ਹਿਰਦੇ ਵਿੱਚ ਇਸ ਪਿੰਡ ਨੂੰ ਖਰੀਦਣ ਦੀ ਖਿੱਚ ਸੀ ਅਤੇ ਉਸ ਸਾਧੂ ਦੇ ਬਚਨਾਂ ਸਦਕਾ, ਪਿੰਡ ਦੇ ਮਾਲਕ ਜੋਗਿੰਦਰ ਸਿੰਘ ਨੇ ਕਿਹਾ ਕਿ ਮੇਰੀ ਇਸ ਜ਼ਮੀਨ ਦੇ ਇਰਦ ਗਿਰਦ ਪਿੰਡਾਂ ਦੇ ਲੋਕਾਂ ਨਾਲ ਬਹੁਤ ਵੈਰ ਵਿਰੋਧ ਹੋ ਗਿਆ ਹੈ, ਜਿਸ ਕਰਕੇ ਮੈਂ ਤੰਗ ਹੋ ਕੇ ਇਹ ਪਿੰਡ ਵੇਚ ਕੇ ਏਥੋਂ ਚਲੇ ਜਾਣਾ ਹੈ।

ਇਸ ਤਰ੍ਹਾਂ ਸੰਤ ਤੇਜਾ ਸਿੰਘ ਜੀ ਮਹਾਂਰਾਜ ਅਨਭਵੀ ਦਿਬ ਦ੍ਰਿਸ਼ਟੀ ਵਾਲੇ ਮਹਾਂਪੁਰਸ਼ਾਂ ਨੇ, ਅਕਾਲ ਪੁਰਖ ਦੇ ਹੁਕਮ ਅੰਦਰ ਰਹਿ ਕੇ, ਪਿੰਡ ਬੜੂ ਦੀ ਧਰਤੀ ਖਰੀਦ ਲਈ। ਇਕ ਕੱਚਾ ਕੋਠਾ ਤਿਆਰ ਕਰ ਲਿਆ। ਲਿੰਬ ਪੋਚ ਕੇ ਉਸ ਵਿੱਚ ਅਖੰਡ ਪਾਠ ਸਾਹਿਬ ਆਰੰਭ ਕਰ ਦਿਤਾ। ਉਪ੍ਰੰਤ ਪੰਜ ਬੱਚਿਆਂ ਨੂੰ ਓਸੇ ਕਮਰੇ ਵਿੱਚ ਹੀ ਪੜ੍ਹਾਉਣਾ ਸ਼ੁਰੂ ਕਰ ਦਿਤਾ। ਅੱਜ ਉਹ ਪਿੰਡ ਬੜੂ, 'ਬੜੂ ਸਾਹਿਬ' ਦੇ ਨਾਂ ਨਾਲ ਸੰਸਾਰ ਭਰ ਵਿੱਚ ਪ੍ਰਸਿਧ ਹੈ। ਏਥੇ ਸੰਤਾਂ ਦੇ ਬਚਨਾਂ ਅਨੁਸਾਰ ਬ੍ਰਹਮ ਵਿੱਦਿਆ ਦਾ ਕੇਂਦਰ 'ਅਕਾਲ ਅਕੈਡਮੀ' ਦੇ ਨਾਂ ਤੇ ਸੰਤ ਬਾਬਾ ਇਕਬਾਲ ਸਿੰਘ ਜੀ ਦੀ ਲਗਨ ਅਤੇ ਅਥਾਹ ਘਾਲਣਾ ਸਦਕਾ ਸੁਸ਼ੋਭਤ ਹੈ। ਅੱਜ ਓਸੇ ਧਰਤੀ 'ਤੇ ਮਹਾਂਪੁਰਸ਼ਾਂ ਦੀ ਅਰਦਾਸ ਸਦਕਾ, ਬਹੁਤ ਵੱਡਾ ਅਧਿਆਤਮਕ ਕੇਂਦਰ ਵਿਦਿਆ ਦਾ ਸਾਗਰ, 'ਅਕਾਲ ਅਕੈਡਮੀ' ਸੋਹਣੇ ਗੁਲਜ਼ਾਰ ਦੀ ਤਰ੍ਹਾਂ ਗਿਆਨ ਰੂਪੀ ਮਹਿਕ ਵੰਡ ਰਿਹਾ ਹੈ। ਏਥੇ ਸੰਸਾਰ ਭਰ ਵਿੱਚੋਂ ਹਜਾਰਾਂ ਦੀ ਗਿਣਤੀ ਵਿੱਚ ਆਏ ਬੱਚੇ ਬਚੀਆਂ ਦੁਨਿਆਵੀ ਅਤੇ ਗੁਰਮਤਿ ਵਿੱਦਿਆ ਪ੍ਰਾਪਤ ਕਰ ਰਹੇ ਹਨ।

ਅੰਤ ਵਿਚ ਆਪਣੀ ਤੁੱਛ ਬੁਧੀ ਅਨੁਸਾਰ ਇਹੋ ਹੀ ਕਹਿ ਸਕਦਾ ਹਾਂ ਕਿ ਸਾਨੂੰ ਵੀ ਇਹ ਮਹਾਨ ਯਾਤਰਾ ਕਰਨ ਅਤੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਦਾ ਸੁਭਾਗਾ ਸਮਾ, ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਪ੍ਰਾਪਤ ਹੋਇਆ ਹੈ ਜਿਸ ਦਾ ਅਸੀਂ ਸਾਰਿਆਂ ਨੇ ਭਰਪੂਰ ਅਨੰਦ ਮਾਣਿਆਂ ਹੈ। ਇਹ ਲਾਜਵਾਬ ਸਫ਼ਰ ਸਾਨੂੰ ਹਮੇਸ਼ਾਂ ਯਾਦ ਰਹੇਗਾ। ਧੰਨਵਾਦੀ ਹਾਂ ਬੜੂ ਸਾਹਿਬ ਦੇ ਸੁਲਝੇ ਹੋਏ ਗਿਆਨਵਾਨ ਪ੍ਰਬੰਧਕਾਂ ਦਾ, ਜਿਨ੍ਹਾਂ ਨੇ ਹਰ ਪੱਖੋਂ ਸੇਵਾ ਸੰਭਾ਼ਲ ਅਤੇ ਸਹਾਇਤਾ ਕਰਕੇ ਸਾਨੂੰ ਇਸ ਸਫ਼ਲ ਵਿੱਦਿਆ ਮੰਦਰ ਦੀ ਯਾਤਰਾ ਕਰਵਾਈ।

ਧੰਨਵਾਦੀ ਹਾਂ ਸੰਤ ਬਾਬਾ ਇਕਬਾਲ ਸਿੰਘ ਜੀ ਮਹਾਂਰਾਜ ਦਾ, ਜਿਨ੍ਹਾਂ ਨੇ ਆਪਣੇ ਵਡਮੁੱਲੇ ਸਮੇ ਵਿਚੋਂ ਲੋੜ ਤੋਂ ਵੀ ਵੱਧ ਸਮਾ ਦਾਸਾਂ ਨੂੰ ਦਿਤਾ। ਮਾਣ ਸਤਿਕਾਰ ਦੇ ਕੇ ਅਤੇ ਆਪਣੇ ਪ੍ਰਭਾਵਸ਼ਾਲੀ ਪਵਿਤਰ ਬਚਨਾਂ ਨਾ਼ਲ ਨਿਹਾਲ ਕੀਤਾ। ਅਤੇ ਗੁਰੂ ਘਰ ਵੱਲੋਂ ਸਿਰੋਪਾ ਬਖ਼ਸ਼ ਕੇ ਨਿਵਾਜਿਆ।

ਸਰਬ ਸ਼ਕਤੀਮਾਨ, ਬਖ਼ਸ਼ਿੰਦ ਪਰਮ ਪਿਤਾ ਅਕਾਲ ਪੁਰਖ ਅਗੇ ਬੇਨਤੀ ਹੈ ਕਿ ਮਹਾਂਪੁਰਸ਼ਾਂ ਨੂੰ ਹੋਰ ਵੀ ਲੰਮੀ ਉਮਰ ਬਖਸ਼ਣ ਤਾਂ ਕਿ ਇਹ ਆਪਣੇ ਅਨਭਵੀ ਜੀਵਨ ਅਤੇ ਵਡਮੁੱਲੇ ਗਿਆਨ ਦੁਆਰਾ ਲੋਕਾਈ ਨੂੰ ਦੁਨਿਆਵੀ ਅਤੇ ਅਧਿਆਤਮਿਕ ਗਿਆਨ ਰਾਹੀਂ ਹੋਰ ਵੀ ਚੰਗੇਰੀ ਸੇਧ ਦੇ ਸਕਣ।

# ਸਲੂਨ ਦੇ ਸੁਹੱਪਣ ਨੂੰ 'ਗੁਰਬਤ ਦੀ ਮਾਰ'

-ਜੁਗਿੰਦਰ ਸੰਧੂ

ਸਲੂਨ ਵੀ ਜੰਮੂ-ਕਸ਼ਮੀਰ ਦੇ ਹੋਰਨਾਂ ਪਿੰਡਾਂ ਵਰਗਾ ਹੈ, ਜਿੱਥੋਂ ਦੇ ਲੋਕਾਂ ਦੀ ਰਹਿਣੀ-ਬਹਿਣੀ ਸਾਦੀ ਅਤੇ ਸਾਫ-ਸੁਥਰੀ ਹੈ। ਭਾਈਚਾਰਕ ਸਾਂਝ ਅਤੇ ਆਪਸੀ ਰਿਸ਼ਤੇ ਬੇਮਿਸਾਲ ਹਨ। ਕਿਸੇ ਦੇ ਪੈਰ ਵਿੱਚ ਕੰਡਾ ਵੀ ਚੁੱਭੇ ਤਾਂ ਸਾਰਾ ਪਿੰਡ ਉਸ ਦਾ ਹਾਲ ਚਾਲ ਪੁੱਛਣ ਬਹੁੜਦਾ ਹੈ। ਲੋਕ ਪੈਸੇ ਪਿੱਛੇ ਉਸ ਤਰ੍ਹਾਂ ਨਹੀਂ ਦੌੜਦੇ, ਜਿਵੇਂ ਦੇਸ਼ ਜਾਂ ਸੂਬੇ ਦੇ ਵੱਡੇ ਸ਼ਹਿਰਾਂ ਤੇ ਹੋਰ ਖੇਤਰਾਂ ਵਿੱਚ ਮਾਰਧਾੜ ਲੱਗੀ ਜਾਪਦੀ ਹੈ। ਮਿਹਨਤ-ਮਜ਼ਦੂਰੀ ਲੋਕਾਂ ਦੇ ਅੰਗ-ਸੰਗ ਹੈ ਅਤੇ ਇਸ 'ਚੋਂ ਜੋ ਰੁੱਖੀ-ਮਿੱਸੀ ਜੁੜਦੀ ਹੈ, ਉਸੇ ਨੂੰ 'ਚੂਰੀ' ਸਮਝ ਕੇ ਖਾ ਲੈਂਦੇ ਹਨ। ਜੰਮੂ ਖੇਤਰ ਦੇ ਜ਼ਿਲ੍ਹਾ ਰਿਆਸੀ ਦੇ ਬਲਾਕ ਪੋਨੀ ਨਾਲ ਸੰਬੰਧਤ ਹੈ ਪਿੰਡ ਸਲੂਨ, ਜਿਸ ਵਿੱਚ 60-70 ਘਰ ਅਤੇ ਢਾਈ-ਤਿੰਨ ਸੌ ਦੇ ਕਰੀਬ ਆਬਾਦੀ ਹੋਵੇਗੀ। ਇਹ ਕੁਦਰਤ ਦਾ ਵਰਦਾਨ ਕਿਹਾ ਜਾ ਸਕਦਾ ਹੈ ਕਿ ਜਿੱਥੇ ਅਜੋਕੇ ਸਮਾਜ ਵਿੱਚ ਪੈਸੇ ਦੀ ਖਾਤਰ ਲੋਕ ਰਿਸ਼ਤਿਆਂ ਦਾ ਘਾਣ ਕਰ ਰਹੇ ਹਨ, ਇੱਕ ਦੂਜੇ ਦਾ ਖੂਨ ਵਹਾ ਰਹੇ ਹਨ, ਉਥੇ ਇਸ ਪਿੰਡ ਦੇ ਲੋਕ ਮਾਲਾ ਵਿੱਚ ਪਰੋਏ ਮਣਕਿਆਂ ਵਾਂਗ 'ਅਪਣੱਤ' ਦੇ ਸੂਤਰ 'ਚ ਬੱਝੇ ਹੋਏ ਹਨ।

ਇਸ ਪਿੰਡ ਦੀ ਇੱਕ ਹੋਰ ਵਿਲੱਖਣਤਾ ਅਤੇ ਵਿਸ਼ੇਸ਼ਤਾ ਉਸ ਨੂੰ ਕੁਦਰਤ ਦਾ ਬਖਸ਼ਿਆ ਸੁਹੱਪਣ ਹੈ। ਖੂਬਸੂਰਤ ਪਹਾੜੀ ਨਜ਼ਾਰੇ, ਹਰਿਆਵਲ ਭਰੇ ਰੁੱਖ-ਬੂਟੇ, ਮਹਿਕਾਂ ਵੰਡਦੀਆਂ ਪੌਣਾਂ, ਪਿਆਰ-ਮੁਹੱਬਤ ਦਾ ਸੁਨੇਹਾ ਦੇਣ ਵਾਲਾ ਝਨਾਂ ਦਰਿਆ ਤੇ ਵਾਤਾਵਰਣ ਵਿੱਚ ਸੰਗੀਤ ਘੋਲਦੇ ਪੰਛੀ। ਬੜਾ ਅਜਬ ਨਜ਼ਾਰਾ ਹੈ ਇਸ ਪਿੰਡ ਤੇ ਆਸਪਾਸ ਵੱਸਦੇ ਰਿਆਸੀ ਜ਼ਿਲ੍ਹੇ ਦੇ ਹੋਰ ਪਿੰਡਾਂ ਅਤੇ ਖੇਤਰਾਂ ਦਾ।

ਇਸ ਪਿੰਡ ਦੇ ਲੋਕਾਂ ਨੂੰ ਮਿਲਣ, ਉਨ੍ਹਾਂ ਦੇ ਸੁਭਾਅ ਨੂੰ ਜਾਨਣ ਅਤੇ ਚੌਗਿਰਦੇ ਵਿੱਚ ਫੈਲੀਆਂ ਸੁਗੰਧੀਆਂ ਨੂੰ ਮਹਿਸੂਸ ਕਰਨ ਦਾ ਮੌਕਾ ਉਦੋਂ ਮਿਲਿਆ, ਜਦੋਂ ਮੀਡੀਆ ਟੀਮ ਨਾਲ ਟਰੱਕ ਦੀ ਰਾਹਤ ਸਮੱਗਰੀ ਵੰਡਣ ਲਈ ਉਥੇ ਜਾਣ ਦਾ ਮੌਕਾ ਮਿਲਿਆ। ਸਾਦਗੀ ਅਤੇ ਸੁਹੱਪਣ ਦੀ ਮਿਸਾਲ ਦੇਣੀ ਹੋਵੇ ਤਾਂ ਸਲੂਨ ਦਾ ਕੋਈ ਜਵਾਬ ਨਹੀਂ। ਲੋਕਾਂ ਵਿੱਚ ਸਬਰ ਸਿਦਕ, ਸੰਘਰਸ਼ ਦੀ ਸਮਰੱਥਾ, ਪ੍ਰਮਾਤਮਾ ਦੀ ਇਬਾਦਤ ਦਾ ਜਜ਼ਬਾ, ਸੱਚਾਈ-ਈਮਾਨਦਾਰੀ ਉੱਤੇ ਪਹਿਰਾ ਦੇਣ ਦੀ ਦ੍ਰਿੜ੍ਹਤਾ ਅਤੇ ਮੁਹੱਬਤ ਭਰੀਆਂ ਸਾਂਝਾਂ, ਸਭ ਕਮਾਲ ਹਨ।

ਸਲੂਨ ਉਸ ਖੇਤਰ ਦੇ ਦਰਜਨਾਂ ਪਿੰਡਾਂ ਦਾ ਪ੍ਰਤੀਕ ਹੈ, ਜਿਨ੍ਹਾਂ ਦੇ ਖੂਬਸੂਰਤ ਚਿਹਰੇ ਉੱਤੇ ਮੰਦਹਾਲੀ ਦੇ ਧੱਬੇ ਵੀ ਸਾਫ ਝਲਕਦੇ ਹਨ। ਰੋਜ਼ੀ-ਰੋਟੀ ਵੀ ਲੋੜ ਅਨੁਸਾਰ ਮਿਲਦੀ ਅਤੇ ਬਾਕੀ ਬਹੁਤ ਸਾਰੀਆਂ ਬੁਨਿਆਦੀ ਸਹੂਲਤਾਂ ਦਾ ਨਾਂ-ਨਿਸ਼ਾਨ ਨਹੀਂ ਹੈ। ਜੇ ਇਹ ਇਲਾਕਾ ਕਿਸੇ ਪੱਛਮੀ ਦੇਸ਼ ਨਾਲ ਸੰਬੰਧਤ ਹੁੰਦਾ ਤਾਂ ਟੂਰਿਜ਼ਮ ਦੇ ਨਕਸ਼ੇ 'ਤੇ ਸੰਸਾਰ-ਪ੍ਰਸਿੱਧ ਹੁੰਦਾ। ਸਭ ਪਾਸੇ ਇਸ ਦੇ ਖੂਬਸੂਰਤ ਦ੍ਰਿਸ਼ ਅਤੇ ਨਜ਼ਾਰੇ ਛਾਏ ਹੋਣੇ ਸਨ।

ਅੱਜ ਕੱਲ੍ਹ ਨਾ ਢੰਗ ਦੀਆਂ ਸੜਕਾਂ, ਨਾ ਸਿਹਤ ਸਹੂਲਤਾਂ, ਨਾ ਚੰਗੇ ਸਕੂਲ, ਨਾ ਰੋਜ਼ਗਾਰ, ਨਾ ਕਾਰੋਬਾਰ। ਵਧੀਆ ਹੋਟਲਾਂ, ਹਵਾਈ ਅੱਡਿਆਂ, ਵਧੀ ਢੰਗ ਨਾਲ ਵਿਕਸਿਤ ਸੈਰਗਾਹਾਂ ਦਾ ਸੁਫਨਾ ਨਹੀਂ ਲਿਆ ਜਾ ਸਕਦਾ। ਸੂਬਾ ਸਰਕਾਰ ਜਾਂ ਕੇਂਦਰ ਸਰਕਾਰ ਦਾ ਕਦੇ ਇਸ ਪਾਸੇ ਧਿਆਨ ਨਹੀਂ ਗਿਆ ਹੋਵੇਗਾ ਜਾਂ ਉਨ੍ਹਾਂ ਨੂੰ ਸਿਆਸੀ ਪੈਂਤੜੇਬਾਜ਼ੀਆਂ, ਸੱਤਾ ਹਥਿਆਉਣ ਦੀ ਦੌੜ ਅਤੇ ਨੋਟਾਂ ਨਾਲ ਆਪਣੇ ਅਟੈਚੀ ਭਰਨ ਤੋਂ ਇਲਾਵਾ ਹੋਰ ਕਿਸੇ ਕੰਮ ਲਈ ਫੁਰਸਤ ਨਹੀਂ ਹੋਵੇਗੀ। ਹੋਰ ਅਨੇਕਾਂ ਖੇਤਰਾਂ ਵਾਂਗ ਜੰਮੂ ਦੇ ਇਲਾਕੇ ਵਿੱਚ ਵੱਸਦੇ ਲੋਕ ਵੀ ਸਿਆਸੀ ਨੇਤਾਵਾਂ ਲਈ ਸਿਰਫ ਵੋਟਰ ਹੀ ਹਨ। ਇਹ ਆਧੁਨਿਕ ਯੁੱਗ, ਪਾਤਾਲ ਦੀਆਂ ਚੁੱਭੀਆਂ ਅਤੇ ਆਕਾਸ਼ ਦੀਆਂ ਉਡਾਰੀਆਂ ਸਲੂਨ ਦੇ ਲੋਕਾਂ ਦੀ ਸੋਚ ਅਤੇ ਮੁਕੱਦਰ ਦੀ ਸੀਮਾ ਰੇਖਾ ਤੋਂ ਦੂਰ ਦੀਆਂ ਗੱਲਾਂ ਹੀ ਜਾਪਦੀਆਂ ਹਨ।

ਜੰਮੂ-ਕਸ਼ਮੀਰ ਦੀ 85 ਫੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਜਿਸ ਦੀ ਰੋਜ਼ੀ-ਰੋਟੀ ਦਾ ਆਧਾਰ ਖੇਤੀ ਹੈ। ਇਲਾਕੇ ਦੀ ਧਰਤੀ ਉਪਜਾਊ ਹੈ, ਵਾਤਾਵਰਣ ਵੀ ਫਸਲਾਂ ਲਈ ਢੁੱਕਵਾਂ ਹੈ, ਪਰ ਖੇਤੀ ਦੀ ਹਾਲਤ ਫਿਰ ਵੀ ਤਰਸਯੋਗ ਹੈ ਤਾਂ ਉਸ ਦੇ ਅਨੇਕਾਂ ਕਾਰਨ ਹਨ। ਪਹਿਲਾ ਮੁੱਖ ਕਾਰਨ ਇਹ ਹੈ ਕਿ ਇਸ ਖੇਤਰ ਦੀ ਸਾਰੀ ਖੇਤੀਬਾੜੀ ਬਰਸਾਤ 'ਤੇ ਨਿਰਭਰ ਕਰਦੀ ਹੈ। ਸਿਰਫ ਸੱਤ ਫੀਸਦੀ ਜ਼ਮੀਨ ਸਿੰਚਾਈ ਅਧੀਨ ਹੈ, ਇਸ ਤੋਂ ਜ਼ਿਆਦਾ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ। ਇਸ ਹਾਲਤ ਵਿੱਚ ਫਸਲਾਂ ਦੀ ਕਾਸ਼ਤ ਅਤੇ ਪੈਦਾਵਾਰ ਹਮੇਸ਼ਾ ਬਾਰਿਸ਼ 'ਤੇ ਨਿਰਭਰ ਹੁੰਦੀ ਹੈ। ਜੇ ਬਾਰਿਸ਼ ਠੀਕ ਹੋ ਗਈ ਤਾਂ ਫਸਲ ਚੰਗੀ ਹੋਸਕਦੀ ਹੈ, ਨਹੀਂ ਤਾਂ ਬਹੁਤੀ ਵਾਰ ਡੋਬਾ ਜਾਂ ਸੋਕਾ ਹੀ ਭੁਗਤਣਾ ਪੈਂਦਾ ਹੈ।

ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਉਹ ਕਣਕ, ਝੋਨਾ, ਸਰ੍ਹੋਂ, ਕਾਲੇ ਛੋਲਿਆਂ ਅਤੇ ਸਬਜ਼ੀਆਂ ਦੀ ਖੇਤੀ ਕਰਦੇ ਹਨ, ਪਰ ਇਸ ਨਾਲ ਪਰਵਾਰਾਂ ਦਾ ਗੁਜ਼ਾਰਾ ਨਹੀਂ ਹੁੰਦਾ। ਅੰਬਾਂ ਅਤੇ ਨਿੰਬੂ ਜਾਤੀ ਦੇ ਫਲਾਂ ਦੀ ਬਾਗਬਾਨੀ ਹੁੰਦੀ ਹੈ ਅਤੇ ਉੱਚੇ ਪਹਾੜੀ ਖੇਤਰਾਂ ਵਿੱਚ ਸੇਬ, ਬਾਦਾਮ ਤੇ ਅਖਰੋਟ ਵੀ ਹੁੰਦੇ ਹਨ, ਪਰ ਇਸ ਨਾਲ ਆਰਥਿਕਤਾ ਨੂੰ ਪੱਕੇ ਪੈਰੀਂ ਨਹੀਂ ਕੀਤਾ ਜਾ ਸਕਦਾ। ਨਤੀਜੇ ਵਜੋਂ ਹੱਡ ਭੰਨਵੀ ਮਿਹਨਤ ਤੋਂ ਬਾਅਦ ਵੀ ਕਿਸਾਨਾਂ ਦਾ ਖੀਸਾ ਖਾਲੀ ਰਹਿੰਦਾ ਹੈ। ਸਰਕਾਰ ਤੇ ਉਸ ਦਾ ਖੇਤੀ ਵਿਭਾਗ ਫਸਲਾਂ ਦੀ ਠੀਕ ਪੈਦਾਵਾਰ ਲਈ ਕਿਸਾਨਾਂ ਦਾ ਸਹੀ ਮਾਰਗ ਦਰਸ਼ਨ ਨਹੀਂ ਕਰ ਸਕਦਾ। ਛੋਟੇ-ਮੋਟੇ ਤਜਰਬੇ ਸ਼ਹਿਰੀ ਅਤੇ ਨੀਮ-ਸ਼ਹਿਰੀ ਖੇਤਰਾਂ ਵਿੱਚ ਫਸਲਾਂ ਦੀਕਾਸ਼ਤ ਅਤੇ ਨਵੀਆਂ ਕਿਸਮਾਂ ਬਾਰੇ ਕੀਤੇ ਗਏ ਹਨ, ਜਦੋਂ ਕਿ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿੱਚ ਸਭ ਉਪਰ ਵਾਲੇ ਦੀ ਕਿਰਪਾ 'ਤੇ ਹੀ ਨਿਰਭਰ ਹੈ।

ਰਿਆਸੀ ਦੀਆਂ ਜ਼ਮੀਨਾਂ ਵਿੱਚ ਫੁੱਲਾਂ ਦੀ ਖੇਤੀ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਹਨ, ਪਰ ਇਸ ਨੂੰ ਉਤਸ਼ਾਹ ਨਹੀਂ ਦਿੱਤਾ ਜਾ ਸਕਿਆ। ਇਸ ਖੇਤਰ ਦੇ ਬਹੁਤ ਸਾਰੇ ਸੰਸਾਰ ਪ੍ਰਸਿੱਧ ਧਾਰਮਿਕ ਅਸਥਾਨ ਹਨ, ਜਿੱਥੇ ਫੁੱਲਾਂ ਦੀ ਬਹੁਤ ਖਪਤ ਹੋ ਸਕਦੀ ਹੈ। ਇਹ ਲੋੜਾਂ ਵਰਤਮਾਨ ਸਥਿਤੀ 'ਚ ਬਾਹਰੋਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਜੇ ਕਿਸਾਨਾਂ ਨੂੰ ਫੁੱਲਾਂ ਦੀ ਪੈਦਾਵਾਰ ਸੰਬੰਧੀ ਜਾਣਕਾਰੀ ਅਤੇ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਇਸ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਕੁਝ ਸਹਾਰਾ ਮਿਲ ਸਕਦਾ ਹੈ।

ਇਲਾਕੇ ਵਿੱਚ ਹੋਰ ਜੰਗਲੀ ਜਾਨਵਰਾਂ ਦੇ ਨਾਲ ਬਾਂਦਰਾਂ ਦੇ ਝੁੰਡਾਂ ਵੱਲੋਂ ਫਸਲਾਂ ਦਾ ਬਹੁਤ ਨੁਕਸਾਨ ਕੀਤਾ ਜਾਂਦਾ ਹੈ। ਕਿਸਾਨ ਆਪਣੇ ਬਲਬੂਤੇ 'ਤੇ ਇਸ ਤੋਂ ਬਚਾਅ ਕਰਨ ਵਿੱਚ ਅਸਮਰਥ ਹਨ। ਜਾਨਵਰਾਂ ਵੱਲੋਂ ਉਜਾੜੀਆਂ ਫਸਲਾਂ ਦਾ ਕਿਸਾਨਾਂ ਨੂੰ ਯੋਗ ਮੁਆਵਜ਼ਾ ਵੀ ਨਹੀਂ ਮਿਲਦਾ। ਜੰਮੂ ਡਵੀਜ਼ਨ ਵਿੱਚ ਕੁਝ ਮਿਲਾਕੇ 15 ਹਜ਼ਾਰ ਹੈਕਟੇਅਰ ਰਕਬੇ ਵਿੱਚ ਖੇਤੀਬਾੜੀ ਹੁੰਦੀ ਹੈ ਤੇ ਇਸ ਵਿੱਚੋਂ ਕਰੋੜਾਂ ਦੀਆਂ ਫਸਲਾਂ ਜਾਨਵਰ ਬਰਬਾਦ ਕਰ ਜਾਣ ਤਾਂ ਇਲਾਕੇ ਦੀ ਆਰਥਿਕਤਾ ਨੂੰ ਢਾਹ ਲੱਗਦੀ ਹੈ। ਜੇ ਜੰਮੂ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਇਲਾਕੇ ਦੀ ਕਿਰਸਾਨੀ ਦਾ ਵਿਕਾਸ ਯਕੀਨੀ ਕਰਨਾ ਪਵੇਗਾ।

ਸਲੂਨ ਵਿੱਚ ਮੈਨੂੰ ਦੋ ਔਰਤਾਂ ਮਿਲੀਆਂ, ਜਿਨ੍ਹਾਂ ਵੱਲੋਂ ਬੋਲੇ ਕੁਝ ਸ਼ਬਦ ਇੱਕ ਵੱਡੀ ਕਹਾਣੀ ਕਹਿ ਗਏ। ਇਨ੍ਹਾਂ ਵਿੱਚੋਂ ਇੱਕ ਦਾਂ ਨਾਂ ਜੀਨਮਾ ਬੀਬੀ ਸੀ, ਜਿਸ ਦਾ ਜੀਵਨ ਕਿਸ ਵੇਲੇ ਸੰਘਰਸ਼ ਨਾਲ ਇਕਮਿਕ ਹੋ ਗਿਆ, ਉਸ ਨੂੰ ਪਤਾ ਨਹੀਂ ਲੱਗਾ। ਗਫੂਰ ਦੇ ਲੜ ਲੱਗੀ, ਪਰ ਕਿਸਮਤ ਨਹੀਂ ਬਦਲੀ। ਗਫੂਰ ਮਜ਼ਦੂਰੀ ਕਰਦਾ ਹੈ, ਪਰ ਘਰ ਦਾ ਚੁੱਲ੍ਹਾ ਨਹੀਂ ਬਲਦਾ। ਉਹ ਖੁਦ ਮਿਹਨਤ ਕਰਨ ਲੱਗ ਪਈ। ਸਾਰਾ ਦਿਨ ਖੇਤਾਂ ਦੀਆਂ ਵੱਟਾਂ ਤੋਂ ਘਾਹ ਖੋਤਦੀ ਹੈ, ਫਿਰ ਕੁਝ ਰੁਪਿਆਂ ਦਾ ਵੇਚ ਦਿੰਦੀ ਤਾਂ ਲੂਣ-ਤੇਲ ਖਰੀਦਣ ਦਾ ਜੁਗਾੜ ਬਣਦਾ ਹੈ। ਤਪੱਸਿਆ 'ਚ ਤਪਕੇ ਕੁੰਦਨ ਬਣ ਗਈ ਬੀਬੀ ਜੀਨਮਾ, ਪਰ ਸੰਘਰਸ਼ ਜਾਰੀ ਹੈ। ਦੂਜੀ ਔਰਤ ਦਾ ਨਾਂਅ ਰਿਹਾਨਾ ਸੀ, ਜੋ ਪਿੰਡ ਦੀ ਪੰਚ ਹੈ। ਘਰ ਵਾਲਾ ਸਰਕਾਰੀ ਨੌਕਰੀ ਕਰਦਾ ਹੈ, ਰੋਟੀ-ਪਾਣੀ ਦਾ ਜੁਗਾੜ ਹੋ ਜਾਂਦਾ ਹੈ। ਰਿਹਾਨਾ ਹੁਣ ਦੁਖਿਆਰੀਆਂ ਔਰਤਾਂ ਦਾ ਦੁੱਖ-ਦਰਦ ਵੰਡਾਉਣ ਲਈ ਸਾਰਾ ਦਿਨ ਭੱਜ-ਦੌੜ ਕਰਦੀ ਹੈ। ਕਿਸੇ ਦੇ ਬਿਮਾਰ ਬੱਚੇ ਲਈ ਦਵਾਈ-ਕਿਸੇ ਲਈ ਆਟੇ-ਦਾਲ ਦਾ ਪ੍ਰਬੰਧ, ਕਿਸੇ ਨੂੰ ਹੌਸਲਾ, ਪ੍ਰੇਰਨਾ ਦੇਣ ਦੀ ਕਵਾਇਦ ਬੱਸ ਚਲਦੀ ਰਹਿੰਦੀ ਹੈ। ਇਹੀ ਤਾਂ ਜੀਵਨ-ਸੰਘਰਸ਼ ਹੈ।

